ਹਫਤਾਵਾਰੀ
# ਦੇਸ਼ ਦੁਆਬਾ
VOL - 3 ISSUE - 31
April 2, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



ਪ੍ਰਸਿੱਧ ਪੱਤਰਕਾਰ ਜਤਿੰਦਰ ਪੰਨੂ ਦਾ ਕੈਲੀਫੋਰਨੀਆ ਪਹਿਲੀ ਵਾਰ ਪਹੁੰਚਣ ਤੇ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ (ਫਰਿਜ਼ਨੋ) ਵੱਲੋਂ ਨਿੱਘਾ ਸਵਾਗਤ ਤੇ ਸਨਮਾਨ (ਰਿਪੋਰਟ ਅਗਲੇ ਅੰਕ ਵਿਚ ਪੜ੍ਹੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਗੁਰਦੁਆਰਾ ਸਾਹਿਬ ਲਵਿੰਗਸਟਨ ਵਿਖੇ 17ਵਾਂ ਸਾਲਾਨਾ ਨਗਰ ਕੀਰਤਨ






**ਲਵਿੰਗਸਟਨ (ਦੇਸ਼ ਦੁਆਬਾ ਬਿਊਰੋ)–** ਗੁਰਦੁਆਰਾ ਸਾਹਿਬ 2765 ਪੀਚ ਐਵੇਨਿਊ, ਲਵਿੰਗਸਟਨ (ਕੈਲੇਫੋਰ-ਨੀਆ) ਵਿਖੇ ਗੁਰੂ ਪਿਆਰੀ ਸਮੂਹ ਸਾਧ ਸੰਗਤਾਂ ਵੱਲੋਂ ਹੋਲੇ ਮਹੱਲੇ ਦਾ ਪਾਵਨ ਦਿਹਾੜਾ ਮਨਾਉਂਦੇ ਹੋਏ 17ਵਾਂ ਸਲਾਨਾ ਮਹਾਨ ਨਗਰ ਕੀਰਤਨ 29 ਮਾਰਚ 2015 ਨੂੰ ਕੱਢਿਆ ਗਿਆ, ਜਿਸ ਵਿਚ ਇਲਾਕਾ ਨਿਵਾਸੀ ਸੰਗਤਾਂ ਤੋਂ ਇਲਾਵਾ ਦੂਰ ਦੂਰ ਤੋਂ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਸਬੰਧਤ ਗੁਰਦੁਆਰਾ ਸਾਹਿਬ ਵਿਖੇ 27 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 29 ਮਾਰਚ ਦਿਨ ਐਤਵਾਰ ਨੂੰ ਸਵੇਰੇ 9:30 ਵਜੇ ਭੋਗ ਪਾਏ ਗਏ। ਇਸ ਉਪਰੰਤ ਪੰਥ ਦੇ ਮਹਾਨ ਕਥਾਵਾਚਕ, ਢਾਡੀ ਜਥੇ ਤੇ ਕੀਰਤਨੀ ਜਥਿਆਂ ਨੇ ਗੁਰਬਾਣੀ ਦਾ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਜਿਹਨਾਂ ਵਿਚ ਹਜ਼ੂਰੀ ਰਾਗੀ ਜਥਾ ਭਾਈ ਹਰਨਾਮ ਸਿੰਘ ਜੀ, ਭਾਈ ਤਾਜ਼ਵਿੰਦਰ ਸਿੰਘ ਜੀ (ਹਜ਼ੂਰੀ ਰਾਗੀ ਹਰਿਮੰਦਰ ਸਾਹਿਬ, ਅੰਮ੍ਰਿਤਸਰ), ਭਾਈ ਹਰਪ੍ਰੀਤ ਸਿੰਘ ਜੀ (ਵੈਸਟ ਸੈਕਰਾਮੈਂਟੋ ਕੈਲੇਫੋਰਨੀਆ) ਅਤੇ ਢਾਡੀ ਜਥਾ ਭਾਈ ਹਰਬੰਸ ਸਿੰਘ ਜੀ ਬਿਲਗੇ ਵਾਲੇ ਆਦਿ ਨਾਂ ਵਰਣਨਯੋਗ ਹਨ।

*(ਰਿਪੋਰਟ ਸਫਾ 22 ਤੇ ਅਤੇ ਤਸਵੀਰਾਂ ਸਫਾ 12 ਤੇ ਦੇਖੋ)*

## ਧੂਰੀ ਉਪ ਚੋਣ- ਅਕਾਲੀ ਹੋਏ ਸਰਗਰਮ, ਕਾਂਗਰਸ ਹਾਲੇ ਢਿੱਲੀ

**ਧੂਰੀ–** ਪੰਜਾਬ 'ਚ ਉਪ ਚੋਣ ਧੂਰੀ ਨੂੰ ਲੈ ਕੇ ਜਿੱਥੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਜਿੱਤ ਦੇ ਦਾਅਵੇ ਕਰਨ ਦੇ ਨਾਲ-ਨਾਲ ਪੂਰੀ ਤਰ੍ਹਾਂ ਹਲਕੇ 'ਚ ਛਾ ਗਿਆ ਹੈ ਅਤੇ ਮੁੱਖ ਮੰਤਰੀ ਦੀ ਹਲਕੇ 'ਚ ਰਾਜਸੀ ਗਰਜ ਧੂਰੀ ਹਲਕੇ ਵਿਚ ਸੁਣਾਈ ਦੇਣ ਲੱਗ ਪਈ ਹੈ। ਇਥੇ ਹੀ ਬੱਸ ਨਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਲਾਮ-ਲਕਸ਼ਰ ਨਾਲ ਹਲਕੇ 'ਚ ਆ ਰਹੇ ਹਨ। ਮਾਲ ਮੰਤਰੀ ਬਿਕਰ-ਮਜੀਤ ਮਜੀਠੀਆ ਦੇ ਭਲਕੇ ਧੂਰੀ ਆਉਣ ਦੇ ਆਸਾਰ ਹਨ। ਜਦੋਂ ਕਾਂਗਰਸ ਪਾਰਟੀ ਵਲੋਂ ਅਜੇ ਤੱਕ ਹਲਕੇ ਅਤੇ ਲੋਕਾਂ ਦੀ ਮੰਗ ਕੈਪਟਨ ਅਮਰਿੰਦਰ ਸਿੰਘ ਧੂਰੀ ਤੋਂ ਦੂਰੀ ਬਣਾ ਕੇ ਚੱਲ ਰਹੇ ਹਨ। ਭਾਵੇਂ ਮੀਡੀਆ 'ਚ ਉਨ੍ਹਾਂ ਦੇ ਹਲਕੇ 'ਚ ਆਉਣ ਦੀਆਂ ਨਾਂਹ ਪੱਖੀ ਖਬਰਾਂ ਆ ਰਹੀਆਂ ਹਨ। ਇਸ ਬਾਰੇ ਭਾਵੇਂ ਕੈਪਟਨ ਅਮਰਿੰਦਰ ਨੇ ਅਜੇ ਤੱਕ ਕਿਸੇ ਤਰ੍ਹਾਂ ਦਾ ਇਸ਼ਾਰਾ ਨਹੀਂ ਕੀਤਾ ਪਰ ਧੂਰੀ ਹਲਕੇ ਵਿਚ ਇਹ ਚਰਚਾ ਜ਼ਰੂਰ ਛਿੜੀ ਹੈ ਕਿ ਜੇਕਰ ਕੈਪ. ਅਮਰਿੰਦਰ ਸਿੰਘ ਧੂਰੀ ਆ ਕੇ ਸਿਮਰਪ੍ਰਤਾਪ ਦੇ ਹੱਕ 'ਚ ਮੋਰਚਾ ਸੰਭਾਲਦੇ ਹਨ ਤਾਂ ਮਰੀ ਪਈ ਕਾਂਗਰਸ 'ਚ ਜਾਨ ਪੈ ਸਕਦੀ ਹੈ।

ਬਾਕੀ ਕੈਪ. ਅਮਰਿੰਦਰ ਸਿੰਘ ਕਦੋਂ ਆਉਂਦੇ ਨੇ ਇਸ ਬਾਰੇ ਉਹ ਆਪ ਹੀ ਦੱਸ ਸਕਦੇ ਹਨ ਪਰ ਰਾਜਸੀ ਪੰਡਤਾਂ ਨੇ ਧੂਰੀ ਬਾਰੇ ਆਪਣੀ ਚੁੱਪ ਤੋੜਦਿਆਂ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਕੈਪ. ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਨਾਲ ਗੂੜ੍ਹੀ ਸਾਂਝ ਰੱਖਦੇ ਹਨ ਅਤੇ 1986 'ਚ ਬਣੀ ਬਰਨਾਲਾ ਸਰਕਾਰ 'ਚ ਕੈਪਟਨ ਅਮਰਿੰਦਰ ਸਿੰਘ ਬਤੌਰ ਖੇਤੀਬਾੜੀ ਮੰਤਰੀ ਉਨ੍ਹਾਂ ਨਾਲ ਕੰਮ ਕਰ ਚੁੱਕੇ ਹਨ। ਰਾਜਸੀ ਪੰਡਤਾਂ ਨੇ ਕਿਹਾ ਕਿ ਕੈਪਟਨ ਦੀ ਬਰਨਾਲੇ ਪਰਿਵਾਰ ਨਾਲ ਪੁਰਾਣੀ ਸਾਂਝ ਅਤੇ ਯਾਰੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਆਉਣ ਵਾਲੇ ਦਿਨਾਂ 'ਚ ਕੈਪਟਨ ਬਰਨਾਲਾ ਪਰਿਵਾਰ ਨਾਲ ਪੁਰਾਣੀ ਯਾਰੀ ਨਿਭਾਉਣਗੇ ਜਾਂ ਧੂਰੀ 'ਚ ਹੋਰ ਦੂਰੀ ਵਧਾਉਣਗੇ। ਜਦੋਂ ਕਿ ਪੀ. ਪੀ. ਪੀ. ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਤੇ ਹੋਰ ਹਮ ਖਿਆਲੀ ਪਾਰਟੀਆਂ ਦੇ ਨੇਤਾ ਕਾਂਗਰਸੀ ਉਮੀਦਵਾਰ ਦੀ ਚੋਣ 'ਚ ਡੱਟ ਗਏ ਹਨ ਅਤੇ ਦੂਸਰੇ ਪਾਸਿਓਂ ਸ਼੍ਰੋਮਣੀ ਅਕਾਲੀ ਦਲ ਵੀ ਧੂਰੀ ਸੀਟ ਜਿੱਤ ਕੇ ਸਾਰੀਆਂ ਪਾਰਟੀਆਂ ਨੂੰ ਹਰਾਉਣ ਲਈ ਇਕ ਵੱਡੀ ਪਾਰੀ ਖੇਡਣ ਦੇ ਰੌਅ 'ਚ ਦੱਸਿਆ ਜਾ ਰਿਹਾ ਹੈ। ਬਾਕੀ ਇਸ ਹਲਕੇ ਦੇ ਵੋਟਰ ਜੋ ਆਮ ਪਾਰਟੀ, ਬਸਪਾ ਅਤੇ ਡੇਰਾ ਪ੍ਰੇਮੀ ਕਿਸ ਵੱਲ ਹੁੰਗਾਰਾ ਭਰਦੇ ਹਨ। ਹਾਰ-ਜਿੱਤ ਇਨ੍ਹਾਂ ਦੇ ਹੁੰਗਾਰੇ 'ਤੇ ਨਿਰਭਰ ਹੋਵੇਗੀ।

## ਬਾਦਲ ਤੇ ਅਡਵਾਨੀ ਨੂੰ ਪਦਮ ਵਿਭੂਸ਼ਨ ਪ੍ਰਦਾਨ



ਨਵੀਂ ਦਿੱਲੀ– ਉਘੇ ਸਿੱਖਿਆ ਮਾਹਿਰ ਅਤੇ ਆਜ਼ਾਦੀ ਘੁਲਾਟੀਏ ਮਦਨ ਮੋਹਨ ਮਾਲਵੀਆ ਨੂੰ ਮਰਨੋਪਰਾਂਤ ਦੇਸ਼ ਦੇ ਸਭ ਤੋਂ ਵੱਡੇ ਨਾਗਰਿਕ ਪੁਰਸਕਾਰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਇਹ ਪੁਰਸਕਾਰ ਪੰਡਤ ਮਾਲਵੀਆ ਦੇ ਪਰਵਾਰਿਕ ਮੈਂਬਰਾਂ ਨੂੰ ਦਿੱਤਾ। ਇਸ ਦੌਰਾਨ ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਹੋਰ ਹਸਤੀਆਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ।

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

AAA AUTO AND BODY WORKS
Jasbir S. Takhar
Harman Singh
yelp
Free Towing Available
Mechanical, Body & Paint Repair
We work directly with these & more!
AAA StateFarm FARMERS INSURANCE
Allstate Affirmative Insurance Services Ameriprise Insurance GEICO
P: 510.733.2222 • C: 510.755.2132 • AAAauto510@gmail.com


SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
MANDEEP SANDHU
msandhu2014@gmail.com
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਸਿਟੀ ਆਫ ਸੈਨ ਹੋਜ਼ੇ ਦੇ ਡਿਸਟ੍ਰਿਕਟ 4 ਤੋਂ ਕੌਂਸਲ ਮੈਂਬਰ ਬਣਨ ਲਈ ਦਸਤਾਰਧਾਰੀ ਸਿੱਖ ਉਮੀਦਵਾਰ ਭੁਪਿੰਦਰ ਸਿੰਘ ਢਿੱਲੋਂ ਨੂੰ

## ਵੋਟਾਂ ਪਾਉਣ ਦੀ ਅਪੀਲ

ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਸਿਟੀ ਆਫ ਸੈਨ ਹੋਜ਼ੇ (ਕੈਲੀਫੋਰਨੀਆ) ਦੇ ਡਿਸਟ੍ਰਿਕਟ 4 ਤੋਂ ਕੌਂਸਲ ਮੈਂਬਰ ਬਣਨ ਲਈ ਦਸਤਾਰਧਾਰੀ ਉਮੀਦਵਾਰ ਸ: ਭੁਪਿੰਦਰ ਸਿੰਘ (ਬੌਬ ਢਿੱਲੋਂ) ਨੂੰ ਵੋਟਾਂ ਪਾ ਕੇ ਕਾਮਯਾਬ ਬਣਾਓ ਜੀ। ਸ: ਭੁਪਿੰਦਰ ਸਿੰਘ ਢਿੱਲੋਂ ਨੂੰ ਜਿਤਾਏ ਜਾਣ ਨਾਲ ਸਿੱਖਾਂ ਦਾ ਅਮਰੀਕਾ ਦੇ ਸਿਸਟਮ ਵਿਚ ਆਉਣ ਲਈ ਇਕ ਨਵਾਂ ਰਾਹ ਖੁੱਲ੍ਹੇਗਾ, ਜਿਸ ਨਾਲ ਸਾਡੇ ਸਿੱਖ ਭਾਈਚਾਰੇ ਨੂੰ ਹੋਰ ਚੋਣਾਂ ਲੜਨ ਲਈ ਵੀ ਉਤਸ਼ਾਹ ਮਿਲੇਗਾ। ਆਓ ਆਪਾਂ ਰਲ-ਮਿਲ ਕੇ 7 ਅਪ੍ਰੈਲ ਨੂੰ ਆਪਣਾ ਕੀਮਤੀ ਵੋਟ ਸ. ਭੁਪਿੰਦਰ ਸਿੰਘ ਢਿੱਲੋਂ (ਬੌਬ ਢਿੱਲੋਂ) ਨੂੰ ਦੇ ਕੇ ਕਾਮਯਾਬ ਬਣਾਈਏ।





ਵੱਲੋਂ ਪ੍ਰੀਤਮ ਸਿੰਘ ਗਰੇਵਾਲ
ਉਘੇ ਬਿਜਨਸਮੈਨ

# Golden State Truck Sales Inc.

ਸਾਡੇ ਕੋਲ ਟਰੱਕ, ਟਰੇਲਰ ਖਰੀਦਣ ਵੇਚਣ ਅਤੇ ਲੋਨ ਕਰਾਉਣ ਲਈ ਮਿਲੋ।
ਅਸੀਂ ਆਪ ਜੀ ਦੀ ਪੂਰੀ ਸਹਾਇਤਾ ਕਰਾਂਗੇ।

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

Call : Dharminder Singh

Cell : 530-870-6600
Fax : 530-405-1429



Buy Quality Used Trucks



2535 Front St.
West Sacramento, CA 95691
email: myfuturetruck@gmail.com

# ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਚ ਅਪ੍ਰੈਲ ਮਹੀਨੇ ਦੇ ਹੋਣ ਵਾਲੇ ਪ੍ਰੋਗਰਾਮ

**ਨਿਊਯਾਰਕ–** ਗੁਰੂ ਰਵਿਦਾਸ ਗੁਰੂ ਘਰ 61-01 ਬਰਾਡਵੇ ਨਿਊਯਾਰਕ ਵਿਖੇ ਪ੍ਰਬੰਧਕੀ ਸੇਵਾਦਾਰਾਂ ਨੇ ਸਾਧ ਸੰਗਤ ਦੇ ਸਹਿਯੋਗ ਨਾਲ ਅਪ੍ਰੈਲ ਮਹੀਨੇ ਵਿਚ ਆ ਰਹੇ ਮਹਾਨ ਦਿਹਾੜਿਆਂ ਨੂੰ ਹੇਠ ਲਿਖੇ ਅਨੁਸਾਰ ਮਨਾਉਣ ਲਈ ਪ੍ਰੋਗਰਾਮ ਉਲੀਕੇ ਹਨ।

5 ਅਪ੍ਰੈਲ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ।

2. 12 ਅਪ੍ਰੈਲ ਦਿਨ ਐਤਵਾਰ ਨੂੰ ਖਾਲਸੇ ਦਾ ਪ੍ਰਗਟ ਦਿਵਸ ਵਿਸਾਖੀ ਅਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ।

19 ਅਪ੍ਰੈਲ ਦਿਨ ਐਤਵਾਰ ਨੂੰ ਭਾਰਤ ਰਤਨ ਡਾ. ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਜਾਵੇਗਾ।

26 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਅਤੇ ਗਿਆਨੀ ਦਿੱਤ ਸਿੰਘ ਦਾ ਜਨਮ ਦਿਨ ਮਨਾਇਆ ਜਾਵੇਗਾ।

ਇਹਨਾਂ ਸਾਰੇ ਪ੍ਰੋਗਰਾਮਾਂ ਵਿਚ ਗੁਰੂ ਦੇ ਕੀਰਤਨੀਏ, ਕਥਾਵਾਚਕ, ਢਾਡੀ ਸਾਹਿਬਾਨ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰੂ ਵਿਚਾਰਾਂ ਨਾਲ ਜੋੜਨਗੇ। ਬੁਲਾਰੇ ਆਪਣੇ ਵਿਚਾਰਾਂ ਨਾਲ ਸਾਂਝ ਪਾਉਣਗੇ। ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਸੰਗਤਾਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। **ਸਮੂਹ ਪ੍ਰਬੰਧਕੀ ਸੇਵਾਦਾਰ**

# ਦਸਤਾਰਧਾਰੀ ਸਿੱਖ ਨੂੰ ਵੋਟਾਂ ਪਾਉਣ ਦੀ ਅਪੀਲ

**ਸੈਨਹੋਜੇ–** ਗੁਰਦੁਆਰਾ ਸਾਹਿਬ ਦੇ ਜਰਨਲ ਸਕੱਤਰ ਸਰਦਾਰ ਭੁਪਿੰਦਰ ਸਿੰਘ ਢਿੱਲੋਂ ਜੋ ਕਿ ਸਿਟੀ ਆਫ ਸੈਨਹੋਜੇ ਲਈ ਕੌਂਸ਼ਲ ਮੈਂਬਰ ਬਣਨ ਲਈ ਡਿਸਟ੍ਰਿਕ 4 ਤੋਂ ਚੋਣ ਲੜ ਰਹੇ ਹਨ। ਸਰਦਾਰ ਢਿੱਲੋਂ ਅਗਰ ਚੋਣ ਜਿੱਤ ਜਾਂਦੇ ਹਨ ਤਾਂ ਸਿਟੀ ਆਫ ਸੈਨਹੋਜੇ ਵਿੱਚ ਭਾਰਤੀ ਭਾਈਚਾਰੇ ਖਾਸ ਕਰਕੇ ਸਿੱਖਾ ਦੇ ਬਹੁਤ ਸਾਰੇ ਮਸਲੇ ਆਪਣੇ ਆਪ ਹੀ ਹੱਲ ਹੋ ਸਕਦੇ ਹਨ ਦੂਸਰਾ ਅਮਰੀਕੀ ਸਿਸਟਮ ਵਿੱਚ ਸਿੱਖਾ ਦੀ ਪਛਾਣ ਲਈ ਜਿੱਤਣਾ ਜ਼ਰੂਰੀ ਵੀ ਹੈ। ਸਰਦਾਰ ਢਿੱਲੋਂ ਇਕ ਦਰਵੇਸ਼ ਅਤੇ ਇਮਾਨਦਾਰ ਸਿਆਸਤਦਾਨ ਹਨ। ਸਰਦਾਰ ਢਿੱਲੋਂ ਦੀ ਸੋਚ ਸੀ ਕਿ ਅਮਰੀਕਾ ਵਿੱਚ ਇਕ ਇਸ ਤਰਾਂ ਦੇ ਗੁਰਦੁਆਰਾ ਸਾਹਿਬ ਦੀ ਸਿਰਜਨਾ ਹੋਵੇ ਜੋ ਸਿੱਖੀ ਪ੍ਚਾਰ ਪਸਾਰ ਦਾ ਵੱਡਾ ਕੇਂਦਰ ਬਣ ਸਕੇ ! ਪਹਿਲਾਂ ਉਨਾਂ ਪਹਾੜੀ ਉਪਰ ਬਿਨਾਂ ਕਮਿਸ਼ਨ 40 ਏਕੜ ਜ਼ਮੀਨ ਖਰੀਦ ਕੇ ਗੁਰਦੁਆਰਾ ਸਾਹਿਬ ਨੂੰ ਸੌਂਪੀ। ਜਿਸ ਵੇਲੇ ਜਮੀਨ ਖਰੀਦੀ ਅਤੇ ਗੁਰਦੁਆਰਾ ਸਾਹਿਬ ਦਾ ਨੀਂਹ ਪੱਥਰ ਰੱਖਣ ਦੀ ਤਿਆਰੀ ਹੋਈ ਤਾਂ ਕਈ ਸਮੱਸਿਆਵਾਂ ਆਈਆਂ ਪਰ ਢਿੱਲੋਂ ਸਾਹਿਬ ਦਾ ਅਮਰੀਕਨ ਰਾਜਨੀਤੀ ਵਿੱਚ ਅਸਰ ਰਸੂਖ ਹੋਣ ਕਰਕੇ ਸਭ ਹੱਲ ਕਰਵਾਈਆਂ। ਗੁਰ ਚਰਨਾ ਵਿੱਚ ਕੀਤੀ ਅਰਦਾਸ ਸੰਗਤਾਂ ਦਾ ਸਹਿਯੋਗ ਅਤੇ ਪਿਆਰ ਸਦਕਾ , ਦ੍ਰਿੜ ਇਰਾਦੇ ਅਤੇ ਵਿਸ਼ਵਾਸ ਨਾਲ ਕਾਰਜ ਅਰੰਭ ਕਰ ਦਿੱਤਾ। ਢਿੱਲੋਂ ਸਾਹਿਬ ਨੇ ਆਪਣਾ ਘਰ ਦਾ ਕੰਮਕਾਜ ਛੱਡ ਕੇ ਦਿਨ ਰਾਤ ਇਕ ਕਰਕੇ ਪਹਾੜੀ ਉੱਪਰ 40 ਏਕੜ ਵਿੱਚ ਸ਼ਾਨਦਾਰ ਗੁਰਦੁਆਰਾ ਸਾਹਿਬ ਅਤੇ ਗੁਰੂ ਨਾਨਕ ਖਾਲਸਾ ਸਕੂਲ ਦੀ ਇਮਾਰਤ ਤਿਆਰ ਕਾਰਵਾਈ, ਜਿਸ ਵਿੱਚ ਸਿੱਖੀ ਪ੍ਚਾਰ ਪਸਾਰ ਤੋਂ ਇਲਾਵਾ 700 ਬੱਚੇ ਗੁਰਮਤਿ ਗਿਆਨ, ਕੀਰਤਨ, ਕਥਾ ਅਤੇ ਪੰਜਾਬੀ ਬੋਲੀ ਸਿੱਖ ਰਹੇ ਹਨ। ਇਸ ਵੱਡੇ ਕਾਰਜ ਤੋਂ ਬਾਅਦ ਸਿੱਖਾ ਦੀ ਗੱਲ ਕਰਨ



ਲਈ ਢਿੱਲੋਂ ਸਾਹਿਬ ਹੁਣ ਚੋਣ ਲੜ ਰਹੇ ਹਨ। ਹੁਣ ਭਾਰਤੀ ਭਾਈਚਾਰੇ ਦਾ ਫਰਜ਼ ਬਣਦਾ ਹੈ ਕਿ ਆਪਣੀ ਕੀਮਤੀ ਵੋਟ ਪਾ ਕੇ ਢਿੱਲੋਂ ਸਾਹਿਬ ਨੂੰ ਕਾਮਯਾਬ ਕੀਤਾ ਜਾਵੇ ! ਬੈਲਟ ਪੇਪਰ ਘਰਾਂ ਵਿੱਚ ਪੁੱਜ ਚੁੱਕੇ ਹਨ। ਉਨਾਂ ਉੱਪਰ ਨਿਸ਼ਾਨੀ ਲਾ ਕੇ ਵਾਪਸ ਕੀਤੇ ਜਾਣ ਜਾਂ ਫਿਰ 7 ਅਪ੍ਰੈਲ ਨੂੰ ਵੋਟ ਜ਼ਰੂਰ ਪਾਈ ਜਾਵੇ ਜੀ। ਇਸ ਇਲਾਕੇ ਵਿੱਚ ਵੱਡੀ ਗਿਣਤੀ ਭਾਰਤੀ ਭਾਈਚਾਰੇ ਦੀ ਹੈ ਅਗਰ ਸਾਰੀ ਵੋਟ ਭੁਗਤ ਜਾਂਦੀ ਹੈ ਤਾਂ ਜਿਤਨਾ ਕੋਈ ਔਖਾ ਨਹੀ ਹੈ। ਮਾਵਰੀ ਰੋਡ ਤੋਂ ਲੈ ਕੇ 237 ਤੱਕ ਸੈਨਹੋਜੇ ਦਾ ਵਿਚਕਾਰਲਾ ਇਲਾਕਾ ਅਤੇ ਐਲਵੀਸੋ ਸਿਟੀ ਦਾ ਇਲਾਕਾ ਇਸ ਡਿਸਟ੍ਰਿਕ ਵਿੱਚ ਆਉਂਦਾ ਹੈ। ਸਾਡੀ ਸਮੂਹ ਭਾਰਤੀ ਭਾਈਚਾਰੇ ਨੂੰ ਨਿਮਰਤਾ ਸਾਹਿਤ ਬੇਨਤੀ ਹੈ ਕਿ ਇਸ ਇਲਾਕੇ ਵਿੱਚ ਆਪ ਜੀ ਦਾ ਕੋਈ ਰਿਸ਼ਤੇਦਾਰ, ਦੋਸਤ ਮਿੱਤਰ ਰਹਿੰਦਾ ਹੈ ਤਾਂ ਵੋਟ ਪਾਉਣ ਲਈ ਜ਼ਰੂਰ ਸੰਪਰਕ ਕੀਤਾ ਜਾਵੇ ਜੀ।

**(ਸਰਬਜੋਤ ਸਿੰਘ ਸਵੱਦੀ 408-4491-639)**

# ਅਮਰੀਕਾ ਪਹੁੰਚਣ ਤੇ ਜਤਿੰਦਰ ਪੰਨੂ ਦਾ ਜ਼ੋਰਦਾਰ ਸਵਾਗਤ ਅਤੇ ਸਨਮਾਨ ਕੀਤਾ

**ਮਡੈਸਟੋ ਸੀਰਸ–** ਪ੍ਰਸਿੱਧ ਕਾਲਮ ਨਵੀਸ ਅਤੇ ਨਵਾਂ ਜ਼ਮਾਨਾ ਦੇ ਸੀਨੀਅਰ ਸੰਪਾਦਕ ਜਤਿੰਦਰ ਪੰਨੂ ਜੋ ਅੱਜਕਲ੍ਹ ਅਮਰੀਕਾ ਦੇ ਦੌਰੇ ਤੇ ਹਨ, ਦਾ ਕੈਲੀਫੋਰਨੀਆ ਦੇ ਸੈਂਟਾ ਕਲਾਰਾ ਸ਼ਹਿਰ ਵਿਚ ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਵੱਲੋਂ ਉਹਨਾਂ ਦੇ ਮਾਣ ਵਿਚ ਇਕ ਸਨਮਾਨ ਸਮਾਗਮ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ ਦਾ ਸੰਚਾਲਨ ਆਸ਼ਾ ਸ਼ਰਮਾ ਨੇ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਸ੍ਰੀ ਪੰਨੂ ਨੂੰ ਜੀ ਆਇਆਂ ਕਿਹਾ। ਸਮਾਗਮ ਨੂੰ ਸੰਬੋਧਿਤ ਕਰਦਿਆਂ ਜਤਿੰਦਰ ਪੰਨੂ ਨੇ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਵਿਕਾਸ ਤੇ ਨਸ਼ਿਆਂ ਸਮੇਤ ਉਹਨਾਂ ਨੇ ਪੰਜਾਬ ਨਾਲ ਸਬੰਧਤ ਹਰ ਮਸਲੇ ਨੂੰ ਬਹੁਤ ਹੀ ਵਧੀਆ ਢੰਗ ਤੇ ਸ਼ਬਦਾਂ ਵਿਚ ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਅੱਗੇ ਰੱਖਿਆ। ਉਹਨਾਂ ਨੇ ਕੋਈ ਇਕ ਘੰਟਾ ਭਾਸ਼ਣ ਦਿੱਤਾ, ਜਿਸ ਨੂੰ ਸਰੋਤਿਆਂ ਨੇ ਬਹੁਤ ਹੀ ਗੰਭੀਰਤਾ ਤੇ ਧਿਆਨ ਪੂਰਵਕ ਸੁਣਿਆ। ਸਾਂਝੀ ਸੋਚ ਅਖਬਾਰ ਦੇ ਸੰਪਾਦਕ ਬੂਟਾ ਸਿੰਘ ਬਾਸੀ ਤੇ ਹੋਰ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਉਹਨਾਂ ਦਾ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਕੀਤਾ। ਸਮਾਗਮ ਵਿਚ ਪਹੁੰਚੀਆਂ ਹੋਰ ਸ਼ਖਸੀਅਤਾਂ ਤੋਂ ਇਲਾਵਾ ਬਲਬੀਰ ਸਿੰਘ ਜੌਹਲ (ਠਾਣੀ), ਨਰਿੰਦਰ ਸਿੰਘ, ਪੰਕਜ ਜੀ, ਸੈਨਹੋਜ਼ੇ ਗੁਰਦੁਆਰਾ ਸਾਹਿਬ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਸਵੱਦੀ, ਪ੍ਰੀਤਮ ਗਰੇਵਾਲ, ਰਾਜੂ ਪਵਾਰ, ਦਲ ਖਾਲਸਾ ਅਲਾਇੰਸ ਵੱਲੋਂ ਪਰਮਜੀਤ ਸਿੰਘ ਦਾਖਾ (ਸੇਖੋਂ) ਕੁਲਦੀਪ ਸਿੰਘ ਢੀਂਡਸਾ ਤੇ ਸੁਦੇਸ਼ ਸਿੰਘ ਅਟਵਾਲ ਹਾਜ਼ਰ ਸਨ। ਸ: ਬੂਟਾ ਸਿੰਘ ਬਾਸੀ ਦੇ ਪਿਤਾ ਹਰਭਜਨ ਸਿੰਘ ਬਾਸੀ ਵੀ ਸਮਾਗਮ ਵਿਚ ਪਹੁੰਚੇ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price
Kashmir S. Thandi
Office: (866) 933-3038
Balhar S. Ranu
Cell: 916-502-7733



Yuba City Ph: 530-419-5058
1816 Main Ave.,
Secramento CA, 95838



ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਭਾਰਤ ਵਿਚ ਚਰਚਾਂ ਤੇ ਹਮਲੇ ਲਗਾਤਾਰ ਜਾਰੀ

## ਕਲੱਕਤਾ ’ਚ ਇੱਕ 71 ਸਾਲਾ ਨੱਨ ਨਾਲ ਬਲਾਤਕਾਰ, ਮਾਨਸਾ ’ਚ ਚਰਚ ਦੀ ਉਸਾਰੀ ਰੋਕੀ

## ਫਰੀਦਾਬਾਦ ਵਿੱਚ ਮੁਰਦਾ ਦਬਣ ਗਏ ਈਸਾਈਆਂ ਤੇ ਹਮਲਾ-18 ਫੱਟੜ


ਫਰੈਡੀ ਜੋਜ਼ਫ

**ਭਾਰਤ** ਵਿੱਚ ਈਸਾਈਆਂ ਦੀਆਂ ਧਾਰਮਿਕ ਸਰਗਰਮੀਆਂ, ਚਰਚ ਇਮਾਰਤਾਂ, ਈਸਾਈ ਵਿਦਿਅਕ ਅਦਾਰਿਆਂ ਤੇ ਹੋਰ ਮਸੀਹੀ ਸੰਸਥਾਵਾਂ ਤੇ ਫਿਰਕਾਪ੍ਰਸਤ ਤਾਕਤਾਂ ਵਲੋਂ ਕਈ ਪ੍ਰਕਾਰ ਦੇ ਹਮਲੇ ਲਗਾਤਾਰ ਜਾਰੀ ਹਨ ਅਤੇ ਈਸਾਈਆਂ ਅਤੇ ਚਰਚ ਸਰਗਰਮੀਆਂ ਨੂੰ ਬਦਨਾਮ ਕਰਨ ਦੀ ਮੁਹਿੰਮ ਲਗਾਤਾਰ ਕਈ ਸਾਲਾਂ ਤੋਂ ਚਲ ਰਹੀ ਹੈ ਪਰ ਜਦ ਤੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ, ਸਾਰੇ ਭਾਰਤ ਵਿੱਚ ਹੀ ਅਤੇ ਖਾਸ ਕਰਕੇ ਜਿੰਨ੍ਹਾਂ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ। ਹਾਲਾਤ ਬਹੁਤ ਖਰਾਬ ਹੋ ਰਹੇ ਹਨ।

### ਫਰੀਦਬਾਦ ’ਚ ਈਸਾਈਆਂ ਤੇ ਹਮਲਾ ਕਈ ਫੱਟੜ

ਬਠਿੰਡਾ ਤੋਂ ਪਾਦਰੀ ਜੋਰਜ ਦੀ ਸੂਚਨਾ ਅਨੁਸਾਰ ਪਿਛਲੇ ਦਿਨੀ ਕੁਝ ਕੱਟੜਪੰਥੀਆਂ ਨੇ ਈਸਾਈਆਂ ਨੂੰ ਇਕ ਮੁਰਦਾ ਦਫਨਾਉਣ ਤੇ ਰੋਕ ਦਿੱਤਾ। ਜਦ ਜਨਾਜ਼ੇ ਦੀ ਰਸਮ ਚਲ ਰਹੀ ਸੀ ਕੁਝ ਹਥਿਆਰਬੰਦ ਲੋਕਾਂ ਨੇ ਈਸਾਈਆਂ ਉੱਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ 18 ਈਸਾਈ ਬਹੁਤ ਬੁਰੀ ਤਰ੍ਹਾਂ ਫੱਟੜ ਹੋ ਗਏ ਜਿੰਨ੍ਹਾਂ ਵਿਚੋਂ ਤਿੰਨ ਦੀਆਂ ਰੀੜ੍ਹ ਦੀਆਂ ਹੱਡੀਆਂ ਟੁੱਟ ਗਈਆਂ ਹਨ। ਜਿਸ ਮੁਰਦੇ ਨੂੰ ਇਹ ਲੋਕ ਦਫਨਾਉਣ ਗਏ ਸਨ, ਉਸ ਨੂੰ ਸ਼ਹਿਰ ਦੇ ਇਕ ਦੂਸਰੇ ਕਬਰਿਸਤਾਨ ਵਿੱਚ ਦਫਨਾਉਣ ਲਈ ਮਜਬੂਰ ਹੋਣਾ ਪਿਆ। ਫੱਟੜ ਕਈ ਦਿਨ ਹਸਪਤਾਲ ਵਿੱਚ ਦਾਖਲ ਰਹੇ।

### ਮਾਨਸਾ ਵਿਖੇ ਚਰਚ ਉਸਾਰੀ ਰੋਕ ਦਿੱਤੀ

ਬਿਸ਼ਪ ਡੀ. ਭਾਰਤੀ ਅਨੁਸਾਰ ਮਾਨਸਾ ਵਿਖੇ ਕੁਝ ਫਸਾਦੀਆਂ ਨੇ ਨਵੇਂ ਬਣ ਰਹੇ ਚਰਚ ਵਿੱਚ ਹਨੂਮਾਨ ਦੀ ਮੂਰਤੀ ਰੱਖ ਦਿੱਤੀ ਤੇ ਚਰਚ ਦੀ ਉਸਾਰੀ ਰੋਕਣ ਦੀ ਕੋਸ਼ਿਸ਼ ਕੀਤੀ। ਇੱਕ ਸੂਚਨਾ ਅਨੁਸਾਰ ਐਸ.ਡੀ.ਐਮ ਰਾਕੇਸ਼ ਕੁਮਾਰ ਨੇ ਦੋਹਾਂ ਧਿਰਾਂ ਦੀ ਇੱਕ ਮੀਟਿੰਗ ਸੱਦ ਕੇ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਈਸਾਈਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇਗਾ। ਚਰਚ ਦੀ ਉਸਾਰੀ ਰੁਕਣ ਨਹੀਂ ਦਿੱਤੀ ਜਾਵੇਗੀ। ਇਹ ਵੀ ਦੱਸਿਆ ਕਿ ਚਰਚ ਵਿੱਚ ਰੱਖੀ ਗਈ ਮੂਰਤੀ ਪੁਲਿਸ ਚੁੱਕ ਕੇ ਲੈ ਗਈ ਹੈ। ਪਿਛਲੇ ਦਿਨੀ ਇਲਾਕੇ ਦੇ ਈਸਾਈ ਲੀਡਰਾਂ ਦੀ ਇੱਕ ਮੀਟਿੰਗ ਰੈਵ. ਡੇਵਿਡ ਭਾਰਤੀ ਬਿਸ਼ਪ ਨੈਸ਼ਨਲ ਚਰਚ ਆਫ ਇੰਡੀਆ ਦੀ ਅਗਵਾਈ ਵਿੱਚ ਹੋਈ। ਜਿਸ ਵਿੱਚ ਰੈਵਰੈਂਡ ਸੀ.ਐਸ. ਭੱਟੀ ਰਾਮਾ, ਰੈਵਰੈਂਡ ਸ਼ਿੰਗਾਰਾ ਸਿੰਘ ਭੁਲਾਣਾ, ਰੈਵ. ਗੁਰਤੇਜ ਸਿੰਘ ਬੁਢਲਾਡਾ, ਰੈਵ. ਸੈਮੁਏਲ ਸਿੱਧੂ ਮਾਨਸਾ, ਸੂਬਾ ਕਮੇਟੀ ਮੈਂਬਰ, ਕਰਿਸਚੀਅਨ ਮੂਵਮੈਂਟ ਪੰਜਾਬ ਅਤੇ ਪਾਸਟਰ ਰਾਜ ਕੁਮਾਰ ਮਾਨਸਾ ਪ੍ਰਧਾਨ ਪਾਸਟਰ ਐਸੋਸੀਏਸ਼ਨ ਸ਼ਾਮਲ ਹੋਏ। ਮੀਟਿੰਗ ਵਿੱਚ ਦੱਸਿਆ ਗਿਆ ਕਿ ਹਮਲਾਵਰਾਂ ਵਲੋਂ ਲਾਇਆ ਜਾਂਦਾ ਇਹ ਦੋਸ਼ ਝੂਠਾ ਹੈ ਕਿ ਈਸਾਈ ਧਾਰਮਿਕ ਲੀਡਰ ਜਬਰੀ ਧਰਮ ਪਰਿਵਰਤਨ ਕਰ ਰਹੇ ਹਨ। ਹਮਲਾਵਰ ਸਰਕਾਰ ਨਾਲ ਹੋਈ ਮੀਟਿੰਗ ਵਿੱਚ ਆਪਣੇ ਦੋਸ਼ ਸਾਬਿਤ ਨਹੀਂ ਕਰ ਸਕੇ। ਮੀਟਿੰਗ ਵਿੱਚ ਦੱਸਿਆ ਗਿਆ ਕਿ ਪ੍ਰਸ਼ਾਸਨ ਵਲੋਂ ਦੋਹਾਂ ਪਾਰਟੀਆਂ ਨੂੰ ਅਮਨ ਕਨੂੰਨ ਕਾਇਮ ਰੱਖਣ ਦੀ ਅਪੀਲ ਕੀਤੀ ਗਈ ਹੈ ਅਤੇ ਭਰੋਸਾ ਦੁਆਇਆ ਗਿਆ ਹੈ ਕਿ ਚਰਚ ਦੀ ਉਸਾਰੀ ਰੁਕਣ ਨਹੀਂ ਦਿੱਤੀ ਜਾਵੇਗੀ। ਰੈਵ. ਸੈਮੁਏਲ ਸਿੱਧੂ ਨੇ ਕਿਹਾ ਕਿ ਸਾਡਾ ਭਾਈਚਾਰਾ ਤਾਂ ਪਹਿਲਾਂ ਹੀ ਅਮਨ ਪਸੰਦ ਹੈ ਅਤੇ ਅਸੀਂ ਸਾਰੇ ਮਸਲੇ ਸ਼ਾਂਤਮਈ ਢੰਗ ਨਾਲ ਹੱਲ ਕਰਨਾ ਚਾਹੁੰਦੇ ਹਾਂ। ਇਥੇ ਵਰਣਨਯੋਗ ਹੈ ਕਿ ਇਸ ਚਰਚ ਦੀ ਉਸਾਰੀ ਬਿਲੀਵਰਜ਼ ਚਰਚ ਵਲੋਂ ਕੀਤੀ ਜਾ ਰਹੀ ਹੈ।

### ਜੱਬਲਪੁਰ ਅਤੇ ਬੰਬੇ ਵਿਖੇ ਚਰਚਾਂ ਤੇ ਹਮਲਾ

ਪਤਾ ਲੱਗਾ ਹੈ ਕਿ ਜੱਬਲਪੁਰ ਅਤੇ ਬੰਬੇ ਵਿਖੇ ਚਰਚਾਂ ਤੇ ਹਮਲੇ ਹੋਏ ਹਨ ਅਤੇ ਧਰਮ ਪਰਿਵਰਤਨ ਦੇ ਨਾਂ ਤੇ ਕੁਝ ਈਸਾਈ ਨੇਤਾਵਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪਾਕਿਸਤਾਨ ਦੇ ਦੋ ਚਰਚਾਂ ਵਿੱਚ ਬੰਬ ਧਮਾਕੇ-15 ਦੀ ਮੌਤ 80 ਤੋਂ ਵੱਧ ਫੱਟੜ ਲਾਹੌਰ - ਲਾਹੌਰ ਦੇ ਈਸਾਈ ਬਹੁ-ਗਿਣਤੀ ਖੇਤਰ ’ਚ ਸਥਿਤ ਦੋ ਚਰਚਾਂ ’ਤੇ ਹੋਏ ਤਾਲਿਬਾਨ ਆਤਮਘਾਤੀ ਹਮਲੇ ਦੇ ਸਿਲਸਿਲੇ ਵਿਚ ਪਾਕਿਸਤਾਨ ਦੀ ਪੁਲਸ ਨੇ 17 ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਦੋਵਾਂ ਹਮਲਿਆਂ ਵਿਚ 15 ਵਿਅਕਤੀ ਮਾਰੇ ਗਏ, ਜਦਕਿ 80 ਤੋਂ ਵੱਧ ਜ਼ਖਮੀ ਹੋ ਗਏ। ਇਥੇ ਵਰਣਨਯੋਗ ਹੈ ਕਿ ਹਾਲੇ ਤਕ ਇਸ ਸਬੰਧ ਵਿੱਚ ਕੋਈ ਬਕਾਇਦਾ ਗ੍ਰਿਫਤਾਰੀ ਨਹੀਂ ਹੋਈ।


ਪਿਛਲੇ ਦਿਨੀ ਕਰਿਸਚੀਅਨ ਇੰਟਲੈਕਚੁਅਲ ਫੋਰਮ ਪੰਜਾਬ ਦੀ ਇੱਕ ਐਮਰਜੈਂਸੀ ਮੀਟਿੰਗ ਫੋਰਮ ਦੇ ਮੈਂਬਰ ਸ਼੍ਰੀ ਜੌਹਨਸਨ ਹੀਰਾ ਲਾਲ ਦੇ ਨਿਵਾਸ ਅਸਥਾਨ ਤੇ ਜਨਤਾ ਕਲੋਨੀ ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਕੈਪਟਨ ਚੰਨਣ ਸਿੰਘ ਸਿੱਧੂ ਚੇਅਰਮੈਨ ਸਿੱਖ ਫੋਰਮ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਮੀਟਿੰਗ ਵਿੱਚ ਇਸ ਗੱਲ ਤੇ ਸਹਿਮਤੀ ਸੀ ਕਿ ਅਜ਼ਾਦੀ ਤੋਂ ਪਿਛੋਂ ਚੋਣਾਂ ਦੇ ਦਿਨਾਂ ਵਿੱਚ ਸਾਡੇ ਕੁਝ ਧਾਰਮਿਕ ਅਤੇ ਦੂਸਰੇ ਨੇਤਾ ਆਪਣੇ ਅਸਰ ਰਸੂਖ ਨਾਲ ਈਸਾਈ ਵੋਟਾਂ ਸਿਆਸੀ ਪਾਰਟੀਆਂ ਨੂੰ ਪੁਆ ਦਿੰਦੇ ਹਨ ਅਤੇ ਆਪਣੀ ਨਿੱਜੀ ਪਹੁੰਚ ਵੱਡੇ ਨੇਤਾਵਾਂ ਤੱਕ ਬਣਾ ਲੈਂਦੇ ਹਨ ਪਰ ਹੁਣ ਤੱਕ ਆਮ ਈਸਾਈ ਜਨਤਾ ਨੂੰ ਅਮਲੀ ਤੌਰ ਤੇ ਕੋਈ ਲਾਭ ਨਹੀਂ ਹੋਇਆ। ਈਸਾਈ ਆਰਥਿਕ, ਸਮਾਜਿਕ ਤੇ ਵਿਦਿਅਕ ਪਖੋਂ ਲਗਾਤਾਰ ਹੇਠਾਂ ਜਾ ਰਹੇ ਹਨ। ਕੁਝ ਨਿੱਗਰ ਸੁਝਾਅ ਆਏ ਜੋ ਮਸੀਹੀ ਸੰਸਾਰ ਦੇ ਅਗਲੇ ਅੰਕ ਵਿੱਚ ਛਾਪੇ ਜਾਣਗੇ। ਤਸਵੀਰ ਵਿੱਚ ਕੈਪਟਨ ਚੰਨਣ ਸਿੰਘ ਸਿੱਧੂ ਦੇ ਨਾਲ ਸ਼੍ਰੀ ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ, ਮਾਸਟਰ ਰਾਮ ਸਰੂਪ, ਸ਼੍ਰੀ ਜੌਹਨਸਨ ਹੀਰਾ ਲਾਲ, ਸ਼੍ਰੀ ਅਨੂਪ ਕੁਮਾਰ, ਪਾਦਰੀ ਬੀਨੂੰ ਰੋਬਰਟ, ਸ਼੍ਰੀ ਸਲਾਤੀਅਲ, ਸ਼੍ਰੀ ਮੋਰਿਸ ਭੱਟੀ ਵੀ ਵਿਖਾਈ ਦੇ ਰਹੇ ਹਨ।

ਪੁਲਸ ਨੇ ਧਮਾਕਿਆਂ ਦੇ ਸਿਲਸਿਲੇ ਵਿਚ ਦੋ ਸ਼ਿਕਾਇਤਾਂ ਦਰਜ ਕੀਤੀਆਂ। ਪਹਿਲੀ ਸ਼ਿਕਾਇਤ ਤਾਲਿਬਾਨ ਅੱਤਵਾਦੀਆਂ ਖਿਲਾਫ ਅਤੇ ਦੂਜੀ ਦੋ ਸ਼ੱਕੀਆਂ ਨੂੰ ਜ਼ਿੰਦਾ ਸਾੜਨ ਵਾਲਿਆਂ ਖਿਲਾਫ।

ਇਨ੍ਹਾਂ ਸ਼ੱਕੀਆਂ ਨੂੰ ਧਮਾਕੇ ਤੋਂ ਬਾਅਦ ਤੁਰੰਤ ਫੜ ਲਿਆ ਗਿਆ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਨਿਰਦੇਸ਼ ’ਤੇ ਦੇਸ਼ ਦੇ ਸਾਰੇ ਚਰਚਾਂ ਦੀ ਸੁਰੱਖਿਆ ਵਿਵਸਥਾ ਵਧਾ ਦਿਤੀ ਗਈ। ਸ਼੍ਰੀ ਯੂਨਸ ਮਸੀਹ ਜਨਰਲ ਸਕੱਤਰ ਲੋਕ ਮਸੀਹੀ ਦਲ ਨੇ ਕੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪਾਕਿਸਤਾਨ ਸਰਕਾਰ ਪਾਕਿਸਤਾਨ ਵਿੱਚ ਘਟਗਿਣਤੀ ਵਰਗਾਂ ਦੀ ਜਾਨ ਮਾਲ ਦੀ ਸੁਰੱਖਿਆ ਕਰਨ ਵਿੱਚ ਬਹੁਤ ਬੁਰੀ ਤਰ੍ਹਾਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਅਤੇ ਅੰਤਰ ਰਾਸ਼ਟਰੀ ਭਾਈਚਾਰੇ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਘਟਗਿਣਤੀਆਂ ਦੀ ਸੁਰਖਿਆ ਯਕੀਨੀ ਬਣਾਉਣੀ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਸੀਹੀ ਦਲ ਵਲੋਂ ਭਾਰਤ ਦੇ ਰਾਸ਼ਟਰ ਪਤੀ ਅਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖੇ ਗਏ ਹਨ ਜਿਨ੍ਹਾਂ ਵਿੱਚ ਮੰਗ ਕੀਤੀ ਗਈ ਹੈ ਕਿ ਉਹ ਪਾਕਿਸਤਾਨ ਸਰਕਾਰ ਤੇ ਦਬਾਅ ਬਣਾਉਣ ਕਿ ਉਹ ਘਟਗਿਣਤੀਆਂ ਦੀ ਸੁਰਖਿਆ ਯਕੀਨੀ ਬਣਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਅਜਿਹੇ ਪੱਤਰ ਸੰਯੁਕਤ ਰਾਸ਼ਟਰ ਅਤੇ ਬਰਾਕ ਓਬਾਮਾ ਰਾਸ਼ਟਰਪਤੀ ਅਮਰੀਕਾ ਨੂੰ ਵੀ ਲਿਖੇ ਗਏ ਹਨ। ਰਾਜ ਨਾਥ ਸਿੰਘ ਵਲੋਂ ਈਸਾਈਆਂ ਨੂੰ ਤਿੰਨ ਪ੍ਰਸ਼ਨ ਕੇਂਦਰੀ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨੇ ਦੇਸ਼ ਦੇ ਈਸਾਈਆਂ ਨੂੰ ਤਿੰਨ ਪ੍ਰਸ਼ਨ ਕੀਤੇ ਹਨ

(1) ਕੀ ਧਰਮ ਪਰਿਵਰਤਨ ਜ਼ਰੂਰੀ ਹੈ?

(2) ਕੀ ਧਰਮ ਪਰਿਵਰਤਨ ਕਰਾਏ ਬਿਨਾ ਸਮਾਜ ਸੇਵਾ ਨਹੀਂ ਕੀਤੀ ਜਾ ਸਕਦੀ?

(3) ਪ੍ਰਸ਼ਨ - ਕੀ ਧਰਮ ਪਰਿਵਰਤਨ ਤੋਂ ਬਿਨਾ ਭਾਰਤ ਵਿੱਚ ਸਭ ਧਰਮ ਵਧ ਫੁਲ ਨਹੀਂ ਸਕਦੇ? ਅਤੇ ਕੀ ਭਾਰਤ ਵਰਗਾ ਦੇਸ਼ ਆਪਣੀ ਜਨਸੰਖਿਆ ਦੀ ਧਾਰਮਿਕ ਪਛਾਣ ਅਤੇ ਸਵਰੂਪ ਵਿੱਚ ਬਦਲਾਓ ਦੀ ਇਜਾਜ਼ਤ ਦੇ ਸਕਦਾ ਹੈ?

ਸਾਡੇ ਉੱਤਰ

(1) - ਆਦਰਨੀਯ ਰਾਜ ਨਾਥ ਸਿੰਘ ਜੀ ਤੁਸੀਂ ਕਿਉਂਕਿ ਇਸ ਸਮੇਂ ਇੱਕ ਸੰਵਿਧਾਨਕ ਪਦ ਤੇ ਹੋ ਅਤੇ ਤੁਸੀਂ ਭਾਰਤ ਦੇ ਸੰਵਿਧਾਨ ਵਿਚ ਆਸਥਾ ਰੱਖਣ ਤੇ ਉਸਦੇ ਵਫਾਦਾਰ ਰਹਿਣ ਦੀ ਸੁੰਹ ਚੁੱਕੀ ਹੋਈ ਹੈ, ਇਸ ਕਰਕੇ ਇਸ ਪ੍ਰਸ਼ਨ ਦਾ ਉੱਤਰ ਧਾਰਮਿਕ ਦ੍ਰਿਸ਼ਟੀ ਤੋਂ ਨਹੀਂ, ਸੰਵਿਧਾਨਕ ਦ੍ਰਿਸ਼ਟੀ ਤੋਂ ਦੇਣਾ ਹੀ ਠੀਕ ਹੋਵੇਗਾ। ਜੇਕਰ ਦੇਸ਼ ਦਾ ਕੋਈ ਨਾਗਰਿਕ ਆਪਣੀ ਧਾਰਮਿਕ ਆਸਥਾ ਦਾ ਬਿੰਦੂ ਬਦਲਣਾ ਚਾਹੁੰਦਾ ਹੈ, ਉਸ ਨੂੰ ਸੰਵਿਧਾਨ ਨੇ ਆਪਣਾ ਧਰਮ ਬਦਲਣ ਦੀ ਆਗਿਆ ਦਿੱਤੀ ਹੋਈ ਹੈ। ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਡੰਕੇ ਦੀ ਚੋਟ ਤੇ ਨਾ ਕੇਵਲ ਆਪਣਾ ਧਰਮ ਹੀ ਬਦਲ ਲਿਆ ਬਲਕਿ ਉਨ੍ਹਾਂ ਨੇ ਸਾਰੇ ਦਲਿਤਾਂ ਨੂੰ ਆਪਣਾ ਧਰਮ ਬਦਲਣ ਦੀ ਅਪੀਲ ਵੀ ਕਰ ਦਿੱਤੀ। ਤੁਸੀਂ ਉਨ੍ਹਾਂ ਦੀ ਅਪੀਲ ਤੇ ਕਦੀ ਕਿੰਤੂ ਕੀਤਾ ਜੇ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ? ਈਸਾਈਆਂ ਨਾਲੋਂ ਦੇਸ਼ ਦਾ ਸੰਵਿਧਾਨ ਘੜਨ ਵਾਲਿਆਂ ਨੂੰ ਇਹ ਪ੍ਰਸ਼ਨ ਕਰੋ, ਨਾ ਕਿ ਈਸ-ਾਈਆਂ ਨੂੰ, ਈਸਾਈ ਤਾਂ ਦੇਸ਼ ਦੇ ਸੰਵਿਧਾਨ ਅਨੁਸਾਰ ਚਲ ਰਹੇ ਹਨ। ਤੁਸੀਂ ਉਸੇ ਸੰਵਿਧਾਨ ਅਧੀਨ ਰਹਿਣ ਦੀ ਸੁੰਹ ਚੁੱਕ ਕੇ ਈਸਾਈਆਂ ਨੂੰ ਪ੍ਰਸ਼ਨ ਕਰੋ, ਇਹ ਉਚਿਤ ਨਹੀਂ ਜਾਪਦਾ।

(2) ਉੱਤਰ- ਰਾਜ ਨਾਥ ਸਿੰਘ ਜੀ, ਪ੍ਰਭੂ ਯਿਸੂ ਦਾ ਹੁਕਮ ਹੈ (ੳ) ਜੇਕਰ ਤੇਰੇ ਕੋਲ ਦੋ ਕੁੜਤੇ ਹਨ ਤਾਂ ਇੱਕ ਉਸਨੂੰ ਦੇ ਜੋ ਨੰਗਾ ਫਿਰਦਾ ਹੈ। (ਅ) ਜੇਕਰ ਤੇਰੇ ਕੋਲ ਰੋਟੀ ਹੈ ਤਾਂ ਉਹ ਵੀ ਭੁੱਖੇ ਨੂੰ ਦੇ। ਨੇਕ ਸਾਮਰੀ ਦੀ ਕਥਾ ਤੁਸੀਂ ਸਭ ਪੜ੍ਹੇ ਲਿਖੇ ਲੋਕਾਂ ਨੇ ਕਾਲਜਾਂ ਵਿੱਚ ਪੜ੍ਹਦਿਆਂ ਨੇ ਪੜ੍ਹੀ ਹੈ। ਸਮਾਜ ਸੇਵਾ ਈਸਾਈ ਪ੍ਰਭੂ ਯਿਸੂ ਦੇ ਇੰਨ੍ਹਾਂ ਹੁਕਮਾਂ ਕਾਰਣ ਕਰਦੇ ਹਨ। ਧਰਮ ਤਬਦੀਲੀ ਲਈ ਨਹੀਂ। ਨਾ ਕਿਤੇ ਪਵਿੱਤਰ ਬਾਈਬਲ ਵਿੱਚ ਲਿਖਿਆ ਹੈ ਕਿ ਤੂੰ ਦੂਸਰੇ ਦਾ ਧਰਮ ਬਦਲਣ ਲਈ ਲੋਕਾਂ ਦੀ ਸੇਵਾ ਕਰ। ਈਸਾਈਅਤ ਖੁਦ ਲਾਲਚ ਨਾਲ ਧਰਮ ਪਰਿਵਰਤਨ ਦੇ ਵਿਰੁਧ ਹੈ। ਲਾਲਚ ਨਾਲ ਧਰਮ ਪਰਿਵਰਤਨ ਕਰਨ ਦਾ ਝੂਠਾ ਦੋਸ਼ ਈਸਾਈਆਂ ਨੂੰ ਜ਼ਲੀਲ ਕਰਨ ਲਈ ਹੀ ਲਾਇਆ ਜਾ ਰਿਹਾ ਹੈ ਜਦਕਿ ਤੁਸੀਂ ਖੁਦ ਵੀ ਜਾਣਦੇ ਹੋ ਕਿ ਈਸਾਈਆਂ ਤੇ ਲਾ ਜਾ ਰਹੇ ਇਸ ਦੋਸ਼ ਵਿੱਚ ਕੋਈ ਹਕੀਕਤ ਨਹੀਂ।

(3) ਉੱਤਰ - ਰਾਜ ਨਾਥ ਸਿੰਘ ਜੀ, ਭਾਰਤ ਵੱਖ ਵੱਖ ਧਰਮ ਦਾ ਗੁਲਦਸਤਾ ਹੈ ਜਿਸ ਵਿੱਚ ਸਾਰੇ ਧਰਮ ਅਜ਼ਾਦੀ ਤੋਂ ਬਾਅਦ ਵਧ ਫਲ ਰਹੇ ਹਨ। ਕੀ ਕਿਸੇ ਵੀ ਧਰਮ ਦੇ ਵਿਕਾਸ ਵਿੱਚ ਕੋਈ ਅੜਿਕਾ ਹੈ? ਜਿਥੋਂ ਤੱਕ ਭਾਰਤ ਦੀ ਜਨਸੰਖਿਆ ਦੀ ਧਾਰਮਿਕ ਪਛਾਣ ਦਾ ਪ੍ਰਸ਼ਨ ਹੈ, ਇਹ ਦੇਸ਼ ਕੋਈ ਧਰਮ ਅਧਾਰਿਤ ਦੇਸ਼ ਨਹੀਂ, ਬਲਕਿ ਸੈਕੁਲਰ ਦੇਸ਼ ਹੈ ਅਤੇ ਇਸਦੇ ਸੈਕੁਲਰ ਸਰੂਪ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ ਅਤੇ ਇਸ ਸਵਰੂਪ ਨੂੰ ਕਾਇਮ ਰੱਖਣ ਦੀ ਸਹੁੰ ਤੁਸੀਂ ਚੁੱਕੀ ਹੋਈ ਹੈ। ਜੇਕਰ ਤੁਸੀਂ ਇਸਦੀ ਧਾਰਮਿਕ ਪਛਾਣ ਬਦਲਨਾ ਚਾਹੁੰਦੇ ਹੋ ਤਾਂ ਕੀ ਇਹ ਦੇਸ਼ ਦੇ ਸੰਵਿਧਾਨ ਪ੍ਰਤੀ ਤੁਹਾਡੀ ਵਫਾਦਾਰੀ ਹੋਵੇਗੀ ਜਿਸਦੀ ਤੁਸੀਂ ਵਚਨਬੱਧਤਾ ਦਾ ਸੁੰਹ ਚੁੱਕੀ ਹੋਈ ਹੈ?

## ਪ੍ਰਸਿੱਧ ਸਾਹਿਤਕਾਰ ਇੰਦਰ ਸਿੰਘ ਖਾਮੋਸ਼ ਦੇ ਨਵੇਂ ਨਾਵਲ

# ‘ਲਟ ਲਟ ਲਾਟ ਬਲੇ’ ਦਾ ਲੋਕ ਅਰਪਣ ਸਮਾਗਮ ਸਫਲਤਾਪੂਰਵਕ ਸੰਪੰਨ

**ਸਟਕਾਕਟਨ**-ਬੀਤੇ ਐਤਵਾਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਵਲੋਂ ਵਿਕਟਰ ਹੀਊਗੋ ਦੀ ਸਵੈ-ਜੀਵਨੀ ਉਪਰ ਆਧਾਰਿਤ ਇੰਦਰ ਸਿੰਘ ਖਾਮੋਸ਼ ਦਾ ਨਾਵਲ ‘ਲਟ ਲਟ ਲਾਟ ਬਲੇ’ ਲੋਕ ਅਰਪਿਤ ਕੀਤਾ ਗਿਆ। ਇਸ ਨਾਵਲੀ ਬਿਰਤਾਂਤ ਅਨੁਸਾਰ ਵਿਕਟਰ ਹੀਊਗੋ ਦੇ ਪ੍ਰਭਾਵਸ਼ਾਲੀ ਵਿਅਕਤੀਤਵ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਸ ਨੂੰ ਜਾਣ ਲੈਣਾ ਉਨੀਂਵੀਂ ਸਦੀ ਦੇ ਫਰਾਂਸ ਨੂੰ ਜਾਣ ਲੈਣਾ ਹੈ। ਇਸ ਨਾਵਲ ਬਾਰੇ ਵਿਚਾਰ-ਚਰਚਾ ਸ਼ੁਰੂ ਕਰਦਿਆਂ ਪ੍ਰੋਫੈਸਰ ਹਰਭਜਨ ਸਿੰਘ ਨੇ ਤਿੰਨ ਮਹੱਤਵਪੂਰਨ ਮੁੱਦੇ ਉਠਾਏ। ਪਹਿਲਾ ਕਿਸੇ ਇਤਿਹਾਸਕ ਵਾਰਤਕ ਰਚਨਾ ਦੇ ਵਿਧਾਗਤ ਰੂਪਾਂਤਰਣ ਦੀ ਸਮੱਸਿਆ ਬਾਰੇ; ਦੂਜਾ ਦੂਰਕਾਲੀ ਇਤਿਹਾਸਕ ਸਥਿਤੀਆਂ, ਪ੍ਰਸਥਿਤੀਆਂ ਤੇ ਘਟਨਾਵਾਂ ਦੇ ਗਲਪੀਕਰਣ ਤੇ ਪ੍ਰਮਾਣਿਕਤਾ ਦੀਆਂ ਸੀਮਾਵਾਂ ਬਾਰੇ; ਤੀਜਾ ਇਸ ਕਿਸਮ ਦੇ ਗਲਪ ਦੇ ਸਮਕਾਲੀ ਮਹੱਤਵ ਤੇ ਸਾਰਥਕਤਾ ਬਾਰੇ। ਇਨ੍ਹਾਂ ਮੁੱਦਿਆਂ ਉਪਰ ਹੋਏ ਭੱਖਵੇਂ ਅਤੇ ਉਸਾਰੂ ਸੰਵਾਦ ਵਿਚ ਸੁਖਵਿੰਦਰ ਕੰਬੋਜ, ਹਰਜਿੰਦਰ ਪੰਧੇਰ, ਇੰਦਰ ਸਿੰਘ ਖਾਮੋਸ਼ ਆਦਿ ਨੇ ਭਾਗ ਲਿਆ। ਹਰ-ਜਿੰਦਰ ਪੰਧੇਰ ਨੇ ਆਪਣਾ ਪੇਪਰ ‘ਲਟ ਲਟ ਲਾਟ ਬਲੇ: ਇਕ ਜੀਵਨੀ ਮੂਲਕ ਨਾਵਲ’ ਪੜ੍ਹਿਆ, ਜਿਸ ਵਿਚ ਇਸ ਨਾਵਲ ਦੀਆਂ ਸੀਮਾਵਾਂ, ਸਾਰਥਕਤਾ ਅਤੇ ਸਾਹਿਤਕਤਾ ਨੂੰ ਹੋਰ ਵਿਸਥਾਰ ਸਹਿਤ ਵਿਚਾਰਿਆ ਗਿਆ। ਸੁਖਵਿੰਦਰ ਕੰਬੋਜ ਨੇ ਪ੍ਰੋ. ਹਰਭਜਨ ਸਿੰਘ ਵੱਲੋਂ ਉਠਾਏ ਗਏ ਮੁੱਦਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਵਿਕਟਰ ਹੀਊਗੋ ਦੇ ਰੁਮਾਂਸਵਾਦ ਬਾਰੇ ਵੀ ਜਾਣਕਾਰੀ ਦਿੱਤੀ। ਉਸਨੇ ਇੰਦਰ




ਸਿੰਘ ਖਾਮੋਸ਼ ਦੀ ਜੀਵਨੀ ਮੂਲਕ ਨਾਵਲਾਂ ਦੀ ਸਿਰਜਣਾ ਦੀ ਨਵੀਂ ਪਿਰਤ ਪਾਉਣ ਲਈ ਸਰਾਹਨਾ ਕੀਤੀ। ਇੰਦਰ ਸਿੰਘ ਖਾਮੋਸ਼ ਨੇ ਪ੍ਰੋ. ਹਰਭਜਨ ਸਿੰਘ ਵੱਲੋਂ ਉਠਾਏ ਗਏ ਮੁੱਦਿਆਂ ਬਾਰੇ ਕਿਹਾ ਕਿ ਉਨ੍ਹਾਂ ਨੇ ਇਸ ਨਵੀਂ ਗਲਪ ਵੰਨਗੀ ਦਾ ਮੁੱਢ ਬੰਨ੍ਹਣ ਲਈ ਬਹੁਤ ਕਠਿਨ ਤੇ ਲੰਬੀ ਘਾਲਣਾ ਘਾਲੀ ਹੈ, ਜਿਸ ਨੂੰ ਚੰਗਾ ਹੁੰਗਾਰਾ ਵੀ ਮਿਲਦਾ ਰਿਹਾ ਹੈ। ਇਸ ਉਪਰੰਤ ਪ੍ਰਿੰਸੀਪਲ ਹਰਨੇਕ ਸਿੰਘ ਨੇ ਆਪਣੀ ਨਵੀਂ ਕਹਾਣੀ ‘ਕੱਚ ਦਾ ਸੱਚ’ ਸਰੋਤਿਆਂ ਨਾਲ ਸਾਂਝੀ ਕੀਤੀ। ਦੂਜੇ ਸੈਸ਼ਨ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਦੀ ਨਵੀਂ ਕਾਰਜਕਰਨੀ ਕਮੇਟੀ ਦੀ ਚੋਣ ਕੀਤੀ ਗਈ। ਸਰਵ-ਸੰਮਤੀ ਨਾਲ ਸੰਪੰਨ ਹੋਈ ਇਸ ਚੋਣ ਦਾ ਸੰਚਾਲਨ ਪ੍ਰੋ. ਹਰਭਜਨ ਸਿੰਘ ਵਲੋਂ ਕੀਤਾ ਗਿਆ। ਇਸ ਅਨੁਸਾਰ ਡਾ: ਹਰਭਜਨ ਸਿੰਘ ਸ਼ੇਰਗਿਲ (ਸਰਪ੍ਰਸਤ); ਸਤਨਾਮ ਸਿੰਘ ਸੰਧੂ (ਸਰਪ੍ਰਸਤ); ਹਰਜਿੰਦਰ ਪੰਧੇਰ (ਪ੍ਰਧਾਨ) ਪ੍ਰਿੰਸੀਪਲ ਹਰਨੇਕ ਸਿੰਘ (ਮੀਤ ਪ੍ਰਧਾਨ); ਮਨਜੀਤ ਕੌਰ ਸਿੱਧੂ (ਆਰਗੇਨਾਈਜ਼ਰ); ਮਨਦੀਪ ਗੋਰਾ (ਜਨਰਲ ਸਕੱਤਰ); ਹਰਜੀਤ ਸਿੰਘ ਹਠੂਰ (ਸਹਾਇਕ ਸਕੱਤਰ) ਆਹੁਦੇਦਾਰ ਚੁਣੇ ਗਏ। ਇਹਨਾਂ ਤੋਂ ਇਲਾਵਾ ਆਮ ਮੈਂਬਰਾਂ ਵਿਚ ਪ੍ਰੋ. ਹਰਭਜਨ ਸਿੰਘ, ਤਾਰਾ ਸਾਗਰ, ਰਵਿੰਦਰ ਜੌਹਲ, ਪਰਮਜੀਤ ਸਿੰਘ, ਰੇਣੂ ਸਿੰਘ, ਪ੍ਰੋ. ਬਲਜਿੰਦਰ ਸਿੰਘ, ਹਰਪ੍ਰੀਤ ਕੌਰ, ਸੋਨੀ ਵਾਲੀਆ, ਬੀਨਾ ਸਾਗਰ, ਸ਼ੌਕਤ ਅਲੀ, ਹਰਮਿੰਦਰ ਗਰੇਵਾਲ, ਅਮਰਪਾਲ ਕੰਬੋਜ, ਦਲਜਿੰਦਰ ਸਿੰਘ ਉਰਫ ‘ਨੰਨੂ ਨੂਰ’, ਰਵੀ ਚੀਮਾ, ਕੁਲਦੀਪ ਤੱਖਰ, ਪ੍ਰਿੰਸੀਪਲ ਕੁਲਦੀਪ ਸਿੰਘ ਆਦਿ ਨੂੰ ਸ਼ਾਮਲ ਕੀਤਾ ਗਿਆ।

ਇਸ ਉਪਰੰਤ ਸ਼ਾਨਦਾਰ ਕਵੀ ਦਰਬਾਰ ਹੋਇਆ। ਇਸ ਵਿਚ ਹਰਜੀਤ ਹਠੂਰ, ਸੁਖਵਿੰਦਰ ਕੰਬੋਜ, ਪ੍ਰੋ. ਹਰਭਜਨ ਸਿੰਘ, ਤਾਰਾ ਸਾਗਰ, ਦਲਜਿੰਦਰ ਸਿੰਘ’, ਹਰਪ੍ਰੀਤ ਕੌਰ, ਜਯੋਤੀ ਸਿੰਘ, ਸੋਨੀ ਵਾਲੀਆ, ਗੁਰਬਚਨ ਸਿੰਘ ਭਾਟੀਆ, ਰਵੀ ਚੀਮਾ ਆਦਿ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਕੁਲਵਿੰਦਰ ਨੇ ਅੱਧੀ ਦਰਜਨ ਤੋਂ ਵੱਧ ਖੂਬਸੂਰਤ ਤਾਜ਼ਾਤਰੀਨ ਗਜ਼ਲਾਂ ਪੇਸ਼ ਕਰ ਕੇ ਚੰਗਾ ਰੰਗ ਬੰਨ੍ਹਿਆ। ਨਾਟਕਕਾਰ ਅਸ਼ੋਕ ਤਾਂਗੜੀ, ਪ੍ਰੋ. ਬਲਜਿੰਦਰ ਸਿੰਘ, ਮਨਜੀਤ ਸੇਖੋਂ, ਮਨਜੀਤ ਕੌਰ ਸਿੱਧੂ, ਕੁਲਵਿੰਦਰ ਕੌਰ, ਪੁਸ਼ਵਿੰਦਰ ਚੌਹਾਨ, ਪਰਮਜੀਤ ਸਿੰਘ, ਰੇਣੂ ਸਿੰਘ, ਈਸ਼ਰ ਸਿੰਘ ਵਾਲੀਆ, ਜਸਵੰਤ ਸ਼ਾਦ ਆਦਿ ਸਰੋਤਿਆਂ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨੇ ਵਾਰ-ਵਾਰ ਦਾਦ ਦੇ ਕੇ ਸਮੁੱਚੇ ਸਮਾਗਮ ਦੀ ਸਫਲਤਾ ਨੂੰ ਚਾਰ ਚੰਦ ਲਾਏ।

ਅੰਤ ਵਿਚ ਪ੍ਰੋ. ਹਰਭਜਨ ਸਿੰਘ ਨੇ ਇਹ ਐਲਾਨ ਕੀਤਾ ਕਿ ਇਸ ਸਾਲ ਅਠਾਈ ਜੂਨ ਨੂੰ ਸਟਾਕਟਨ ਵਿਖੇ ਸ਼ਹੀਦ ਜੈਮਲ ਸਿੰਘ ਪੱਡਾ ਤੇ ਸੰਤ ਰਾਮ ਉਦਾਸੀ ਨੂੰ ਸਮਰਪਿਤ ਇਕ ਵਿਸ਼ਾਲ ਸਾਹਿਤਕ ਸੰਮੇਲਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਵੱਲੋਂ ਸਾਂਝੇ ਤੌਰ ’ਤੇ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਅਤੇ ਸਹਿਯੋਗ ਦੇਣ ਲਈ ਸਾਰੇ ਸਾਹਿਤ ਕਾਰਾਂ ਤੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹ ਸੱਦਾ ਵੀ ਦਿੱਤਾ।

**(ਰਿਪੋਰਟ: ਹਰਜਿੰਦਰ ਪੰਧੇਰ**
**ਫੋਨ: 209-610-5055)**

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ

**ਫਰੀਮਾਂਟ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਗੁਰਦੁਆਰਿਆਂ ਵਿਚ ਪ੍ਰਚੱਲਿਤ ਕਰਨ ਦੇ ਆਸ਼ੇ ਵਿਚ ਵੱਖ ਵੱਖ ਗੁਰਦੁਆਰਿਆਂ ਵਿਚ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ "ਦਿੱਲੀ ਫਤਿਹ ਦਿਵਸ" ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਕਿਹਾ ਕਿ 232ਵਾਂ ਦਿੱਲੀ ਫਤਿਹ ਦਿਵਸ ਸਿੱਖ ਇਤਿਹਾਸ ਵਿਚ ਬੜੀ ਮਹੱਤਤਾ ਰੱਖਦਾ ਹੈ ਜਿਸ ਦਿਨ ਸਾਰੇ ਹਿੰਦੁਸਤਾਨ ਦੇ ਰਾਜ ਨੂੰ ਫਤਿਹ ਕਰਕੇ ਦਿੱਲੀ ਦੇ ਲਾਲ ਕਿਲੇ ਤੇ ਕੇਸਰੀ ਨਿਸ਼ਾਨ ਸਾਹਿਬ ਝੂਲਿਆ ਸੀ। ਮੁਗਲ ਰਾਜ ਜਦ ਪਤਨ ਤੇ ਅਇਆ ਤਾਂ ਅੰਗਰੇਜ਼ਾਂ ਅਤੇ ਮਰਹੱਟਿਆਂ ਨੇ ਦਿੱਲੀ ਤੇ ਕਬਜਾ ਕਰਨਾ ਚਾਹਿਆ। ਰਾਜੇ ਸ਼ਾਹ ਆਲਮ ਨੇ ਆਪਣੀ ਜਾਨ ਬਚਾਉਣ ਲਈ ਸ: ਬਘੇਲ ਸਿੰਘ ਜਰਨੈਲ ਕਰੋੜੀ ਮਿਸਲ ਨੂੰ ਗੁਹਾਰ ਲਗਾਈ।

ਅੰਗਰੇਜ਼ਾਂ ਅਤੇ ਮਰਹੱਟਿਆਂ ਨੂੰ ਜਦ ਪਤਾ ਲੱਗਾ ਕਿ ਸਰਦਾਰ ਬਘੇਲ ਸਿੰਘ ਵੱਧ ਰਿਹਾ ਹੈ ਤਾਂ ਉਹ ਮੈਦਾਨ ਛੱਡ ਕੇ ਭੱਜ ਗਏ। ਸ਼ਾਹ ਆਲਮ ਦੇ ਦਿਲ ਵਿਚ ਬੇਈਮਾਨੀ ਆਈ



ਕਿ ਹੁਣ ਸ: ਬਘੇਲ ਸਿੰਘ ਦੀ ਲੋੜ ਨਹੀਂ। ਉਸ ਨੇ ਮੁੜ ਜਾਣ ਲਈ ਕਹਿ ਦਿੱਤਾ। ਸ: ਬਘੇਲ ਸਿੰਘ ਨੇ ਕਿਹਾ ਕਿ ਮੇਰੀ ਫੌਜ ਦਾ ਖਰਚ ਨਜ਼ਰਾਨਾ ਭਰ ਦੇ ਜਾਂ ਯੁੱਧ ਲਈ ਤਿਆਰ ਹੋ ਜਾ। ਉਸਨੇ ਦਿੱਲੀ ਦੇ ਦੁਆਲੇ ਲੱਗੇ ਸਾਰੇ ਦਰਵਾਜ਼ੇ ਬੰਦ ਕਰ ਲਏ, ਫਿਰ ਸ: ਬਘੇਲ ਸਿੰਘ ਸ: ਜੱਸਾ ਸਿੰਘ ਆਲੂਵਾਲੀਆ ਆਦਿ ਜਰਨੈਨਾਂ ਨੇ ਮੋਰੀ ਦਰਵਾਜ਼ੇ ਨੂੰ ਤੋੜ ਕੇ ਜੰਗੇ ਮੈਦਾਨ ਵਿਚ ਜਾ ਦਾਖਲ ਹੋਏ। ਸ਼ਾਹ ਆਲਮ ਫੌਜਾਂ ਸਮੇਤ ਭੱਜ ਗਿਆ ਤਾਂ ਸਿੱਖਾਂ ਨੇ ਦਿੱਲੀ ਦੇ ਲਾਲ ਕਿਲੇ ਤੇ ਕੇਸਰੀ ਨਿਸ਼ਾਲ ਸਾਹਿਬ ਝੁਲਾ ਦਿੰਤਾ। ਫਿਰ ਇਕ ਸੰਧੀ ਅਧੀਨ ਸਿੱਖਾਂ ਨੇ 3 ਲੱਖ ਨਜ਼ਰਾਨਾ ਲੈ ਕੇ ਦਿੱਲੀ ਵਿਚ 7 ਗੁਰਦੁਆਰੇ ਸਥਾਪਤ ਕਰਕੇ ਦਿੱਲੀ ਛੱਡ ਦਿੱਤੀ ਪਰ ਉਹ ਇਤਹਿਾਸਕ ਜਿੱਤ ਸਿੱਖ ਇਤਿਹਾਸ ਵਿਚ ਬੜਾ ਮਹੱਤਵ ਰੱਖਦੀ ਹੈ।

ਦੂਸਰੇ ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਪ੍ਰਵਾਨਾ ਵੱਲੋਂ ਧਾਰਮਿਕ ਟੂਕਾਂ ਅਤੇ ਸੂਫੀ ਸ਼ਾਇਰੀ ਨਾਲ ਆਗਾਜ਼ ਕੀਤਾ। ਕਵੀ ਸ਼ਾਮਲ ਸਨ– ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਰਣਜੀਤ ਸਿੰਘ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਕਰਨ ਵਿਚ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ, ਜਿਸ ਵਿਚ ਭਾਈ ਜਸਦੇਵ ਸਿੰਘ, ਭਾਈ ਹਰਜੀਤ ਸਿੰਘ, ਭਾਈ ਲਖਬੀਰ ਸਿੰਘ, ਭਾਈ ਗੁਰਿੰਦਰ ਸਿੰਘ, ਭਾਈ ਕਮਲਜੀਤ ਸਿੰਘ ਅਟਵਾਲ, ਭਾਈ ਸੁਖਵੰਤ ਸਿੰਘ ਆਦਿ।ਪ੍ਰਵਾਨਾ ਵੱਲੋਂ ਕਿਹਾ ਗਿਆ ਕਿ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਨੂੰ ਵਿਸ਼ੇਸ਼ ਜਗ੍ਹਾ ਮਿਲਣੀ ਚਾਹੀਦੀ ਹੈ। ਹੋਰ ਨਿਭਾਈਆਂ ਜਾ ਰਹੀਆਂ ਸੇਵਾਵਾਂ ਵਿਚ ਧਾਰਮਿਕ ਕਵੀ ਦਰਬਾਰਾਂ ਨੂੰ ਵੀ ਲੋੜੀਂਦਾ ਉਤਸ਼ਾਹ ਮਿਲਣਾ ਚਾਹੀਦਾ ਹੈ।

# ਸ਼ਾਂਤਮਈ ਤਰੀਕੇ ਨਾਲ ਮੀਟਿੰਗ ਕਰਦੇ ਐਸ ਸੀ./ ਬੀ.ਸੀ. ਬੱਚਿਆਂ ਤੇ ਲਾਠੀਚਾਰਜ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ/ ਚਰਨਜੀਤ ਸੱਲ੍ਹਾਂ)** ਪੰਜਾਬ ਸਟੂਡੈਂਟ ਯੂਨੀਅਨ ਵੱਲੋਂ ਪੋਸਟ ਮੈਟ੍ਰਿਕ ਸਕਾਰਲਸ਼ਿਪ ਸਕੀਮ ਨੂੰ ਨਿੱਜੀ ਕਾਲਜਾਂ ਵਿਚ ਸੁਚਾਰੂ ਢੰਗ ਨਾਲ ਲਾਗੂ ਕਰਵ–ਾਉਣ ਵਾਸਤੇ ਨਵਾਂ ਸ਼ਹਿਰ ਵਿਖੇ ਬਾਰਾਂਦਰੀ ਬਾਗ ਵਿਚ ਸ਼ਾਂਤਮਈ ਤਰੀਕੇ ਨਾਂਲ ਮੀਟਿੰਗ ਕਰਨ ਜਾ ਰਹੇ ਵਿਦਿਆਰਥੀਆਂ ਤੇ ਪੁਲਿਸ ਵਾਲਿਆਂ ਨੇ ਵਹਿਸ਼ੀ ਤਰੀਕੇ ਨਾਲ




ਬਿਨਾਂ ਕਿਸੇ ਭੜਕਾਹਟ ਦੇ ਬੁਰੀ ਤਰ੍ਹਾਂ ਲਾਠੀਚਾਰਜ ਕੀਤਾ, ਜਿਸ ਨਾਲ ਕਈ ਵਿਦਿਆਰਥੀ ਜ਼ਖਮੀ ਹੋ ਗਏ। ਸ਼ਾਂਤਮਈ ਤਰੀਕੇ ਨਾਲ ਰੋਸ ਜਤਾ ਰਹੇ ਵਿਦਿਆਰਥੀਆਂ ਤੇ ਕੀਤੇ ਲਾਠੀਚਾਰਜ ਨਾਲ ਵਿਦਿਆਰਥੀ ਗੁੱਸੇ ਵਿਚ ਆ ਗਏੈ ਤੇ ਜ਼ਿਲ੍ਹਾ ਪੁਲਿਸ ਤੇ ਪ੍ਰਸ਼ਾਸਨ ਖਿਲਾਫ ਜ਼ੋਰਦਾਰ ਤਰੀਕੇ ਨਾਲ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਤੇ ਹੋਏ ਲਾਠੀਚਾਰਜ ਦੀ ਖਬਰ ਮਿਲਦੇ ਹੀ ਗੜ੍ਹਸ਼ੰਕਰ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਮੌਕੇ ਤੇ ਪਹੁੰਚ ਗਏ। ਪਹਿਲਾਂ ਪੁਲਿਸ ਵਾਲੇ ਜਿੱਥੇ ਅੜੀਅਲ ਰਵੱਈਆ ਅਪਣਾਏ ਹੋਏ ਸਨ, ਉਥੇ ਹੀ ਸਹੂੰਗੜ ਦੇ ਆਉਣ ਨਾਲ ਤੇਵਰ ਢਿੱਲੇ ਪੈਣੇ ਸ਼ੁਰੂ ਹੋ ਗਏ। ਸ੍ਰੀ ਸਹੂੰਗੜਾ ਮੁਹੱਲਾ ਊਧਮ ਸਿੰਘ ਨਗਰ ਦੇ ਵਾਸੀਆਂ ਤੇ ਗਰੀਬ ਵਰਗ ਦੇ ਸਾਥੀਆਂ ਨਾਲ ਬਾਰਾਦਰੀ ਬਾਗ ਹੁੰਦੇ ਹੋਏ ਚੰਡੀਗੜ੍ਹ ਚੌਂਕ ਵਿਚ ਪਹੁੰਚੇ, ਜਿੱਥੇ ਉਹਨਾਂ ਵਿਦਿਆਰਥੀਆਂ ਦਾ ਡਟ ਕੇ ਸਾਥ ਦਿੱਤਾ। ਪੁਲਿਸ ਵਾਲਿਆਂ ਨੇ ਪ੍ਰਾਈਵੇਟ ਕਾਲਜਾਂ ਵਾਲਿਆਂ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਬਾਰਾਦਰੀ ਬਾਗ ਦੇ ਗੇਟ ਨੂੰ ਬੰਦ ਕਰਕੇ ਵਿਦਿਆਰਥੀਆਂ ਉਪਰ ਪਸ਼ੂਆਂ ਵਾਂਗ ਜ਼ੁਲਮ ਕੀਤਾ। ਇਹ ਸੁਣ ਕੇ ਸ਼ਿੰਗਾਰਾ ਰਾਮ ਸਹੂੰਗੜਾ ਗੁੱਸੇ ਵਿਚ ਆ ਗਏੈ ਤੇ ਚੰਡੀਗੜ੍ਹ ਚੌਂਕ ਵਿਚ ਜਾਮ ਲਗਾ ਦਿੱਤਾ ਤੇ ਪੁਲਿਸ ਪ੍ਰਸ਼ਾਸਨ ਖਿਲਾਫ ਜਮ ਕੇ ਨਾਅਰੇਬਾਜ਼ੀ ਕੀਤੀ।

# ਵਿਦਿਆਰਥੀਆਂ ਤੇ ਕੀਤੇ ਲਾਠੀਚਾਰਜ ਦੀ ਮੈਜਿਸਟ੍ਰੇਟੀ ਜਾਂਚਹੋਵੇ- ਡੀ.ਟੀ.ਐਫ. ਆਗੂ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਅਤੇ ਨੌਜਵਾਨ ਭਾਰਤ ਸਭਾ ਵੱਲੋਂ ਬੀਤੇ ਕੱਲ੍ਹ ਨਵਾਂਸ਼ਹਿਰ ਪੁਲਿਸ ਪੰਜਾਬ ਸਟੂਡੈਂਟ ਯੂਨੀਅਨ ਦੇ ਵਿਦਿਆਰਥੀਆਂ ਤੇ ਸ਼ਾਂਤਮਈ ਰੋਸ ਰੈਲੀ ਦੌਰਾਨ ਕੀਤੇ ਬੇਹਿਸਾਬੇ ਲਾਠੀਚਾਰਜ ਤੇ ਸ਼ਾਂਤਮਈ ਰੋਸ ਰੈਲੀ ਦੌਰਾਨ ਕੀਤੇ ਬੇਹਿਸਾਬੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਡੀ. ਟੀ. ਐਫ. ਦੇ ਸੂਬਾ ਕਮੇਟੀ ਮੈਂਬਰ ਮਾਸਟਰ ਮੁਕੇਸ਼ ਕੁਮਾਰ ਤੇ ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਕੁਲਵਿੰਦਰ ਚਾਹਲ ਨੇ ਆਖਿਆ ਕਿ ਸਰਕਾਰ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਦੀ ਬਜਾਏ ਉਹਨਾਂ ਦੇ ਬੱਚਿਆਂ ਦੁਆਰਾ ਕੀਤੇ ਸੰਘਰਸ਼ ਨੂੰ ਲਾਠੀਚਾਰਜ ਨਾਲ ਦਬਾਉਣਾ ਚਾਹੁੰਦੀ ਹੈ। ਜਿਸ ਦਾ ਜਮਹੂਰੀ ਜਥੇਬੰਦੀਆਂ ਡੱਟ ਕੇ ਵਿਰੋਧ ਕਰਨਗੀਆਂ ਅਤੇ ਸਰਕਾਰ ਤੋਂ ਮੰਗ ਕਰਦੀਆਂ ਹਨ ਕਿ ਜਿੱਥੇ ਪਹਿਲਾਂ ਪ੍ਰਸ਼ਸਨ ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ, ਉਥੇ ਬਿਨਾਂ ਕਿਸੇ ਵਜ੍ਹਾ ਦੇ ਭੜਕਾਹਟ ਦੇ ਕੀਤੇ ਲਾਠੀਚਾਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਵੇ। ਮੰਗਾਂ ਨਾ



ਮੰਨਣ ਦੀ ਸੂਰਤ ਵਿਚ ਜਮਹੂਰੀ ਜਥੇਬੰਦੀਆਂ ਵਿਦਿਆਰਥੀਆਂ ਦੇ ਸੰਘਰਸ਼ ਦਾ ਡਟ ਕੇ ਸਮਰਥਨ ਕਰਨਗੀਆਂ। ਇਸ ਮੌਕੇ ਤੇ ਉਹਨਾਂ ਨਾਲ ਡੀ. ਈ ਐਫ ਦੇ ਆਗੂ ਮਾਸਟਰ ਸੁਖਦੇਵ ਡਾਨਸੀਵਾਲ, ਮਾਸਟਰ ਨਰੇਸ਼ ਕੁਮਾਰ, ਮਾਸਟਰ ਸੱਤਪਾਲ, ਮਾਸਟਰ ਰਾਜ ਕੁਮਾਰ, ਮਾਸਟਰ ਰੁਪਿੰਦਰ ਨਾਗਰਾ ਤੇ ਮਾਸਟਰ ਪ੍ਰਦੀਪ ਕੁਮਾਰ ਆਦਿ ਹਾਜ਼ਰ ਸਨ।







ਦੇਸ਼ ਦੁਆਬਾ

# ਦੀਵੇ ਥੱਲੇ ਹਨੇਰਾ

ਪੰਜਾਬ ਨਸ਼ੇ ਦੇ ਜਾਲ ਨੂੰ ਕੱਟਣ ਅਤੇ ਇਸ ਵਿਚੋਂ ਬਾਹਰ ਨਿਕਲਣ ਦੇ ਲਈ ਲੜ ਰਿਹਾ ਹੈ। ਚੰਗੀ ਗੱਲ ਇਹ ਹੈ ਕਿ ਸਰਕਾਰੀ ਪੱਧਰ ਤੇ ਵੀ ਇਸਨੂੰ ਲੈ ਕੇ ਬੇਚੈਨੀ ਸਪਸ਼ਟ ਦਿਖਾਈ ਦਿੰਦੀ ਹੈ ਅਤੇ ਸੀਮਾ ਸੁਰੱਖਿਆ ਫੋਰਸ ਅਤੇ ਪੁਲਿਸ ਪ੍ਰਸ਼ਾਸਨ ਵੀ ਆਪਣੇ ਵੱਲੋਂ ਪੂਰਾ ਜ਼ੋਰ ਲਗਾ ਰਿਹਾ ਹੈ ਪਰ ਇਸ ਕੋਸ਼ਿਸ਼ ਦੀ ਇਕ ਮਹੱਤਵਪੂਰਨ ਲੜੀ ਵਿਚ ਬਹੁਤ ਵੱਡਾ ਛੇਕ ਦਿਖਾਈ ਦੇ ਰਿਹਾ ਹੈ ਜੋ ਪੰਜਾਬ ਨੂੰ ਆਸਾਨੀ ਨਾਲ ਨਸ਼ੇ ਦੇ ਜਾਲ ਤੋਂ ਮੁਕਤ ਨਹੀਂ ਹੋਣ ਦੇਵੇਗਾ। ਇਹ ਹਨ ਨਸ਼ਾ ਮੁਕਤੀ ਕੇਂਦਰ, ਜਿਹਨਾਂ 'ਤੇ ਨਸ਼ੇ ਦੀ ਆਦਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਸ ਬਿਮਾਰੀ ਤੋਂ ਮੁਕਤੀ ਦਿਵਾਉਣ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ। ਇਹ ਨਿਰਾਸ਼ਾਜਨਕ ਹੈ ਕਿ ਸੂਬੇ ਦੇ ਜ਼ਿਆਦਾਤਰ ਨਸ਼ਾ ਮੁਕਤੀ ਕੇਂਦਰਾਂ ਵਿਚ ਹਰ ਰੋਜ਼ ਕੋਈ ਨਾ ਕੋਈ ਮਾੜੀ ਖਬਰ ਸਾਹਮਣੇ ਆਉਂਦੀ ਹੈ। ਫਿਰੋਜ਼ਪੁਰ ਵਿਚ ਵੀ ਬੀਤੇ ਦਿਨੀਂ ਪ੍ਰਮੁੱਖ ਅਧਿਕਾਰੀਆਂ ਦੀ ਟੀਮ ਨੇ ਗੁਰੂ ਹਰਸਹਾਏ ਤਹਿਸੀਲ ਦੇ ਨੇੜੇ ਸਥਿਤ ਸੇਵਾ ਭਾਰਤੀ ਸੁਸਾਇਟੀ ਦੇ ਨਸ਼ਾ ਛੁਡਾਊ ਕੇਂਦਰ ਤੇ ਛਾਪਾ ਮਾਰ ਕੇ ਵੱਡੀ ਮਾਤਰਾ ਵਿਚ ਪਾਬੰਦੀਸ਼ੁਦਾ ਦਵਾਈਆਂ ਸਮੇਤ ਇਸ ਕੇਂਦਰ ਦੇ ਸੰਚਾਲਕ ਡਾਕਟਰ ਨੂੰ ਪਕੜਿਆ। ਇਹ ਚਿੰਤਾ ਵਾਲੀ ਗੱਲ ਹੈ ਕਿ ਇਸ ਕੇਂਦਰ ਨੂੰ ਚਲਾ ਰਹੇ ਡਾਕਟਰ ਪਿਛਲੇ ਕਈ ਮਹੀਨਿਆਂ ਤੋਂ ਵਰਜਿਤ ਦਵਾਈਆਂ ਵੇਚ ਰਹੇ ਸਨ ਅਤੇ ਸੂਬੇ ਭਰ ਤੋਂ ਵੱਡੀ ਗਿਣਤੀ ਵਿਚ ਲੋਕ ਇੱਥੇ ਪਾਬੰਦੀਸ਼ੁਦਾ ਦਵਾਈਆਂ ਲੈਣ ਆਉਂਦੇ ਸਨ। ਇਹ ਇਕੱਲਾ ਕੇਂਦਰ ਨਹੀਂ ਹੈ, ਜਿੱਥੇ ਅਜਿਹੀਆਂ ਗਤੀਵਿਧੀਆਂ ਹੋ ਰਹੀਆਂ ਸਨ ਬਲਕਿ ਇਸ ਸ਼ੰਕੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਈ ਹੋਰ ਕੇਂਦਰ ਵੀ ਅਜਿਹੀਆਂ ਗਤੀਵਿਧੀਆਂ ਵਿਚ ਲੱਗੇ ਹੋਣਗੇ। ਕੁਝ ਕੇਂਦਰਾਂ ਵਿਚ ਤਾਂ ਇਲਾਜ ਦੇ ਲਈ ਦਾਖਲ ਨੌਜਵਾਨਾਂ ਨਾਲ ਮਾਰ ਕੁੱਟ ਤੱਕ ਕੀਤੀ ਜਾਂਦੀ ਹੈ। ਗੱਲ ਸਿਰਫ ਨਸ਼ਾ ਮੁਕਤੀ ਕੇਂਦਰਾਂ ਦੀ ਹੀ ਨਹੀਂ ਹੈ, ਬਲਕਿ ਪ੍ਰਦੇਸ਼ ਦੇ ਕਈ ਮੈਡੀਕਲ ਸਟੋਰਾਂ ਤੇ ਵੀ ਚੋਰੀ-ਛਿਪੇ ਪਾਬੰਦੀਸ਼ੁਦਾ ਦਵਾਈਆਂ ਵੇਚਣ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਇਸ ਨਾਲ ਨਿਪਟਣ ਦੇ ਲਈ ਜੋ ਉਪਾਅ ਕੀਤੇ ਜਾ ਰਹੇ ਹਨ ਕਿਤੇ ਨਾ ਕਿਤੇ ਹੋਰ ਕੋਸ਼ਿਸ਼ਾਂ ਦੀ ਲੋੜ ਹੈ ਤਾਂ ਜੋ ਸ਼ੱਕੀ ਨਸ਼ਾ ਮੁਕਤੀ ਕੇਂਦਰਾਂ ਅਤੇ ਮੈਡੀਕਲ ਸਟੋਰਾਂ ਤੇ ਪੂਰੀ ਤਰ੍ਹਾਂ ਸ਼ਿਕੰਜਾ ਕਸਿਆ ਜਾ ਸਕੇ। ਡਾਕਟਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਲੋਕਾਂ ਦੀ ਜਾਨ ਬਚਾਉਣ ਵਾਲੇ ਫਰਿਸ਼ਤੇ ਹਨ, ਅਜਿਹੀ ਭਾਵਨਾ ਨਾਲ ਹੀ ਉਹ ਕੰਮ ਕਰਨਗੇ ਤਾਂ ਹੀ ਪੰਜਾਬ ਨਸ਼ਿਆਂ ਤੋਂ ਬਚ ਸਕੇਗਾ।


- ਤਰਸੇਮ ਜਲੰਧਰੀ

# ਸਰਕਾਰਾਂ ਅਤੇ ਰਾਜਨੀਤੀਵਾਨਾਂ ਦੀ ਲਾਪਰਵਾਹੀ ਦਾ ਸ਼ਿਕਾਰ ਹੋ ਰਹੇ ਹਨ ਦੇਸ ਵਿੱਚ ਸਿਕਲੀਗੀਰ

## ਅਨੁਸੂਚਿਤ ਜਾਤਿ ਹੋਣ ਦੇ ਬਾਵਜੂਦ ਨਹੀਂ ਮਿਲ ਰਿਹਾ ਭਲਾਈ ਯੋਜਨਾਵਾਂ ਦਾ ਲਾਭ


ਕੁਲਦੀਪ ਚੰਦ
9417563054

ਭਾਰਤ ਦੇਸ਼ ਵਿੱਚ ਵੱਖ ਵੱਖ ਧਰਮਾ ਅਤੇ ਜਾਤਾਂ ਦੇ ਲੋਕ ਰਹਿੰਦੇ ਹਨ। ਦੁਸ਼ਮਣਾਂ ਨਾਲ ਹੋਣ ਵਾਲੀਆਂ ਲੜਾਈਆਂ ਲਈ ਕਿਸੇ ਵੇਲੇ ਹਥਿਆਰ ਬਣਾਉਣ ਵਾਲੇ ਸਿਕਲੀਗਰ ਜਾਤ ਨਾਲ ਸਬੰਧਿਤ ਲੋਕ ਹੁਣ ਸਰਕਾਰਾਂ ਅਤੇ ਰਾਜਨੀਤੀਵਾਨਾਂ ਦੀ ਲਾਪਰਵਾਹੀ ਦਾ ਸ਼ਿਕਾਰ ਹੋ ਰਹੇ ਹਨ। ਸਿਗਲੀਗਰ ਪਰਸ਼ੀਅਨ ਭਾਸ਼ਾ ਦੇ ਸਾਕੀ/ਸਕਲੀ ਤੋਂ ਬਣਿਆ ਹੈ। ਇਹ ਲੋਹੇ ਦੇ ਜੰਗੀ ਹਥਿਆਰ ਤਲਵਾਰਾਂ, ਢਾਲਾਂ ਆਦਿ ਬਣਾਉਂਦੇ ਸਨ ਅਤੇ ਸਕਲਰ ਦਾ ਮਤਲਬ ਹੈ ਤਲਵਾਰ ਨੂੰ ਪਾਲਿਸ਼ ਕਰਨਾ। ਸਿਕਲੀਗਰ ਲੋਹੇ ਦੇ ਹਥਿਆਰ ਔਜ਼ਾਰ ਬਣਾਉਣ ਅਤੇ ਉਹਨਾਂ ਨੂੰ ਪਾਲਿਸ਼ ਕਰਨ ਦਾ ਕੰਮ ਕਰਦੇ ਸਨ। ਪੁਰਾਣੇ ਸਮਿਆਂ ਵਿੱਚ ਲੜਾਈਆਂ ਤਲਵਾਰਾਂ, ਨੇਜਿਆਂ, ਬਰਛਿਆਂ ਆਦਿ ਨਾਲ ਕੀਤੀਆਂ ਜਾਂਦੀਆਂ ਸਨ ਅਤੇ ਤਲਵਾਰਾਂ, ਢਾਲਾਂ, ਨੇਜਿਆਂ, ਸ਼ੀਲਡਾਂ ਆਦਿ ਦੀ ਭਾਰੀ ਮੰਗ ਹੁੰਦੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸਿਗਲੀਗਰਾਂ ਮੁੱਖ ਰੂਪ ਵਿੱਚ ਆਂਧਰਾ ਪ੍ਰਦੇਸ, ਮਹਾਂਰਾਸ਼ਟਰ, ਕਰਨਾਟਕਾ, ਗੁਜਰਾਤ, ਹਰਿਆਣਾ, ਪੰਜਾਬ, ਰਾਜਾਸਥਾਨ, ਮੱਧ ਪ੍ਰਦੇਸ਼ ਆਦਿ ਰਾਜਾਂ ਵਿੱਚ ਰਹਿੰਦੇ ਹਨ। ਇਹਨਾਂ ਨੂੰ ਵੱਖ ਵੱਖ ਰਾਜਾਂ ਵਿੱਚ ਕਾਮਗਾਰ, ਕਰੀਨਗਰ, ਕੁਛਬੰਦ, ਲੌਹਾਰ, ਪੰਚਲ ਸੈਕਲਗਰ, ਸੱਕਾ, ਸਿਗਲੀਗਰ, ਸਿਗਲੀਗਰ ਸਿੱਖ ਆਦਿ ਨਾਵਾਂ ਨਾਲ ਵੀ ਬੁਲਾਇਆ ਜਾਂਦਾ ਹੈ। ਇਹਨਾਂ ਨੂੰ ਆਮ ਤੌਰ ਤੇ ਗੱਡੀ ਲੌਹਾਰ ਵੀ ਕਿਹਾ ਜਾਂਦਾ ਹੈ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਵਿੱਚ ਗੱਡੀ ਲੌਹਾਰਾਂ ਦਾ ਪਹਿਲੀ ਵਾਰ ਸਿੱਖਾਂ ਨਾਲ ਮੇਲ ਹੋਇਆ। ਗੁਰੂ ਅਰਜੁਨ ਦੇਵ ਜੀ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਨਾਮ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਸਿੱਖ ਕੌਮ ਨੂੰ ਪੜ੍ਹਨ ਅਤੇ ਮਾਰਸ਼ਲ ਆਰਟ ਵਿੱਚ ਨਿਪੁੰਨ ਕਰਨ ਦੇ ਨਾਲ-ਨਾਲ ਹਥਿਆਰ ਚਲਾਉਣ ਵਿੱਚ ਨਿਪੁੰਨ ਕੀਤਾ ਜਾਣ ਲੱਗਾ। ਇਸਦੇ ਲਈ ਤਲਵਾਰਾਂ ਅਤੇ ਹੋਰ ਲੋਹੇ ਦੇ ਹਥਿਆਰਾਂ ਦੀ ਭਾਰੀ ਲੋੜ ਸੀ ਜਿਸਨੂੰ ਕਿ ਸਿਗਲੀਗਰ ਸਿੱਖਾਂ ਨੇ ਬਣਾ ਕੇ ਇਸ ਜ਼ਰੂਰਤ ਨੂੰ ਪੂਰਾ ਕੀਤਾ ਸੀ। ਇਹਨਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਈ ਆਨੰਦਪੁਰ ਸਾਹਿਬ ਵਿੱਚ ਕਿਲਾ ਲੋਹਗੜ੍ਹ ਦਾ ਨਿਰਮਾਣ ਵੀ ਕੀਤਾ ਸੀ ਅਤੇ ਕਈ ਲੜਾਈਆਂ ਵਿੱਚ ਭਾਗ ਲਿਆ। ਇੱਕ ਸਿਕਲੀਗਰ ਜਿਸਦਾ ਨਾਮ ਰਾਮ ਚੰਦ ਸੀ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸਨੂੰ ਸਿੱਖ ਬਣਾ ਕੇ ਉਸਦਾ ਨਾਮ ਰਾਮ ਸਿੰਘ ਰੱਖ ਦਿੱਤਾ ਅਤੇ ਇਸ ਤਰ੍ਹਾਂ ਪਹਿਲਾਂ ਸਿਕਲੀਗਰ ਸਿੱਖ ਬਣਿਆ। ਉਹ ਗੁਰੂ ਜੀ ਦੇ ਰਾਤ ਦੇ ਸਮੇਂ ਕਿਲ੍ਹਾ ਛੱਡਣ ਸਮੇਂ ਅਤੇ ਚਮਕੌਰ ਦੀ ਲੜਾਈ ਵਿੱਚ ਨਾਲ ਰਿਹਾ। ਭਾਈ ਬਦਨ ਸਿੰਘ ਅਤੇ ਭਾਈ ਮੋਦਨ ਸਿੰਘ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਨੰਦੇੜ ਸਾਹਿਬ ਤੱਕ ਨਾਲ ਰਹੇ। ਇਸਤੋਂ ਬਾਦ ਇਹ ਸਿਕਲੀਗਰ ਛੋਟੇ ਛੋਟੇ ਸਮੂਹਾਂ ਵਿੱਚ ਵੰਡੇ ਗਏ। ਇਨ੍ਹਾਂ ਵਿਚੋਂ ਕੁੱਝ ਮਹਾਰਾਜਾ ਆਲਾ ਸਿੰਘ ਦੀ ਸੇਵਾ ਵਿੱਚ ਲੱਗ ਗਏ। ਜਦੋਂ ਨਾਹਨ ਦੇ ਮਹਾਰਾਜ ਨੇ ਹਥਿਆਰਾਂ ਬਾਰੇ ਅਤੇ ਹਥਿਆਰਾਂ ਨੂੰ ਬਣਾਉਣ ਸਬੰਧੀ ਮਹਾਰਾਜਾ ਆਲਾ ਸਿੰਘ ਨੂੰ ਪੁੱਛਿਆ ਤਾਂ ਮਹਾਰਾਜਾ ਆਲਾ ਸਿੰਘ ਨੇ ਸਿਕਲੀਗਰ ਮੋਹਣ ਸਿੰਘ, ਮਦਨ ਸਿੰਘ, ਟੈਹਲ ਸਿੰਘ ਨੂੰ ਭੇਜਿਆ। ਮਹਾਰਾਣੀ ਆਸ ਕੌਰ ਮਿਸਰ ਨੌਧ ਦੀ ਬਗਾਵਤ ਵੇਲੇ ਸਿਕਲੀਗਰ ਕੇਸਰ ਸਿੰਘ, ਮਹਿਤਾਵ ਸਿੰਘ, ਖੁਮ ਸਿੰਘ, ਗੁਲਾਬ ਸਿੰਘ, ਜਵਾਹਰ ਸਿੰਘ ਆਦਿ ਨੇ ਲੜਾਈ ਵਿੱਚ ਜੋਹਰ ਵਿਖਾਏ ਅਤੇ ਲੜਾਈ ਜਿੱਤ ਲਈ। ਬਾਦ ਵਿੱਚ ਇਨ੍ਹਾਂ ਨੂੰ ਮਿਸਰ ਵਲੋਂ ਮੌਤ ਦੀ ਸਜਾ ਦਿਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਨ੍ਹਾਂ ਨੇ ਬੰਦੂਕਾ ਤੇ ਰਾਇਫਲਾਂ ਬਣਾਉਣੀਆਂ ਸ਼ੁਰੂ ਕੀਤੀਆਂ। ਇਨ੍ਹਾਂ ਵਲੋਂ ਬਣਾਈਆਂ ਜਾਂਦੀਆਂ ਰਾਇਫਲਾਂ ਦੇ ਨਾਮ ਮੁੱਖ ਤੌਰ ਤੇ ਟੋਰੇਦਾਰ, ਕੋਟਲੀ, ਪੱਤਾ, ਚੂਰੀਦਾਰ ਅਤੇ ਸਾਦਾ ਆਦਿ ਸਨ। ਅੰਗਰੇਜੀ ਹਕੂਮਤ ਵੇਲੇ ਇਨ੍ਹਾ ਤੇ ਕਹਿਰ ਵਰਤਿਆ। ਅੰਗਰੇਜਾਂ ਨੇ ਇਨ੍ਹਾਂ ਵਲੋਂ ਬਣਾਏ ਜਾਣ ਵਾਲੇ ਹਥਿਆਰਾ ਤੇ ਪਾਬੰਦੀ ਲਗਾ ਦਿਤੀ ਅਤੇ ਇਨ੍ਹਾਂ ਨੂੰ ਅਪਰਾਧਿਕ ਕਬੀਲਾ ਘੋਸ਼ਿਤ ਕਰ ਦਿਤਾ। ਇਸਤੋਂ ਬਾਦ ਇਹ ਵਿਖਰ ਗਏ ਅਤੇ ਛੋਟੇ ਛੋਟੇ ਸਮੂਹਾਂ ਵਿੱਚ ਰਹਿਣ ਲੱਗ ਪਏ। ਇਨ੍ਹਾਂ ਨੇ ਹਥਿਆਰ ਬਣਾਉਣ ਦਾ ਖਾਨਦਾਨੀ ਧੰਦਾ ਛੱਡਕੇ ਚਾਕੂ ਛੁਰੀਆਂ ਅਤੇ ਕੈਂਚੀਆਂ ਤੇਜ਼ ਕਰਨ ਦਾ ਕੰਮ ਅਤੇ ਤਾਲਿਆਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿਤਾ। ਨਵੀਂ ਪੀੜ੍ਹੀ ਦੇ ਹਥਿਆਰਾਂ ਅਤੇ ਤਕਨਾਲੋਜੀ ਕਰਕੇ ਸਿਕਲੀਗਰਾਂ ਦੇ ਲੋਹੇ ਦੇ ਕੰਮ ਤੇ ਮਾੜਾ ਅਸਰ ਪਿਆ ਹੈ ਅਤੇ ਇਹਨਾਂ ਦੀ ਆਰਥਿਕਤਾ ਡਾਵਾਂਡੋਲ ਹੋ ਗਈ ਹੈ। ਜਿਸ ਕਾਰਨ ਇਹ ਲੋਕ ਗਰੀਬ ਹੋ ਗਏ ਅਤੇ ਇਹਨਾਂ ਨੂੰ ਭਾਰਤ ਸਰਕਾਰ ਨੇ ਅਨੁਸੂਚਿਤ ਜਾਤਿ ਵਿੱਚ ਸ਼ਾਮਿਲ ਕਰ ਦਿੱਤਾ ਹੈ। ਇਹ ਲੋਕ ਛੋਟੇ-ਛੋਟੇ ਸਮੂਹਾਂ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਤੇ ਘੁੰਮਦੇ ਰਹਿੰਦੇ ਹਨ। ਇਹ ਚਾਕੂ ਛੁਰੀਆਂ, ਦਾਤੀਆਂ, ਤਾਲੇ, ਟੋਕਰੀਆਂ ਅਤੇ ਲੋਹੇ ਦੀ ਟੁੱਟ ਭੱਜ ਤੋਂ ਹੋਰ ਵਸਤੂਆਂ ਜਿਵੇਂ ਕਿ ਖਿਡੌਣੇ ਆਦਿ

(ਬਾਕੀ ਸਫਾ 22 ਤੇ)

# ਗਿਆਨ - ਵਿਗਿਆਨ


ਮੇਘ ਰਾਜ ਮਿੱਤਰ
+91-98887-87440

### ਭੂਚਾਲ ਕਿਵੇਂ ਆਉਂਦੇ ਹਨ?

ਕੋਇਟੇ ਦੇ ਭੂਚਾਲ ਨੂੰ ਭਾਰਤ ਦੇ ਲੋਕ ਕਦੇ ਨਹੀਂ ਭੁੱਲ ਸਕਦੇ ਕਿਉਂਕਿ ਇਹ ਸ਼ਹਿਰ ਕੁਝ ਪਲਾਂ ਵਿੱਚ ਹੀ ਪੂਰੇ ਦੀ ਪੂਰਾ ਤਬਾਹ ਹੋ ਗਿਆ ਸੀ। ਪਿਛਲੇ ਦਹਾਕੇ ਵਿੱਚ ਚੀਨ ਦੀ ਪੰਜ ਲੱਖ ਆਬਾਦੀ ਵਾਲਾ ਇਕ ਪੂਰੇ ਦਾ ਪੂਰਾ ਸ਼ਹਿਰ ਧਰਤੀ ਵਿੱਚ ਹੀ ਗਰਕ ਹੋ ਗਿਆ ਸੀ। ਬਹੁਤ ਹੀ ਥੋੜ੍ਹੇ ਲੋਕ ਇਸ ਵਿੱਚੋਂ ਬਚ ਸਕੇ ਸਨ। ਆਉ ਵੇਖੀਏ ਕਿ ਧਰਤੀ ਤੇ ਭੂਚਾਲਾਂ ਦਾ ਪ੍ਰਕੋਮ ਕਿਉਂ ਹੁੰਦਾ ਹੈ ਜੇ ਤੁਸੀਂ ਖੜ੍ਹੇ ਪਾਣੀ ਦੇ ਵਿਚਕਾਰ ਇਕ ਪੱਥਰ ਸੁੱਟੇ ਤਾਂ ਤੁਸੀਂ ਵੇਖੋਗੇ ਕਿ ਪਾਣੀ ਵਿੱਚ ਛੋਟੀਆਂ ਛੋਟੀਆਂ ਲਹਿਰਾਂ ਪੈਦਾ ਹੋ ਜਾਂਦੀਆਂ ਹਨ। ਜਿਸ ਸਥਾਨ ਤੇ ਪੱਥਰ ਸੁੱਟਿਆ ਗਿਆ ਸੀ ਉਸ ਸਥਾਨ ਤੇ ਲਹਿਰਾਂ ਦੀ ਤੀ-ਬਰਤਾ ਵੱਧ ਹੋਵੇਗੀ ਅਤੇ ਜਿਉਂ ਜਿਉਂ ਇਹ ਲਹਿਰਾਂ ਕਿਨਾਰੇ ਵੱਲ ਆਉਂਦੀਆਂ ਜਾਣਗੀਆਂ ਤਿਉਂ ਤਿਉਂ ਹੀ ਇਹਨਾਂ ਦੀ ਤੀਬਰਤਾ ਘਟਦੀ ਜਾਵੇਗੀ। ਧਰਤੀ ਦੇ ਅੰਦਰ ਕਰੋੜਾਂ ਹੀ ਚਟਾਨਾਂ ਹਨ। ਧਰਤੀ ਦੀ ਅੰਦਰਲੀ ਉਥਲ ਪੁਥਲ ਤੇ ਦਬਾਉ ਕਾਰਨ ਇਹ ਚਟਾਨੀ ਪਲੇਟਾਂ ਆਪਸ ਵਿੱਚ ਟਕਰਾ ਜਾਂਦੀਆਂ ਹਨ ਜਾਂ ਇਕ ਸਥਾਨ ਤੋਂ ਦੂਸਰੇ ਸਥਾਨ ਤੇ ਖਿਸਕ ਜਾਂਦੀਆਂ ਹਨ। ਜਿਹਨਾਂ ਸਥਾਨਾਂ ਤੇ ਗੜਬੜ ਹੁੰਦੀ ਹੈ ਉਹਨਾਂ ਸਥਾਨਾਂ ਤੇ ਧਰਤੀ ਦੀ ਪੇਪੜੀ ਨੂੰ ਇਕ ਜ਼ੋਰਦਾਰ ਧੱਕਾ ਲੱਗਦਾ ਹੈ ਇਸ ਧੱਕੇ ਦੇ ਕਾਰਨ ਪ੍ਰਿਥਵੀ ਕੰਬ ਉਠਦੀ ਹੈ। ਇਹ ਕੰਬਾਹਟ ਹੀ ਆਸੇ- ਪਾਸੇ ਫੈਲ ਜਾਂਦੀ ਹੈ। ਜਿਸ ਜਗ੍ਹਾ ਤੇ ਇਹ ਕੰਬਾਹਟ ਪੈਦਾ ਹੋਈ ਸੀ ਉਸ ਜਗ੍ਹਾ ਤੇ ਇਸ ਦੀ ਤੀ-ਬਰਤਾ ਵੱਧ ਸੀ। ਜਿਉਂ ਜਿਉਂ ਦੂਰੀ ਵਧਦੀ ਜਾਂਦੀ ਹੈ ਇਸ ਦੀ ਤੀਬਰਤਾ ਘਟਦੀ ਜਾਂਦੀ ਹੈ। ਅੱਜ ਕੱਲ ਭੂਚਾਲਾਂ ਨੂੰ ਰਿਚਕ ਸਕੇਲ ਤੇ ਮਾਪਿਆ ਜਾਂਦਾ ਹੈ। ਸਿਫ਼ਰ ਤੋਂ ਤਿੰਨ ਰਿਚਰ ਸਕੇਲ ਤੱਕ ਦੇ ਭੂਚਾਲ ਕੋਈ ਹਾਨੀ ਪਹੁੰ-ਚਾਉਂਦੇ ਪਰ ਅੱਠ ਜਾਂ ਇਸ ਤੋਂ ਵੱਧ ਰਿਚਰ ਸਕੇਲ ਵਾਲੇ ਤੂਫਾਨ ਭੂਚਾਲ ਨਿਅੰਕਰ ਤਬਾਹੀਆਂ ਪੈਦਾ ਕਰਦੇ ਹਨ।

### ਗੜ੍ਹੇ ਕਿਵੇਂ ਬਣਦੇ ਹਨ?

30 ਅਪ੍ਰੈਲ 1888 ਈ. ਨੂੰ ਉੱਤਰ ਪ੍ਰਦੇਸ਼ ਦੇ ਇਕ ਜਿਲੇ ਮੁਰਦਾਬਾਦ ਵਿਚ ਪਏ ਗੜ੍ਹਿਆਂ ਕਾਰਨ ਲਗਭਗ 250 ਵਿਅਕਤੀ ਮੌਤ ਦਾ ਸ਼ਿਕਾਰ ਹੋ ਗਏ ਸਨ। ਪੰਜਾਬ ਵਿੱਚ ਬਹੁਤ ਸਾਰੀਆਂ ਥਾਵਾਂ ਤੇ ਗੜ੍ਹਿਆਂ ਨਾਲ ਫਸਲਾਂ ਦੀ ਤਬਾਹੀ ਹੁੰਦੀ ਅੱਖੀਂ ਵੇਖੀ ਗਈ ਹੈ। ਗੜ੍ਹਿਆਂ ਦਾ ਵਿਆਸ 3 ਇੰਚ ਤੇ ਭਾਰ ਅੱਧਾ ਕਿਲੋ ਤੱਕ ਵੀ ਹੋ ਸਕਦਾ ਹੈ।

ਬੱਦਲਾਂ ਰਾਹੀਂ ਹੋ ਰਹੀ ਬਰਸਾਤ ਦੀਆਂ ਬੂੰਦਾਂ ਜਦੋਂ ਕਿਸੇ ਅਜਿਹੇ ਸਥਾਨ ਤੋਂ ਅੰਘਦੀਆਂ ਹਨ ਜਿੱਥੇ ਤਾਪਮਾਨ ਸਿਰਫ ਦਰਜੇ ਸੈਲਸੀਅਸ ਤੋਂ ਘੱਟ ਹੁੰਦਾ ਹੈ ਤਾਂ ਇਹ ਜੰਮ ਜਾਂਦੀਆਂ ਹਨ। ਇਹਨਾਂ ਜੰਮੀਆਂ ਹੋਈਆਂ ਬੂੰਦਾ ਨੂੰ ਹਵਾਵਾਂ ਉੱਪਰ ਉਠਾ ਲੈ ਜਾਂਦੀਆਂ ਹਨ ਜੇ ਉਸ ਸਥਾਨ ਤੇ ਪਹਿਲਾਂ ਹੀ ਪਾਣੀ ਦੀਆਂ ਬੂੰਦਾਂ ਹੋਣ ਤਾਂ ਇਹ ਵੀ ਇਹਨਾਂ ਬੂੰਦਾਂ ਤੇ ਜੰਮ ਜਾਂਦੀਆਂ ਹਨ। ਇਸ ਤਰ੍ਹਾਂ ਇਹਨਾਂ ਦਾ ਅਕਾਰ ਵੱਡਾ ਹੋਣਾ ਸ਼ੂਰੂ ਹੋ ਜਾਂਦਾ ਹੈ। ਜਦੋਂ ਇਹਨਾਂ ਵੱਡੀਆਂ ਬਰਫ ਦੀਆਂ ਟੁਕੜੀਆਂ ਨੂੰ ਹਵਾਵਾਂ ਸੰਭਾਲ ਨਹੀਂ ਸਕਦੀਆਂ ਤਾਂ ਇਹ ਡਿੱਗਦੀਆਂ ਸ਼ੂਰੂ ਹੋ ਜਾਂਦਾ ਹੈ। ਜਦੋਂ ਇਹਨਾਂ ਵੱਡੀਆਂ ਬਰਫ ਦੀਆਂ ਟੁਕੜੀਆਂ ਨੂੰ ਹਵਾਵਾਂ ਸੰਭਾਲ ਨਹੀਂ ਸਕਦੀਆਂ ਤਾਂ ਇਹ ਡਿੱਗਣੀਆਂ ਸ਼ੂਰੂ ਹੋ ਜਾਂਦੀਆਂ ਹਨ। ਜੇ ਤੁਸੀਂ ਕਿਸੇ ਗੜੇ ਨੂੰ ਕੱਟ ਕੇ ਧਿਆਨ ਪੂਰਬਕ ਦੇਖੋਗੇ ਤਾਂ ਤੁਹਾਨੂੰ ਇਸਦੇ ਸਫੈਦ ਤੇ ਪਾਰਦਰਸ਼ੀ ਭਾਗ ਵਿੱਚ ਗੋਲਾਈਆਂ ਸਪੱਸ਼ਟ ਨਜ਼ਰ ਆਉਣਗੀਆਂ ਜੋ ਇਸ ਗੱਲ ਦਾ ਸੂਚਕ ਹਨ ਕਿ ਪਾਣੀ ਇਹਨਾਂ ਉੱਪਰ ਵਾਰ ਵਾਰ ਜੰਮਦਾ ਰਿਹਾ ਹੈ।

### ਧਰਤੀ ਦੇ ਅੰਦਰ ਕੀ ਹੈ?

ਭਾਵੇਂ ਹੁਣ ਤੱਕ ਵਿਗਿਆਨੀਆਂ ਦੇ ਵਰਮੇ ਧਰਤੀ ਵਿੱਚ 13000 ਮੀਟਰ ਤੋਂ ਡੂੰਘਾ ਛੇਕ ਨਹੀਂ ਕਰ ਸਕੇ ਹਨ। ਫਿਰ ਵੀ ਵਿਗਿਆਨੀਆਂ ਨੇ ਇਹ ਪਤਾ ਲਾ ਲਿਆ ਹੈ ਕਿ ਧਰਤੀ ਦੇ ਅੰਦਰ ਕੀ ਹੈ। ਆਉ ਜਾਣੀਏ ਕਿ ਉਹ ਅਜਿਹਾ ਕਿਉਂ ਕਰਦੇ ਹਨ।

ਇਸਤਰੀਆਂ ਮਿੱਟੀ ਦਾ ਘੜਾ ਖ੍ਰੀਦਣ ਸਮੇਂ ਇਸ ਨੂੰ ਟੁਣਕਾ ਕੇ ਕਿਉਂ ਵੇਖਦੀਆਂ ਹਨ? ਇਸ ਦਾ ਉੱਤਰ ਸਪਸ਼ਟ ਹੈ ਕਿ ਇਸ ਨਾਲ ਉਹਨਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਘੜਾ ਕੱਚਾ ਹੈ ਜਾਂ ਪੱਕਾ। ਇਸ ਤਰ੍ਹਾਂ ਹੀ ਤੇਲ ਦੇ ਵਿਉਪਾਰੀ ਢੋਲ ਨੂੰ ਠੋਲਾ ਮਾਰ ਕੇ ਦੱਸ ਦਿੰਦੇ ਹਨ ਕਿ ਢੋਲ ਕਿੰਨਾ ਭਰਿਆ ਹੋਇਆ ਹੈ। ਡਾਕਟਰ ਲੋਕ ਸਟੈਥੋਸਕੋਪ ਰਾਹੀਂ ਆਵਾਜ਼ ਸੁਣ ਕੇ ਫੇਫੜਿਆਂ ਦਾ ਹਿਸਾਬ ਕਿਤਾਬ ਲਗਾ ਲੈਂਦੇ ਹਨ। ਇਸ ਤਰ੍ਹਾਂ ਹੀ ਵਿਗਿਆਨੀ ਭੂਚਾਲਾਂ ਸਮੇਂ ਪੈਦਾ ਹੋਈਆਂ ਆਵਾਜ਼ਾਂ ਤੋ ਧਰਤੀ ਦੀਆਂ ਅੰਦਰਲੀਆਂ ਪਰਤਾਂ ਦਾ ਹਿਸਾਬ ਲਗਾ ਸਕਦੇ ਹਨ। ਵਿਗਿਆਨੀਆਂ ਅਨੁਸਾਰ ਅੱਜ ਤੋਂ ਕਰੋੜਾਂ ਸਾਲ ਪਹਿਲਾਂ ਆਪਣੀ ਹੋਂਦ ਵਿੱਚ ਆਉਣ ਤੋਂ ਬਾਦ ਧਰਤੀ ਪਿਘਲ ਗਈ ਤੇ ਗੁਰੂਤਾ ਕਾਰਨ ਇਸ ਵਿਚਲਾ ਸਾਰਾ ਪਾਦਰਥ ਅੱਲਗ- ਅਲੱਗ ਘਣਤਾ ਵਾਲੀਆਂ ਪਰਤਾਂ ਵਿੱਚ ਦੁਬਾਰਾ ਸੈਟ ਹੋ ਗਿਆ ਤੇ ਇਸ ਦੀਆਂ ਤਿੰਨ ਪਰਤਾਂ ਬਣ ਗਈਆਂ। ਪਹਿਲੀ ਪਰਤ ਨੂੰ ਪੇਪੜੀ ਕਿਹਾ ਜਾਂਦਾ ਹੈ। ਇਹ ਧਰਤੀ ਦੀ ਸਤਾਹ ਤੋਂ 35 ਤੋ 60 ਕਿਲੋਮੀਟਰ ਅੰਦਰ ਬਾਹਰ ਤੱਕ ਹੈ। ਇਸ ਤੋਂ ਹੇਠਲਾ ਭਾਗ ਮੈਟਲ ਅਖਵਾਉਂਦਾ ਹੈ ਇਸ ਵਿੱਚ ਪਿਘਲਦੀਆਂ ਹੋਈਆਂ ਚਟਾਨਾਂ ਤੇ ਉੱਬਲਦੀਆਂ ਗੈਸਾਂ ਹਨ। ਇਹ ਲਗਭਗ 2900 ਕਿਲੋਮੀਟਰ ਦੀ ਡੂੰਘਾਈ ਤੱਕ ਹੈ। ਤੀਸਰੀ ਤਹਿ ਠੋਸ ਹੈ ਇਸ ਵਿੱਚ ਲੋਹਾਂ ਅਤੇ ਨਿਕਲ ਠੋਸ ਹਾਲਤਾਂ ਵਿੱਚ ਹਨ ਤੇ ਇਸਦੀ ਮੋਟਾਈ 3400 ਕਿ-ਲੋਮੀਟਰ ਦੇ ਲਗਭਗ ਹੈ।

### ਗ੍ਰਹਿਣ ਕਿਵੇਂ ਲਗਦੇ ਹਨ?

ਸਾਨੂੰ ਆਪਣੀ ਜ਼ਿੰਦਗੀ ਦੇ ਰੋਜ਼ਾਨਾ ਕੰਮਾਂ ਕਾਰਾਂ ਨੂੰ ਵਿਗਿਆਨਕ ਪੜ੍ਹਾਈ ਨਾਲ ਜੋੜ ਕੇ ਹੀ ਵਿਚਾਰਨਾ ਚਾਹੀਦਾ ਹੈ। ਅੱਜ ਬਹੁਤ ਸਾਰੇ ਵਿਗਿਆਨ ਦੇ ਅਧਿਆਪਕ ਤੇ ਵਿਦਿਆਰਥੀ ਅਜਿਹੇ ਹਨ ਜਿਹੜੇ ਪੜ੍ਹਾ ਤਾਂ ਵਿਗਿਆਨ ਰਹੇ ਹੁੰਦੇ ਹਨ ਪਰ ਰੋਜ਼ਾਨਾ ਜ਼ਿੰਦਗੀ ਵਿੱਚ ਵਿਚਰਨ ਵੇਲੇ ਉਹ ਇਸਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਅਧਿਆਪਕ ਬੱਚਿਆਂ ਨੂੰ ਦੱਸ ਰਿਹਾ ਹੁੰਦਾ ਹੈ ਕਿ ਗ੍ਰਹਿਣ ਕਿਵੇਂ ਲੱਗਦੇ ਹਨ ਪਰ ਗ੍ਰਹਿਣ ਸਮੇਂ ਉਹ ਆਪਣੇ ਘਰ ਇਸਨੂੰ ਅਸ਼ੁਭ ਮੰਨਕੇ ਦਾਨ ਪੁੰਨ ਕਰਨੇ ਲੱਗ ਜਾਂਦੇ ਹੈ। ਇਹ ਦੂਸਰਾ ਮਿਆਰ ਬਿਲਕੁਲ ਨਿੰਦਣਯੋਗ ਹੈ ਤੇ ਸਾਡੀ ਤਰੱਕੀ ਦੇ ਰਾਹ ਵਿੱਚ ਰੋੜਾ ਵੀ। ਅਸੀਂ ਜਾਣਦੇ ਹਾਂ ਕਿ ਸਾਡੀ ਧਰਤੀ ਸੂਰਜ ਦੁਆਲੇ, ਤੇ ਚੰਦਰਮਾਂ ਸਾਡੀ ਧਰਤੀ ਦੁਆਲੇ ਚੱਕਰ ਲਾਉਂਦੇ ਹਨ। ਘੁੰਮਦੇ ਘੁੰਮਦੇ ਜਦੋਂ ਇਹ ਤ੍ਰਿੰਨੇ ਇਕ ਸਰਲ ਰੇਖਾ ਵਿੱਚ ਆ ਜਾਂਦੇ ਹਨ ਤੇ ਧਰਤੀ ਸੂਰਜ ਤੇ ਚੰਦਰਮਾਂ ਦੇ ਵਿਚਕਾਰ ਆ ਜਾਂਦੀ ਹੈ ਤਾਂ ਇਹ ਸੂਰਜ ਦੀਆਂ ਕਿਰਨਾਂ ਨੂੰ ਚੰਦਰਮਾਂ ਤੇ ਪੈਣ ਤੋਂ ਰੋਕ ਲੈਂਦੀ ਹੈ। ਇਸ ਤਰ੍ਹਾਂ ਚੰਦਰਮਾ ਦਾ ਪਰਛਾਵੇਂ ਵਾਲਾ ਭਾਗ ਧਰਤੀ ਦੇ ਲੋਕਾਂ ਨੂੰ ਨਜ਼ਰ ਨਹੀਂ ਆਉਂਦਾ।

ਇਸ ਨੂੰ ਚੰਦ ਗ੍ਰਹਿਣ ਕਹਿੰਦੇ ਹਨ। ਇਹ ਪੂਰਨ ਜਾਂ ਅੰਸ਼ਿਕ ਰੂਪ ਵਿੱਚ ਵੀ ਹੋ ਸਕਦਾ ਹੈ। ਇਸ ਤਰੇਂ ਜਦੋਂ ਚੰਦਰਮਾ ਧਰਤੀ ਤੇ ਸੂਰਜ ਦੇ ਵਿਚਕਾਰ ਆ ਜਾਂਦਾ ਹੈ ਤਾਂ ਇਹ ਸੂਰਜ ਤੋਂ ਆਉਣ ਵਾਲੀਆਂ ਕਿਰਨਾਂ ਨੂੰ ਰੋਕ ਲੈਂਦੇ ਹੈ।

ਕਿਉਂਕਿ ਇਸਦਾ ਹਨੇਰਾ ਭਾਗ ਹੀ ਧਰਤੀ ਵਾਲੇ ਪਾਸੇ ਹੁੰਦਾ ਹੈ ਇਸ ਲਈ ਧਰਤੀ ਦੇ ਲੋਕਾਂ ਨੂੰ ਸੂਰਜ ਅਸ਼ਿੰਕ ਰੂਪ ਵਿੱਚ ਜਾਂ ਪੂਰਨ ਰੂਪ ਵਿੱਚ ਦਿਖਾਈ ਨਹੀਂ ਦਿੰਦਾ ਹੈ। ਇਸਨੂੰ ਸੂਰਜ ਗ੍ਰਹਿਣ ਕਿਹਾ ਜਾਂਦਾ ਹੈ। ਸਾਡੇ ਸੂਰਜ ਮੰਡਲ ਵਿੱਚ ਅਜਿਹੇ ਗ੍ਰਹਿ ਹਨ ਜਿਨ੍ਹਾਂ ਦੇ ਚੰਦਰਮਾ ਇੱਕ ਦਰਜਨ ਤੋਂ ਵੀ ਵੱਧ ਹਨ ਤਾਂ ਇਹਨਾਂ ਤੇ ਲੱਗਣ ਵਾਲੇ ਗ੍ਰਹਿਣਾ ਦੀ ਗਿਣਤੀ ਦਸ ਹਜ਼ਾਰ ਤੋਂ ਵੀ ਵੱਧ ਹੁੰਦੀ ਹੈ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# 15 ਵਾਂ ਮਹਾਨ ਨਗਰ ਕੀਰਤਨ - ਗੁਰੂ ਰਵਿਦਾਸ ਟੈਂਪਲ ਰਿਓਲਿੰਡਾ



ਜੀਵਨ ਰੱਤੂ
916-256-9393

ਤੁਧ ਬਿਨ ਕਉਨ ਕਰੈ ਗੁਰੂ ਨੇ ਬਾਣੀ ਵਿਚ ਫੁਰਮਾਇਆ ਹੈ,
"ਕਹਿ ਰਵਿਦਾਸ ਅਕਥ ਕਥਾ, ਬਹੁ ਕਾਇ ਕਰੀਜੈ ਜੈਸਾ ਤੂ ਤੈਸਾ ਤੂਹੀ ਕਿਆ ਉਪਮਾ ਦੀਜੈ!!
ਕਿ ਐ ਪ੍ਰਮਾਤਮਾ ਤੇਰੀ ਵਡਿਆਈ ਕਹਿਣ ਤੋਂ ਬਾਹਰ ਹੈ। ਹੋਰ ਕੋਈ ਵੀ ਦੂਸਰਾ ਤੇਰੇ ਜਿਹਾ ਨਹੀਂ। ਸਾਡੇ ਲਈ ਵੱਡੀਆਂ-ਵੱਡੀਆਂ ਗੱਲਾਂ ਕਰਨਾ ਬਹੁਤ ਸੌਖਾ ਹੈ ਪਰ ਛੋਟੀਆਂ-ਛੋਟੀਆਂ ਗੱਲਾਂ ਸਮਝਣੀਆਂ ਬਹੁਤ ਔਖੀਆਂ ਨੇ। ਲਿਖਿਆ ਹੋਇਆ ਤਾਂ ਬਹੁਤ ਹੈ ਸਾਡੇ ਕੋਲ ਵੀ ਤੇ ਸਾਡੇ ਆਲੇ-ਦੁਆਲੇ ਵੀ ਪਰ ਮੈਂ ਉਸ ਲਿਖੇ ਦੇ ਮੁਤਾਬਕ ਚਲਦਾ ਕਿੱਥੇ ਹਾਂ। ਕੰਮਕਾਰਾਂ ਉਤੇ ਵੀ ਹਦਾਇਤਾਂ ਜਾਂ ਟਰੈਫਿਕ ਨਿਯਮ ਸਭ ਕੁਝ ਲਿਖ ਕੇ ਲਗਾਇਆ ਹੋਇਆ ਹੈ ਪਰ ਉਸ ਉਪਰ ਅਮਲ ਦੀ ਬਹੁਤ ਘਾਟ ਹੈ। ਗੁਰਬਾਣੀ ਇਹ ਵੀ ਫੁਰਮਾਉਂਦੀ ਹੈ ਕਿ:
"ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ"

ਮਨੁੱਖ ਨੂੰ ਸਮਝਾਇਆ ਗਿਆ ਹੈ ਕਿ ਮਨੁੱਖ ਦਾ ਸੱਚੇ ਨਾਲ ਜੁੜਨਾ ਜ਼ਰੂਰੀ ਹੈ। ਚਿਤ ਕਿਵੇਂ ਜੁੜੇ ਇਹ ਸਮਝ, ਸੁਮੱਤ, ਗੁਰਮਤ ਗਿਆਨ, ਗੁਰੂ ਰਾਹੀਂ ਸਮਝ ਪੈਂਦੀ ਹੈ। ਇਹ ਨਿਯਮ, ਹੁਕਮ, ਭਾਣਾ, ਸੱਚ ਤੇ ਪਿਆਰ ਸਾਨੂੰ ਗੁਰੂ ਗ੍ਰੰਥ ਸਾਹਿਬ ਬਹੁਤ ਹੀ ਵਧੀਆ ਤਰ੍ਹਾਂ ਸਿਖਾਉਂਦੇ ਤੇ ਸਮਝਾਉਂਦੇ ਨੇ। ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਮਾਰਗ-ਦਰਸ਼ਕ ਸਮਝ ਕੇ, ਉਚੀ ਸਿੱਖਿਆ ਪ੍ਰਾਪਤ ਕਰਕੇ ਤੇ ਏਕਤਾ ਨਾਲ ਸਭ ਨਾਲ ਵਿਚਰ ਕੇ ਹਰ ਕੋਈ ਇਕ ਸੰਪੂਰਨ ਇਨਸਾਨ ਬਣ ਸਕਦਾ ਹੈ ਪਰ ਇਹ ਕਾਫੀ ਔਖਾ ਕਾਰਜ ਪ੍ਰਤੀਤ ਹੁੰਦਾ ਹੈ।

ਇਸ ਵਾਰ 8 ਮਾਰਚ ਨੂੰ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਸਬੰਧੀ ਕੱਢੇ ਗਏ 15ਵੇਂ ਮਹਾਨ ਤੇ ਮੁਬਾਰਕ ਨਗਰ ਕੀਰਤਨ ਦੌਰਾਨ ਜੋ ਪੱਖ ਸਭ ਤੋਂ ਵੱਧ ਉਘੜ ਕੇ ਪੇਸ਼ ਆਇਆ ਉਹ ਸੀ 'ਏਕਤਾ ਤੇ ਸਦਭਾਵਨਾ' ਭਾਵੇਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਹੁਤ ਹੀ ਕਾਬਿਲੇ-ਤਾਰੀਫ ਇੰਤਜ਼ਾਮ ਕੀਤੇ ਸਨ ਪਰ ਸਮੂਹ ਸੰਗਤ ਵੱਲੋਂ ਜੋ ਸੇਵਾ-ਭਾਵਨਾ, ਆਪਸੀ ਪਿਆਰ ਤੇ ਮਿਲਵਰਤਣ ਵਿਖਾਇਆ ਗਿਆ, ਉਹ ਸੱਚੀ ਉਸ ਮਾਲਿਕ ਦਾ ਹੀ ਆਸ਼ੀਰਵਾਦ ਸੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੱਲ ਕਰਾਂ ਤਾਂ ਸ੍ਰੀ ਜੋਗਿੰਦਰ ਚੁੰਬਰ ਤੇ ਸ੍ਰੀ ਜੱਸੀ ਬੰਗਾ ਦੀ ਅਗਵਾਈ ਵਿਚ ਸਾਰੀ ਟੀਮ (ਸ੍ਰੀ ਦਰਸ਼ਨ ਵਿਰਕ, ਸ੍ਰੀ ਸਤਨਾਮ ਮੰਡਾਲੀ, ਸ੍ਰੀ ਬਲਵਿੰਦਰ ਰੱਲ੍ਹ, ਸ੍ਰੀ ਰਾਜ ਕੁਮਾਰ ਸੂਦ, ਸ੍ਰੀ ਰਾਜ ਬੱਧਨ, ਸ੍ਰੀ ਸੁਰਿੰਦਰ ਮੱਲ, ਸ੍ਰੀ ਇੰਦਰਜੀਤ ਪਡਬੱਗਾ, ਸ੍ਰੀ ਮਨਜੀਤ ਭਾਰਦਵਾਜ, ਸ੍ਰੀ ਜਸਵੰਤ ਸ਼ੀਮਾਰ, ਸ੍ਰੀ ਕਰਨੈਲ ਵਿਰਕ, ਸ੍ਰੀ ਮਨਜੀਤ ਪਾਲ, ਸ੍ਰੀ ਮਹਿੰਦਰ ਸਿੰਘ ਧਾਮੀ ਤੇ ਸ੍ਰੀ ਸੁਰਿੰਦਰ ਚੌਹਾਨ) ਨੇ ਹੀ ਆਪੋ ਆਪਣੇ ਫਰਜ਼ਾਂ ਤੇ ਸੇਵਾਵਾਂ ਨੂੰ ਸਮਝਦਿਆਂ ਸੁਚੱਜੇ ਤੇ ਸੁਹਣੇ ਪ੍ਰਬੰਧਾਂ 'ਚ ਭਰਪੂਰ ਯੋਗਦਾਨ ਪਾਇਆ ਅਤੇ ਇਕ-ਦੂਜੇ ਨੂੰ ਕੋਈ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ ਪਰ ਇਸਦੇ ਨਾਲ-ਨਾਲ ਹੀ ਸਾਬਕਾ ਕਮੇਟੀਆਂ ਤੇ ਸਭ ਮੈਂਬਰਾਂ, ਸੈਕਰਾਮੈਂਟੋ ਦੀ ਸਮੂਹ ਸੰਗਤ ਹਰ ਕਿਸੇ ਨੇ ਜੀਅ-ਜਾਨ ਨਾਲ ਹਰ ਤਰ੍ਹਾਂ ਦੀ ਲੋੜੀਂਦੀ ਮਦਦ ਕੀਤੀ।

ਸਮੂਹ ਸੰਗਤ ਵਿਚ ਆਪਸੀ ਤਾਲਮੇਲ ਤੇ ਪਿਆਰ ਦਾ ਹੀ ਨਤੀਜਾ ਸੀ ਕਿ ਇਸ ਵਾਰ ਇੰਨਾ ਵੱਡਾ ਸੰਗਤ-ਇਕੱਠ ਹੋ ਸਕਿਆ। ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦੀ ਭਾਵਨਾ ਹਰ ਇਕ ਨੇ ਦਿਖਾਈ ਤੇ ਇਹ ਸਾਬਤ ਕਰ ਦਿੱਤਾ ਕਿ ਕੋਈ ਉਦੇਸ਼ ਸਿਰੇ ਚਾੜ੍ਹਨ ਲਈ ਜ਼ਰੂਰੀ ਨਹੀਂ ਕਿ ਕਮੇਟੀਆਂ ਦੇ ਮੈਂਬਰ ਬਣਿਆ ਜਾਵੇ, ਸੇਵਾ ਉਂਝ ਵੀ ਕੀਤੀ ਜਾ ਸਕਦੀ ਹੈ।

ਸਿਆਣਿਆਂ ਕਿਹਾ ਹੈ ਕਿ ਸਾਂਝਾਂ ਨੂੰ ਮਾਨਣ ਅਤੇ ਵਖਰੇਵਿਆਂ ਦਾ ਸਤਿਕਾਰ ਕਰਨ ਨਾਲ ਮਨੁੱਖ ਵਿਕਾਸ ਕਰਦਾ ਹੈ। ਕੀ ਪਤਾ ਕਿਸੇ ਦੀ ਕੋਈ ਛੋਟੀ-ਮੋਟੀ ਰੰਜਸ਼ ਜਾਂ ਨਰਾਜ਼ਗੀ ਹੋਵੇ ਪਰ ਫਿਰ ਵੀ ਕਿਸੇ ਨੇ ਰੱਤਾ ਭਰ ਜ਼ਾਹਿਰ ਨਹੀਂ ਹੋਣ ਦਿੱਤੀ। ਸਭ ਨੇ ਸਹਾਇਤਾ ਲਈ ਹੱਥ ਵਧਾ ਕੇ, ਸੇਵਾਵਾਂ ਆਪ ਮੰਗ-ਮੰਗ ਕੇ ਤੇ ਇਕ-ਦੂਸਰੇ ਦੇ ਕੰਮ ਦੀ ਸਲਾਹੁਣਾ ਕਰ-ਕਰ ਕੇ ਇਹ ਦਿਖਾ ਦਿੱਤਾ ਕਿ ਹਿੰਮਤ ਮਨੁੱਖ ਦੇ ਅੰਦਰ ਹੀ ਹੁੰਦੀ ਹੈ ਕਿਤਿਉਂ ਬਾਹਰ ਤਲਾਸ਼ਣ ਦੀ ਲੋੜ ਨਹੀਂ। ਗਲਤੀਆਂ ਤੇ ਮੁਆਫੀਆਂ ਦੋਵੇਂ ਹੀ ਇਨਸਾਨ ਦੇ ਆਪਣੇ ਹੱਥ ਨੇ ਜੇ ਕੋਈ ਮੇਰੇ ਜਿਹਾ ਨਾ-ਤਜਰਬੇਕਾਰ ਕੋਈ ਗਲਤੀ ਕਰਦਾ ਹੈ ਤਾਂ ਸੂਝਵਾਨ ਉਸਨੂੰ ਮਾਫ ਵੀ ਕਰ ਦਿੰਦੇ ਨੇ। ਮੈਨੂੰ ਇਸ ਗੱਲ ਦੀ ਅਥਾਹ ਖੁਸ਼ੀ ਹੁੰਦੀ ਹੈ ਕਿ ਮੈਂ ਆਪਣਾ ਕੰਮ, ਖੌਰੇ ਸਹੀ ਕੀਤਾ ਜਾਂ ਗਲਤ ਪਰ ਸਭ ਨੇ ਹੱਲਾਸ਼ੇਰੀ ਤੇ ਸ਼ਾਬਾਸ਼ ਵੀ ਦਿੱਤੀ ਤਾਂ ਕਿ ਮੈਂ ਅਗਾਂਹ ਇਸ ਵਿਚ ਹੋਰ ਸੁਧਾਰ ਲਿਆ ਸਕਾਂ। ਮੈਂ ਉਹਨਾਂ ਸਭ ਦਾ ਬਹੁਤ ਧੰਨਵਾਦੀ ਹਾਂ ਜੋ ਮੇਰੀਆਂ ਗਲਤੀਆਂ ਮਾਫ ਕਰਕੇ ਮੈਨੂੰ ਹੋਰ ਚੰਗਾ ਕਰਨ ਦਾ ਮੌਕਾ ਦਿੰਦੇ ਹਨ।

ਸ੍ਰੀ ਹਰਦਿਆਲ ਬੰਗਾ ਜੀ ਵੱਲੋਂ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਇਕ ਲਾਜਵਾਬ ਉਦਮ ਹੈ, ਸਭ ਸੰਗਤਾਂ ਗੁਰੂ ਜੀ ਦੀ ਪਵਿੱਤਰ ਪਾਲਕੀ 'ਤੇ ਵਰਸਦੇ ਫੁੱਲ ਵੇਖ ਕੇ ਅਥਾਹ ਭਾਵੁਕ ਹੋ ਉਠੀਆਂ। ਸਭ ਨੇ ਫੁੱਲ ਆਪਣੀਆਂ ਝੋਲੀਆਂ 'ਚ ਪਵਾਏ ਤੇ ਜ਼ਮੀਨ ਤੇ ਡਿੱਗੇ ਹੋਏ ਵੀ ਚੁੱਕ ਕੇ ਮੱਥਿਆਂ ਨੂੰ ਲਗਾਏ। ਇਹ ਸਭ ਉਸ ਦਾਤੇ ਦਾ ਆਸ਼ੀਰਵਾਦ ਤੇ ਮਿਹਰ ਹੀ ਤਾਂ ਸੀ।

ਜਿਹਨਾਂ ਵੀਰਾਂ ਨੇ ਬਾਹਰ ਲੰਗਰ ਲਗਾਏ, ਉਹਨਾਂ ਦੀ ਇਸ ਮਹਾਨ ਸੇਵਾ ਨੂੰ ਵੀ ਸਿਰ ਝੁਕਦਾ ਹੈ ਹਰ ਸਾਲ ਇਸੇ ਤਰ੍ਹਾਂ ਸੰਗਤਾਂ ਬਾਹਰੋਂ ਆ-ਆ ਕੇ ਗੁਰੂ ਕੇ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦੀਆਂ ਸੇਵਾਵਾਂ ਕਰਦੀਆਂ ਹਨ। ਦਰਬਾਰ ਸਾਹਿਬ ਤੋਂ ਆਏ ਕੀਰਤਨੀ ਜਥਿਆਂ ਨੇ ਇਸ ਵਾਰ ਸੰਗਤਾਂ ਨੂੰ ਗੁਰੂ ਦੇ ਰਸਭਿੰਨੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਕੇ ਰੂਹ ਤੱਕ ਝੰਜੋੜਿਆ ਜਿਹਨਾਂ ਵਿਚ ਭਾਈ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ ਅਤੇ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਕੁਹਾੜਕਾ ਦੇ ਨਾਮ ਅਹਿਮ ਹਨ। ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਸਾਹਿਬ ਜਸਪਾਲ ਸਿੰਘ ਜੀ ਤਾਂ ਬੇਮਿਸਾਲ ਹੈ ਹੀ ਨੇ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਅਤੇ ਰਾਇਲ ਕਲੱਬ ਕੈਲੀਫੋਰਨੀਆ ਹਮੇਸ਼ਾ ਦੀ ਤਰ੍ਹਾਂ ਸਾਰੇ ਮੈਂਬਰਾਂ ਸਮੇਤ ਨਗਰ ਕੀਰਤਨ ਦੀ ਰੌਣਕ 'ਚ ਵਾਧਾ ਕਰਨ ਲਈ ਪਧਾਰੇ।

ਬਾਹਰ ਹੋਰ ਸਟੇਟਾਂ ਤੋਂ ਆਏ ਮਹਿਮਾਨ, ਪੰਜੇ ਸਭਾਵਾਂ ਤੇ ਸੈਕਰਾਮੈਂਟੋ ਦੇ ਸਿੱਖ ਟੈਂਪਲ, ਯੂਬਾ ਸਿਟੀ ਦੇ ਸਿੱਖ ਟੈਂਪਲ ਸਭ ਨੇ ਆਪਣਾ ਅਣਮੁੱਲਾ ਤੇ ਵਡਮੁੱਲਾ ਯੋਗਦਾਨ ਦੇ ਕੇ ਇਹ ਸਬਤ ਕਰ ਦਿੱਤਾ ਕਿ ਮਨੁੱਖਤਾ ਤੇ ਇਨਸਾਨੀਅਤ ਕਿਸੇ ਵੀ ਜਾਤ-ਪਾਤ ਨਾਲੋਂ ਕਿਤੇ ਵੱਡੀ ਹੈ। ਇਸ ਭਾਈਚਾਰਕ ਸਾਂਝ ਦੀ ਹੋਰ ਕੋਈ ਮਿਸਾਲ ਨਹੀਂ, ਭਾਵੇਂ ਕੋਈ ਕਿਸੇ ਵੀ ਧਰਮ ਜਾਂ ਜਾਤੀ ਨਾਲ ਸਬੰਧ ਰੱਖਦਾ ਹੋਵੇ ਪਰ ਗੁਰੂਆਂ ਦੇ ਇਹਨਾਂ ਮਹਾਨ ਪੁਰਬਾਂ 'ਚ ਇਕੱਠੇ ਹੋ ਕੇ ਸਾਰੇ ਇੱਕਮੁਠਤਾ ਤੇ ਏਕਤਾ ਦਾ ਸਬੂਤ ਦਿੰਦੇ ਹਨ। ਅਸੀਂ ਗੁਰੂ ਘਰ ਰਿਓਲਿੰਡਾ ਦੀ ਸੰਗਤ ਸਾਰਿਆਂ ਦੇ ਬਹੁਤ-ਬਹੁਤ ਧੰਨਵਾਦੀ ਹਾਂ ਕਿ ਤੁਸੀਂ ਇਸ ਨਗਰ ਕੀਰਤਨ ਵਿਚ ਹੁੰਮ-ਹੁੰਮਾ ਕੇ ਪਹੁੰਚਦੇ ਹੋ।

ਸਭ ਅਖਬਾਰਾਂ ਦੇ ਨੁਮਾਇੰਦੇ ਜੋ ਇਸ ਨਗਰ ਕੀਰਤਨ ਵਿਚ ਪਹੁੰਚੇ ਸਾਡਾ ਸਿਰ ਉਹਨਾਂ ਲਈ ਇੱਜਤ ਨਾਲ ਝੁਕਦਾ ਹੈ। ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਐਸ. ਅਸ਼ੋਕ ਭੌਰਾ, ਸ੍ਰੀ ਗੁਰਜਤਿੰਦਰ ਰੰਧਾਵਾ, ਸ੍ਰੀ ਸਤਨਾਮ ਖਾਲਸਾ ਸਭ ਨੇ ਆਪੋ-ਆਪਣਾ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ। ਸੋਨੂੰ ਚੱਠਾ ਜੀ ਵੱਲੋਂ ਹਰ ਸਾਲ ਇਸੇ ਤਰ੍ਹਾਂ ਰਿਕਾਰਡਿੰਗ ਤੇ ਜਗਦੇਵ ਸਿੰਘ (ਗਲੋਬਲ ਪੰਜਾਬ ਟੀ. ਵੀ.) ਵੱਲੋਂ ਸਿੱਧੇ ਪ੍ਰਸਾਰਣ ਦੀਆਂ ਕਾਬਲੇ-ਤਾਰੀਫ ਸੇਵਾਵਾਂ ਕੀਤੀਆਂ ਜਾਂਦੀਆਂ ਨੇ। ਸ੍ਰੀ ਹੁਸਨ ਲੜੋਆ ਬੰਗਾ ਜੀ ਹਮੇਸ਼ਾ ਸਮੂਹ ਸੰਗਤ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।

ਕਹਿੰਦੇ ਨੇ ਕਿ ਕਿਸੇ ਨੂੰ ਇਹ ਕਹਿਣ ਦੀ ਲੋੜ ਨਹੀਂ ਹੁੰਦੀ ਕਿ ਮੈਂ ਸਿੱਧੀ ਗੱਲ ਕਰਦਾ ਹਾਂ, ਜਦੋਂ ਕਰੋਗੇ ਤਾਂ ਆਪੇ ਪਤਾ ਲੱਗ ਜਾਵੇਗਾ। ਇਹ ਪਹਿਲੀ ਵਾਰ ਹੈ ਕਿ ਮੈਂ ਅਖਬਾਰ ਲਈ ਕੋਈ ਅਜਿਹੀ ਰਿਪੋਰਟ ਲਿਖ ਰਿਹਾ ਹਾਂ। ਮੈਂ ਕਈਆਂ ਦੇ ਨਾਂ ਲਿਖਣੇ ਭੁੱਲ ਗਿਆ ਹੋਵਾਂਗਾ ਜਾਂ ਨਹੀਂ ਲਿਖ ਰਿਹਾ, ਇਸਦੇ ਲਈ ਮੁਆਫੀ ਚਾਹਾਂਗਾ।

ਉਦੇਸ਼ ਨਾਲ ਜੇ ਸਮੇਂ ਦੀ ਹੱਦ ਨਾ ਬੰਨ੍ਹੀ ਜਾਵੇ ਤਾਂ ਇਹ ਸੁਪਨਾ ਹੀ ਅਖਵਾਉਂਦਾ ਹੈ। ਆਉਣ ਵਾਲਾ ਕੱਲ੍ਹ, ਲੰਘ ਗਏ ਸਾਲ ਨਾਲੋਂ ਵੀ ਵਧੇਰੇ ਸੰਭਾਵਨਾਵਾਂ ਵਾਲਾ ਹੁੰਦਾ ਹੈ। ਅਸੀਂ ਆਸ ਕਰਦੇ ਹਾਂ, ਪ੍ਰਬੰਧ ਜਿਸਦੇ ਹੱਥ ਮਰਜ਼ੀ ਹੋਵੇ, ਪਰ ਇਹ ਆਪਸੀ ਪਿਆਰ ਤੇ ਇਤਫਾਕ ਅਤੇ ਇਕ-ਦੂਸਰੇ ਦਾ ਲਿਹਾਜ਼ ਹਮੇਸ਼ਾ ਬਣਿਆ ਰਹੇਗਾ।

ਖੂਬਸੂਰਤ ਫਲੋਟਾਂ ਨਾਲ ਸਜਿਆ ਨਗਰ ਕੀਰਤਨ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ-ਪਿਆਰਿਆਂ ਦੀ ਅਗਵਾਈ ਵਿਚ ਤੇ ਰਸਭਿੰਨੇ ਗੁਰਬਾਣੀ ਕੀਰਤਨ ਦੇ ਨਾਲ ਰਿਓਲਿੰਡਾ ਦੀਆਂ ਸੜਕਾਂ ਤੇ ਕੱਢਿਆ ਗਿਆ, ਉਸ ਵਿਚ ਬੱਚਿਆਂ ਖਾਸ ਕਰਕੇ (ਜਸਟਿਨ, ਦੀਪਕ, ਅਕਸ਼ੈ, ਅਜੇਯ, ਬਲਕਾਸ਼ ਤੇ ਖੁਸ਼ੀ) ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਸਵਾਮੀ ਵਾਲਮੀਕ ਸਭਾ ਕੈਲੇਫੋਰਨੀਆ ਦੇ ਗਾਇਕਾਂ ਦੇ ਮਿਊਜ਼ੀਸ਼ੀਅਨਾਂ ਨੇ ਬੇਮਿਸਾਲ ਰੰਗ ਬਖੇਰੇ। ਸਮੂਹ ਬੀਬੀਆਂ ਦੀ ਸੰਗਤ ਕਿਸੇ ਵੀ ਸੇਵਾ ਤੋਂ ਪਿੱਛੇ ਨਹੀਂ ਰਹੀ। ਬੀਬੀਆਂ ਨੇ ਅਥਾਹ ਸ਼ਰਧਾ-ਭਾਵਨਾ, ਮਿਹਨਤ ਤੇ ਲਗਨ ਨਾਲ ਗੁਰੂ ਦੇ ਨਗਰ ਕੀਰਤਨ ਵਿਚ ਹਾਜ਼ਰੀਆਂ ਭਰੀਆਂ, ਲੰਗਰਾਂ ਤੇ ਸਫਾਈਆਂ ਦੀਆਂ ਸੇਵਾਵਾਂ ਉਹਨਾਂ ਨੇ ਪੁਰਸ਼ਾਂ ਨਾਲੋਂ ਵੱਧ ਜੋਸ਼ ਤੇ ਉਤਸ਼ਾਹ ਨਾਲ ਕੀਤੀਆਂ।

ਸਤਿਕਾਰ ਯੋਗ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਨਿਰਮਲ ਸਿੰਘ ਨੇ ਹਮੇਸ਼ਾ ਦੀ ਤਰ੍ਹਾਂ ਆਪਣੇ ਹਰ ਕਰਤੱਵ ਨੂੰ ਬਾਖੂਬੀ ਨਿਭਾਉਂਦਿਆਂ ਸੰਗਤ ਨੂੰ ਮੌਕੇ-ਮੌਕੇ ਸਹੀ ਸਲਾਹਾਂ ਦਿੱਤੀਆਂ ਤੇ ਸਮੂਹ ਸੰਗਤ ਲਈ ਅਰਦਾਸਾਂ ਕੀਤੀਆਂ।

ਕਹਿੰਦੇ ਨੇ ਨਾਂ ਨਾ ਯਾਦ ਰੱਖਣ ਨਾਲੋਂ ਚਿਹਰਾ ਯਾਦ ਰੱਖਣਾ ਸੌਖਾ ਹੁੰਦਾ ਹੈ ਤੇ ਸਭ ਦੇ ਚਿਹਰੇ ਆਪਣੇ ਕੈਮਰੇ 'ਚ ਬੰਦ ਕਰਕੇ ਆਪਣੀਆਂ ਸਿਰਕੱਢ ਅਖਬਾਰਾਂ 'ਅੰਬੇਦਕਰ ਟਾਈਮਜ ਅਤੇ 'ਦੇਸ਼ ਦੁਆਬਾ' 'ਚ ਫੋਟੋਆਂ ਤੇ ਖਬਰਾਂ ਪ੍ਰਕਾਸ਼ਿਤ ਕਰਕੇ, ਗੁਰੂ ਘਰ ਨਾਲ ਸਬੰਧਤ ਹਰ ਖਬਰ, ਹਰ ਘਟਨਾ ਦੀ ਜਾਣਕਾਰੀ ਦੇ ਕੇ ਜਿਸ ਇਨਸਾਨ ਨੇ ਸਾਨੂੰ ਦੂਰ-ਦੂਰ ਤੱਕ ਜਾਣੂ ਕਰਵਾਇਆ ਤੇ ਗੁਰਦੁਆਰਾ ਸਾਹਿਬ ਦਾ ਨਾਂ ਵਿਸ਼ਵ-ਪੱਧਰ ਤੱਕ ਫੈਲਾਇਆ, ਉਹਨਾਂ ਦਾ, ਭਾਵ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਦਾ ਮੈਂ ਅਤਿ ਧੰਨਵਾਦੀ ਹਾਂ। ਗੁਰੂਆਂ ਦੇ ਮਹਾਨ ਪ੍ਰਕਾਸ਼ ਦਿਹਾੜੇ ਮਨਾਉਣ ਵਾਲੀ ਸਾਧ-ਸੰਗਤ ਅਤੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਕੇ ਇਸਦੀ ਸ਼ਾਨੋ-ਸ਼ੌਕਤ ਤੇ ਰੌਣਕ ਨੂੰ ਦੁੱਗਣਾ ਚੌਗਣਾ ਕਰਨ ਵਾਲੀ ਸੰਗਤ, ਤੁਹਾਡਾ ਕੋਟਿ-ਕੋਟਿ ਧੰਨਵਾਦ ਹੈ। ਆਓ ਆਪਾਂ ਹਮੇਸ਼ਾ ਰਲ-ਮਿਲ ਕੇ ਇਹ ਮਹਾਨ ਦਿਹਾੜੇ ਮਨਾਈਏ। ਨਫਰਤ ਛੱਡ ਕੇ ਨਿਮਰਤਾ ਅਪਣਾ ਕੇ, ਤੇਰ-ਮੇਰ, ਵੈਰ-ਵਿਰੋਧ, ਕੂੜ ਦੇ ਲੋਭ, ਲਾਲਚ ਮੁਕਾ ਕੇ, ਮਜ਼ਹਬੀ ਵਿਤਕਰੇ ਮੁਕਾ ਕੇ ਇਕ ਹੋਈਏ ਤਾਂ ਕਿ ਦੁਨੀਆਂ ਤੇ ਪਿਆਰ, ਏਕਤਾ ਤੇ ਭਾਈਚਾਰਕ ਸਾਂਝ ਬਣੀ ਵੀ ਰਹੇ ਤੇ ਵਧਦੀ ਵੀ ਰਹੇ ਅਤੇ ਇਨਸਾਨੀਅਤ ਮਨਾਂ ਵਿਚ ਵੱਸਦੀ ਰਹੇ। ਗੁਰਦੁਆਰਾ ਪ੍ਰਬੰਧਕ ਕਮੇਟੀ ਸਮੂਹ ਸੰਗਤ ਦਾ ਲੱਖ-ਲੱਖ ਧੰਨਵਾਦ ਕਰਦੀ ਹੈ। ਐ ਪ੍ਰਮਾਤਮਾ ਤੂੰ ਹਮੇਸ਼ਾ ਸਾਡੇ ਤੇ ਇਵੇਂ ਹੀ ਕਰਮ ਤੇ ਮਿਹਰ ਕਰੀਂ ਅਸੀਂ ਤਾਂ ਇਹ ਹਮੇਸ਼ਾ ਗਾਉਣਾ ਹੈ: ਐਸੀ ਲਾਲ ਤੁੱਧ ਬਿਨ ਕਉਨ ਕਰੈ!!
ਗਰੀਬ ਨਿਵਾਜੁ ਗੁਸਈਆਂ ਮੇਰਾ, ਮਾਥੈ ਛਤ੍ਰ ਧਰੈ।।

# ਐਸ ਸੀ/ ਐਸ ਟੀ ਨੂੰ ਤਰੱਕੀ, ਰਿਜ਼ਰਵੇਸ਼ਨ ਵਿਚ ਫਿਰ ਛੋਟ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵਿਚ ਨੌਕਰੀ ਕਰਨ ਵਾਲੇ ਇਕ ਵਿਅਕਤੀ ਦੀ ਰਿੱਟ ਤੇ ਸੁਣਵਾਈ ਕਰਦੇ ਹੋਏ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨ ਜਾਤੀ ਦੇ ਲੋਕਾਂ ਦੀ ਤਰੱਕੀ ਵਿਚ ਛੋਟ ਨੂੰ ਫਿਰ ਬਰਕਰਾਰ ਰੱਖਣ ਦਾ ਆਦੇਸ਼ ਦਿੱਤਾ ਹੈ। ਇਸ ਛੋਟ ਨੂੰ 1997 ਵਿਚ ਖਤਮ ਕਰ ਦਿੱਤਾ ਗਿਆ ਸੀ।

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਆਪਣੇ ਆਦੇਸ਼ ਵਿਚ 1997 ਵਿਚ ਜਾਰੀ ਅਧਿਸੂਚਨਾ ਨੂੰ ਨਜਾਇਜ਼ ਕਰਾਰ ਦਿੰਦੇ ਹੋਏ ਕਿਹਾ ਕਿ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਲੋਕਾਂ ਨੂੰ ਨੌਕਰੀ ਵਿਚ ਵਿਭਾਗੀ ਪ੍ਰਮੋਸ਼ਨ ਵਿਚ ਮਿਲੀ ਰਿਜ਼ਰਵੇਸ਼ਨ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਦੇ ਮੁੱਖ ਜੱਜ ਆਰ. ਐਸ. ਲੋਢਾ ਦੀ ਪ੍ਰਧਾਨਗੀ ਵਾਲੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਦੇ ਇਸ ਫੈਸਲਾ ਤੋਂ ਕੇਂਦਰੀ ਨੌਕਰੀਆਂ ਦੇ ਨਾਲ ਹੀ ਰਾਜ ਦੀਆਂ ਨੌਕਰੀਆਂ ਵਿਚ ਦਲਿਤ ਵਰਗਾਂ ਦੀ ਤਰੱਕੀ ਵਿਚ ਛੋਟ ਮਿਲਣ ਦਾ ਰਸਤਾ ਖੁੱਲ੍ਹ ਗਿਆ ਹੈ। ਕੇਂਦਰ ਸਰਕਾਰ ਨੇ 1970 ਵਿਚ ਇਹਨਾਂ ਵਰਗਾਂ ਦੇ ਲੋਕਾਂ ਦੀ ਤਰੱਕੀਦੀ ਛੋਟ ਦੇਣ ਦਾ ਫੈਸਲਾ ਕੀਤਾ ਸੀ। ਸੰਵਿਧਾਨਕ ਬੈਂਚ ਵਿਚ ਜਸਟਿਸ ਜੇ. ਐਸ. ਖੇਹਰ, ਜੇ. ਚੇਲਮੇਸ਼ਵਰ, ਏ. ਕੇ. ਸੀਕਰੀ ਅਤੇ ਆਰ. ਐਫ. ਨਰੀਮਨ ਵੀ ਸ਼ਾਮਲ ਸਨ।

# ਨੇਤਾਗਿਰੀ ਦੇ ਲਈ ਚਮਚਾ ਗਿਰੀ ਦੀ ਤਾਜ਼ੀ ਤਸਵੀਰ

**ਨਵੀਂ ਦਿੱਲੀ–** ਰਾਜਨੀਤੀ ਵਿਚ ਚਮਚਾਗਿਰੀ ਕੋਈ ਨਵੀਂ ਚੀਜ਼ ਨਹੀਂ ਹੈ। ਚਮਚਾਗਿਰੀ ਦੀ ਤਾਜ਼ੀ ਤਸਵੀਰ ਆਈ ਹੈ ਬਿਹਾਰ ਤੋਂ। ਇੱਥੇ ਆਰ ਜੇ ਡੀ ਪ੍ਰਧਾਨ ਲਾਲੂ ਯਾਦਵ ਨੂੰ ਜੁੱਤੀਆਂ ਪੁਆਉਣ ਦੀ ਹੋੜ ਲੱਗ ਗਈ।

ਆਰ ਜੇ ਡੀ ਪ੍ਰਧਾਨ ਲਾਲੂ ਯਾਦਵ ਜਦੋਂ ਮੋਤੀਹਾਰੀ ਜ਼ਿਲ੍ਹੇ ਦੇ ਜਮੂਨੀਆ ਪਿੰਡ ਵਿਚ ਪਹੁੰਚੇ ਤਾਂ ਉਥੇ ਆਰ ਜੇ ਡੀ ਦੇ ਸਾਬਕਾ ਐਮ ਐਲ ਸੀ ਅਨਵਰ ਅਹਿਮਦ ਉਹਨਾਂ ਦੇ ਪੈਰਾਂ ਵਿਚ ਜੁੱਤੀਆਂ ਪੁਆਉਂਦੇ ਦਿੱਸੇ। ਇਸ ਕੰਮ ਵਿਚ ਲਾਲੂ ਯਾਦਵ ਦੇ ਬਾਡੀਗਾਰਡ ਨੇ ਵੀ ਮਦਦ ਕੀਤੀ। ਲਾਲੂ ਯਾਦਵ ਸਾਬਕਾ ਵਿਧਾਇਕ ਜਮੁਨਾ ਯਾਦਵ ਦੀ ਮੂਰਤੀ ਦੀ ਘੁੰਡ ਚੁਕਾਈ ਕਰਨ ਮੋਤੀਹਾਰੀ ਪਹੁੰਚੇ ਸਨ।

# ਖਾੜਕੂ ਭਾਈ ਜਗਤਾਰ ਸਿੰਘ ਹਵਾਰਾ ਆਰ ਡੀ ਐਕਸ ਮਾਮਲੇ ਵਿੱਚ ਬਰੀ

**ਲੁਧਿਆਣਾ–** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਤੇ ਬੱਬਰ ਖ਼ਾਲਸਾ ਦੇ ਖਾੜਕੂ ਭਾਈ ਜਗਤਾਰ ਸਿੰਘ ਹਵਾਰਾ ਨੂੰ ਲੁਧਿਆਣਾ ਵਿੱਚ ਆਰਡੀਐਕਸ ਮਾਮਲੇ ਵਿੱਚ ਐਡੀਸ਼ਨਲ ਸੈਸ਼ਨ ਜੱਜ ਸੰਜੀਵ ਜੋਸ਼ੀ ਦੀ ਅਦਾਲਤ ਵੱਲੋਂ ਬਾਇੱਜ਼ਤ ਬਰੀ ਕਰ ਦਿੱਤਾ ਗਿਆ ਹੈ।

ਭਾਈ ਜਗਤਾਰ ਸਿੰਘ ਹਵਾਰਾ ਨੂੰ ਵੀਡਿਓ ਕਾਨਫਰੰਸਿੰਗ ਰਾਹੀਂ ਤਿਹਾੜ ਜੇਲ੍ਹ ਦਿੱਲੀ ਤੋਂ ਪੇਸ਼ ਕੀਤਾ ਗਿਆ ਸੀ। ਕੇਸ ਦੀ ਆਖ਼ਰੀ ਬਹਿਸ ਤੋਂ ਬਾਅਦ ਅੱਜ ਲਈ ਫ਼ੈਸਲਾ ਰਾਖਵਾਂ ਰੱਖਿਆ ਗਿਆ ਸੀ। ਹਵਾਰਾ ਵੱਲੋਂ ਵਕੀਲ ਜਸਪਾਲ ਸਿੰਘ ਮੰਝਪੁਰ ਪੇਸ਼ ਹੋਏ।

ਜ਼ਿਕਰਯੋਗ ਹੈ ਕਿ ਲੁਧਿਆਣਾ ਦੀ ਫੋਕਲ ਪੁਆਇੰਟ ਪੁਲੀਸ ਨੇ 28 ਜਨਵਰੀ 1995 ਨੂੰ ਭਾਈ ਜਗਤਾਰ ਸਿੰਘ ਹਵਾਰਾ ਨੂੰ 7 ਕਿਲੋ ਆਰ.ਡੀ.ਐਕਸ. ਅਤੇ 12 ਕਿਲੋ ਜੈਲੇਟੀਨ ਨਾਲ ਗ੍ਰਿਫ਼ਤਾਰ ਕੀਤਾ ਸੀ ਜਿਸ



ਤੋਂ ਬਾਅਦ ਕੇਸ ਦਾ ਚਲਾਨ 1996 ਵਿੱਚ ਪੇਸ਼ ਕੀਤਾ ਗਿਆ ਸੀ।

ਬਾਅਦ ਵਿੱਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਕੇਸ ਬੁੜੈਲ ਜੇਲ੍ਹ ਵਿੱਚ ਚੱਲਣ ਦਾ ਨੋਟੀਫਿਕੇਸ਼ਨ ਹੋਣ ਕਾਰਨ ਇਸ ਕੇਸ ਦੀ ਕਾਰਵਾਈ ਰੁਕ ਗਈ ਸੀ ਤੇ 30 ਮਾਰਚ 2011 ਨੂੰ ਹਵਾਰਾ ਖ਼ਿਲਾਫ਼ ਇਸ ਕੇਸ ਦਾ ਚਾਰਜ ਲਗਾਇਆ ਗਿਆ ਸੀ।

ਇਸ ਕੇਸ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ ਦੇ ਅਹਿਲਮਦ ਪ੍ਰਭਜੀਤ ਸਿੰਘ, ਇੰਸਪੈਕਟਰ ਨਰਿੰਦਰਜੀਤ ਸਿੰਘ, ਇੰਸਪੈਕਟਰ ਗੁਰਿੰਦਰਜੀਤ ਸਿੰਘ, ਇੰਸਪੈਕਟਰ ਸ਼ਿਵ ਚਰਨ, ਅਸਿਸਟੈਂਟ ਸਬ-ਇੰਸਪੈਕਟਰ ਕੁਲਦੀਪ ਸਿੰਘ ਤੇ ਹੌਲਦਾਰ ਰਵਿੰਦਰ ਸਿੰਘ ਦੀਆਂ ਗਵਾਹੀਆਂ ਦਰਜ ਹੋਈਆਂ ਸਨ। ਇਸ ਕੇਸ ਸਬੰਧੀ ਹਵਾਰਾ ਨੂੰ ਪਿਛਲੀਆਂ ਤਰੀਕਾਂ 'ਤੇ ਸਿੱਧੇ ਰੂਪ ਵਿੱਚ ਹਾਜ਼ਰ ਨਾ ਕਰ ਕੇ ਵੀਡਿਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤਾਈ ਜਾ ਰਹੀ ਸੀ।

ਵਕੀਲ ਮੰਝਪੁਰ ਨੇ ਦੱਸਿਆ ਕਿ ਇਸ ਕੇਸ ਵਿੱਚ ਸਿਰਫ਼ ਪੁਲੀਸ ਦੀਆਂ ਗਵਾਹੀਆਂ ਹੀ ਸਨ ਅਤੇ ਕੋਈ ਵੀ ਪਬਲਿਕ ਦਾ ਗਵਾਹ ਪੇਸ਼ ਨਹੀਂ ਹੋਇਆ।

# ਕਾਰਖਾਨੇ 'ਚ ਕੰਮ ਕਰਨ ਵਾਲੀ ਬਣੀ ਚੀਨ ਦੀ ਸਭ ਤੋਂ ਧਨੀ ਮਹਿਲਾ

**ਬੀਜਿੰਗ—** ਯੋ ਛੁਨਪੇਈ ਨੂੰ ਚੀਨ ਦੀ ਸਭ ਤੋਂ ਧਨੀ ਮਹਿਲਾ ਮੰਨਿਆ ਗਿਆ ਹੈ। ਉਨ੍ਹਾਂ ਦੀ ਜਾਇਦਾਦ ਕਰੀਬ 8 ਅਰਬ ਡਾਲਰ ਹੈ ਅਤੇ ਉਹ ਟਚਸਕਰੀਨ ਗਲਾਸ ਬਣਾਉਣ ਵਾਲੀ ਇਕ ਕੰਪਨੀ ਦੀ ਮਾਲਕਿਨ ਹਨ। ਐਪਲ ਅਤੇ ਸੈਮਸੰਗ ਵਰਗੀਆਂ ਕੰਪਨੀਆਂ ਇਸ ਕੰਪਨੀ ਤੋਂ ਟਚਸਕਰੀਨ ਗਲਾਸ ਖਰੀਦਦੀਆਂ ਹਨ। ਫੋਬਰਸ ਦੀ ਸੂਚੀ ਮੁਤਾਬਕ ਚਯੋ ਛੁਨਪੇਈ ਨੂੰ 'ਬੀਜਿੰਗ ਆਫ ਮੋਬਾਈਲ ਫੋਨ ਗਲਾਸ' ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਇਸ ਲਿਹਾਜ ਨਾਲ ਬੀ-ਜਿੰਗ ਰੇਡ ਸੈਂਡਲਵੁਡ ਕਲਚਰਲ ਫਾਊਂਡੇਸ਼ਨ ਦੀ ਸੰਸਥਾਪਕ ਚਾਨ ਲਾਈਵਾ ਨੂੰ ਪਛਾੜ ਦਿੱਤਾ ਹੈ। ਯੋ ਛੁਨਫੇਈ ਦੀ ਫਰਮ ਲੇਂਸ ਟੈਕਨੋਲੋਜੀ ਦਾ ਸ਼ੇਅਰ ਮੁੱਲ ਕੱਲ ਵੱਧ ਕੇ 78.08 ਯੁਆਨ ਪ੍ਰਤੀ ਸ਼ੇਅਰ ਹੋ ਗਿਆ। ਕੰਪਨੀ 18 ਮਾਰਚ ਨੂੰ ਸ਼ੇਨਚੇਨ ਦੇ ਗ੍ਰੋਥ ਐਂਟਰਪ੍ਰਾਈਜ ਮਾਰਕੀਟ ਬੋਰਡ 'ਚ ਸੂਚੀਬੱਧ ਹੋਈ ਸੀ।



ਸਿਨਹੁਆ ਸੰਵਾਦ ਕਮੇਟੀ ਮੁਤਾਬਕ ਲੇਂਸ ਟੈਕਨੋਲੋਜੀ ਦਾ ਸ਼ੇਅਰ ਮੁੱਲ ਅੱਜ ਲਾਗਾਤਾਰ 11ਵੇਂ ਦਿਨ ਚੜ੍ਹਿਆ ਅਤੇ 85.89 ਯੁਆਨ ਪ੍ਰਤੀ ਸ਼ੇਅਰ ਰਿਹਾ। ਲੇਂਸ ਟੈਕਨੋਲੋਜੀ ਸਮਾਰਟਪੋਨ, ਕੰਪਿਊਟਰ ਅਤੇ ਕੈਮਰਿਆਂ ਆਦਿ ਲਈ ਗਲਾਸ ਕਵਰ ਬਣਾਉਂਦੀ ਹੈ।

ਐਪਲ ਅਤੇ ਸੈਮਸੰਗ ਨੂੰ ਇਸ ਦਾ ਵਿਕਰੀ ਕਾਰੋਬਾਰ 2014 'ਚ 9 ਅਰਬ ਡਾਲਰ ਨੂੰ ਗਿਆ ਜੋ ਕਿ ਕੰਪਨੀ ਦੇ ਕੁੱਲ ਕਾਰੋਬਾਰ ਦਾ ਲਗਭਗ 70 ਫੀਸਦੀ ਹੈ। ਯੋ ਦੇ ਇਸ ਮੁਕਾਮ ਤੱਕ ਪਹੁੰਚਣ ਦੀ ਕਹਾਣੀ ਵੀ ਕਿਸੇ ਫਿਲਮੀ ਕਹਾਣੀ ਤੋਂ ਘੱਟ ਨਹੀਂ ਹੈ।

1970 'ਚ ਚੀਨ ਦੇ ਇਕ ਛੋਟੇ ਜਿਹੇ ਪਿੰਡ 'ਚ ਜੰਮੀ ਯੋ ਨੇ ਘੜੀਆਂ ਲਈ ਗਲਾਸ ਬਣਾਉਣ ਵਾਲੇ ਇਕ ਕਾਰਖਾਨੇ 'ਚ ਕੰਮ ਕੀਤਾ। ਉਨ੍ਹਾਂ 2003 'ਚ ਖੁਦ ਦੀ ਕੰਪਨੀ ਬਣਾਈ। ਇਸ ਕੰਪਨੀ 'ਚ ਹੁਣ 60,000 ਲੋਕ ਕੰਮ ਕਰਦੇ ਹਨ ਅਤੇ ਇਸ ਦੀ 10 ਬ੍ਰਾਂਚਾਂ ਹਨ।

# ਪੰਜਵੀਂ ਵਾਰ ਆਸਟ੍ਰੇਲੀਆ ਬਣਿਆ ਵਿਸ਼ਵ ਚੈਂਪੀਅਨ

## ਨਿਊਜ਼ੀਲੈਂਡ ਜਿੱਤ ਕੇ ਹਾਰਿਆ- ਭਾਰਤੀ ਟੀਮ ਦੇ ਪੱਲੇ ਪਈ ਨਮੋਸ਼ੀ ਭਰੀ ਹਾਰ



**ਮੈਲਬੌਰਨ –** ਤਿੰਨ ਖੱਬੂ ਤੇਜ਼ ਗੇਂਦਬਾਜ਼ਾਂ ਦੇ ਧਮਾਕੇਦਾਰ ਪ੍ਰਦਰਸ਼ਨ ਅਤੇ ਆਪਣਾ ਆਖਰੀ ਇਕ ਰੋਜ਼ਾ ਮੈਚ ਖੇਡ ਰਹੇ ਕਪਤਾਨ ਮਾਈਕਲ ਕਲਾਰਕ ਦੀਆਂ 74 ਦੌੜਾਂ ਨਾਲ ਆਸਟ੍ਰੇਲੀਆ ਨੇ ਮੈਲਬੌਰਨ ਕ੍ਰਿਕਟ ਗਰਾਊਂਡ ਵਿੱਚ ਨਿਊਜ਼ੀਲੈਂਡ ਨੂੰ ਸੱਤ ਵਿਕਟਾਂ ਨਾਲ ਹਰਾ ਕੇ ਪੰਜਵੀਂ ਪਾਰ ਆਈਸੀਸੀ ਕ੍ਰਿਕਟ ਵਿਸ਼ਵ ਕੱਪ 'ਤੇ ਕਬਜ਼ਾ ਕੀਤਾ।

ਮਿਚਲ ਜੌਨਸਨ, ਜੇਮਜ਼ ਫੌਕਨਰ ਅਤੇ ਮਿਚਲ ਸਟਾਰਕ ਨੇ ਨਿਊਜ਼ੀਲੈਂਡ ਦੀ ਪਾਰੀ ਦਾ ਲੱਕ ਤੋੜ ਕੇ ਪੂਰੀ ਟੀਮ ਨੂੰ 45 ਓਵਰਾਂ ਵਿੱਚ 183 ਉਤੇ ਢੇਰ ਕਰ ਦਿੱਤਾ। ਵਿਸ਼ਵ ਕੱਪ 1983 ਵਿੱਚ ਭਾਰਤ ਨੇ ਵੈਸਟ ਇੰਡੀਜ਼ ਵਿਰੁੱਧ ਫਾਈਨਲ ਵਿੱਚ ਇੰਨੇ ਹੀ ਸਕੋਰ ਦੀ ਸਫ਼ਲਤਾ ਨਾਲ ਰਾਖੀ ਕੀਤੀ ਸੀ ਪਰ ਨਿਊਜ਼ੀਲੈਂਡ ਦੀ ਟੀਮ ਇਤਿਹਾਸ ਨਹੀਂ ਦੁਹਰਾ ਸਕੀ। ਆਸਟਰੇਲੀਆ 33.1 ਓਵਰਾਂ ਵਿੱਚ ਤਿੰਨ ਵਿਕਟਾਂ ਉਤੇ 186 ਦੌੜਾਂ ਬਣਾ ਕੇ ਆਪਣੀ ਧਰਤੀ ਉਤੇ ਚੈਂਪੀਅਨ ਬਣਨ ਵਾਲਾ ਦੂਜਾ ਦੇਸ਼ ਬਣਿਆ। ਇਸ ਤੋਂ ਪਹਿਲਾ ਆਸਟਰੇਲੀਆ ਨੇ 1987, 1999, 2003 ਅਤੇ 2007 ਵਿੱਚ ਵਿਸ਼ਵ ਕੱਪ ਜਿੱਤਿਆ ਸੀ। ਕਲਾਰਕ ਨੇ ਇਕ ਚੈਂਪੀਅਨ ਵਜੋਂ ਇਕ ਰੋਜ਼ਾ ਕ੍ਰਿਕਟ ਨੂੰ ਅਲਵਿਦਾ ਕਿਹਾ। ਉਨ੍ਹਾਂ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਉਹ ਫਾਈਨਲ ਤੋਂ ਬਾਅਦ ਕ੍ਰਿਕਟ ਦੇ ਇਸ ਰੂਪ ਤੋਂ ਸੰਨਿਆਸ ਲੈ ਲਵੇਗਾ। ਆਸਟਰੇਲੀਆ ਨੂੰ ਜੇਤੂ ਟਰਾਫੀ ਤੋਂ ਇਲਾਵਾ 39 ਲੱਖ 75 ਹਜ਼ਾਰ ਡਾਲਰ ਦਾ ਚੈੱਕ ਮਿਲਿਆ, ਜਦੋਂ ਕਿ ਨਿਊਜ਼ੀਲੈਂਡ ਨੂੰ 17 ਲੱਖ 50 ਹਜ਼ਾਰ ਡਾਲਰ ਨਾਲ ਹੀ ਸਬਰ ਕਰਨਾ ਪਿਆ।

ਆਸਟਟ੍ਰੇਲੀਆ ਦੀ ਜਿੱਤ ਦੇ ਨਾਇਕ ਰਹੇ ਖੱਬੂ ਤੇਜ਼ ਗੇਂਦਬਾਜ਼ਾਂ ਜੌਨਸਨ ਨੇ 30 ਦੌੜਾਂ ਦੇ ਕੇ ਤਿੰਨ ਵਿਕਟਾਂ, ਫੌਕਨਰ ਨੇ 36 ਦੌੜਾਂ ਦੇ ਕੇ ਤਿੰਨ ਵਿਕਟਾਂ ਅਤੇ ਸਟਾਰਕ ਨੇ 20 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਬਾਅਦ ਵਿੱਚ ਕਲਾਰਕ ਨੇ 74 ਤੇ ਸਟੀਵਨ ਸਮਿੱਥ ਨੇ ਨਾਬਾਦ 56 ਅਤੇ ਡੇਵਿਡ ਵਾਰਨਰ ਨੇ 45 ਦੌੜਾਂ ਬਣਾ ਕੇ ਆਸਟਰੇਲੀਆ ਨੂੰ ਆਸਾਨੀ ਨਾਲ ਜਿੱਤ ਦੇ ਟੀਚੇ ਉਤੇ ਪਹੁੰਚਾ ਦਿੱਤਾ। ਨਿਊਜ਼ੀਲੈਂਡ ਲਈ ਸੈਮੀਫਾਈਨਲ ਦੇ ਨਾਇਕ ਰਹੇ ਗਰਾਂਟ ਇਲੀਅਟ ਨੇ 82 ਗੇਂਦਾਂ ਉਤੇ 83 ਦੌੜਾਂ ਦੀ ਪਾਰੀ ਖੇਡੀ ਪਰ ਅਖੀਰ ਵਿੱਚ ਵਿਕਟਾਂ ਦੀ ਲੱਗੀ ਝੜੀ ਕਾਰਨ ਉਸ ਦਾ ਸਨਮਾਨਜਨਕ ਸਕੋਰ ਬਣਾਉਣ ਦਾ ਸਪਨਾ ਪੂਰਾ ਨਾ ਹੋ ਸਕਿਆ। ਕੀਵੀ ਟੀਮ ਨੇ ਆਖਰੀ ਸੱਤ ਵਿਕਟਾਂ ਦਸ ਓਵਰਾਂ ਵਿੱਚ 33 ਦੌੜਾਂ ਬਣਾ ਕੇ ਹੀ ਗਵਾ ਦਿੱਤੀਆਂ।

ਭਾਰਤ 2011 ਵਿੱਚ ਆਪਣੀ ਧਰਤੀ ਉਤੇ ਵਿਸ਼ਵ ਕੱਪ ਜਿੱਤਣ ਵਾਲਾ ਪਹਿਲਾ ਦੇਸ਼ ਬਣਿਆ ਸੀ। ਆਸਟ੍ਰੇਲੀਆ ਕੋਲ ਇਹ ਉਪਲਬਧੀ ਹਾਸਲ ਕਰਨ ਲਈ ਵੱਡਾ ਟੀਚਾ ਨਹੀਂ ਸੀ। ਉਸ ਦੀ ਸ਼ੁਰੂਆਤ ਹਾਲਾਂਕਿ ਚੰਗੀ ਨਹੀਂ ਰਹੀ ਪਰ ਛੋਟੇ ਟੀਚੇ ਕਾਰਨ ਉਸ ਦੇ ਖਿਡਾਰੀ ਦਬਾਅ ਵਿੱਚ ਨਹੀਂ ਆਏ। ਆਸਟ੍ਰੇਲੀਅਨ ਪਾਰੀ ਦੇ ਦੂਜੇ ਓਵਰ ਵਿੱਚ ਹੀ ਟ੍ਰੈਂਟ ਬੋਲਟ ਦੀ ਇਨਸਵਿੰਗਰ ਉਤੇ ਐਰੋਨ ਫਿੰਚ ਸਿਫ਼ਰ ਉਤੇ ਆਊਟ ਹੋ ਗਿਆ ਪਰ ਵਾਰਨਰ ਨੇ ਕੀਵੀ ਗੇਂਦਬਾਜ਼ਾਂ ਨੂੰ ਆਪਣੀ ਟੀਮ ਉਤੇ ਦਬਾਅ ਬਣਾਉਣ ਦਾ ਮੌਕਾ ਨਾ ਦਿੱਤਾ। ਬ੍ਰੈਂਡਨ ਮੈਕੱਲਮ ਨੂੰ ਸੱਤਵੇਂ ਓਵਰ ਵਿੱਚ ਹੀ ਡੇਨੀਅਲ ਵਿਟੋਰੀ ਨੂੰ ਗੇਂਦ ਸੌਂਪਣੀ ਪਈ ਪਰ ਟੀਮ ਨੂੰ ਅਗਲੀ ਸਫ਼ਲਤਾ ਮੈਟ ਹੈਨਰੀ ਨੇ ਦਿਵਾਈ। ਹੈਨਰੀ ਨੇ 46 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਵਾਰਨਰ ਨੇ ਉਸ ਦੀ ਗੇਂਦ ਉਤੇ ਪੁਲ ਕੀਤਾ ਪਰ ਉਹ ਡੀਪ ਸਕੁਏਰ ਵਿੱਚ ਖੜ੍ਹੇ ਇਲੀਅਟ ਨੂੰ ਕੈਚ ਦੇ ਬੈਠਿਆ। ਵਾਰਨਰ ਨੇ ਆਪਣੀ ਪਾਰੀ ਵਿੱਚ ਸੱਤ ਚੌਕੇ ਲਾਏ। ਇਸ ਨਾਲ ਵਾਰਨਰ ਤੇ ਸਮਿੱਥ ਦੀ 61 ਦੌੜਾਂ ਦੀ ਸਾਂਝੇਦਾਰੀ ਦਾ ਅੰਤ ਹੋਇਆ। ਹੈਨਰੀ ਨੇ ਅਗਲੇ ਹੀ ਓਵਰ ਵਿੱਚ ਗੇਂਦ ਸਮਿੱਥ ਦੇ ਬੱਲੇ ਅਤੇ ਪੈਡ ਨੂੰ ਲੱਗ ਕੇ ਸਟੰਪ ਉਤੇ ਲੱਗੀ ਪਰ ਗੁੱਲੀ ਨਾ ਡਿੱਗੀ।

### ਸਟਾਰਕ ਨੂੰ 'ਪਲੇਅਰ ਆਫ ਦਿ ਟੂਰਨਾਮੈਂਟ' ਦਾ ਖ਼ਿਤਾਬ

ਆਸਟਰੇਲੀਆ ਦੇ ਤੇਜ਼ ਗੇਂਦਬਾਜ਼ ਮਿਚਲ ਸਟਾਰਕ ਨੂੰ ਕ੍ਰਿਕਟ ਵਿਸ਼ਵ ਕੱਪ ਦੌਰਾਨ 'ਪਲੇਅਰ ਆਫ ਦਿ ਟੂਰਨਾਮੈਂਟ' ਚੁਣਿਆ। 25 ਸਾਲਾ ਖੱਬੇ ਹੱਥ ਦੇ ਇਸ ਤੇਜ਼ ਗੇਂਦਬਾਜ਼ ਨੇ ਟੂਰਨਾਮੈਂਟ ਦੌਰਾਨ ਕੁੱਲ 22 ਵਿਕਟਾਂ ਲਈਆਂ। ਨਿਊਜ਼ੀਲੈਂਡ ਦੇ ਟ੍ਰੈਂਟ ਬੋਲਟ ਨੇ ਵੀ ਵਿਸ਼ਵ ਕੱਪ ਦੌਰਾਨ 22 ਵਿਕਟਾਂ ਲਈਆਂ ਸਨ ਪਰ ਸਟਾਰਕ ਨੂੰ ਬੋਲਟ ਨਾਲੋਂ ਇਕ ਮੈਚ ਘੱਟ ਖੇਡਣ ਕਾਰਨ ਇਹ ਖ਼ਿਤਾਬ ਦਿੱਤਾ ਗਿਆ। ਸਟਾਰਕ ਨੇ ਪੂਰੇ ਟੂਰਨਾਮੈਂਟ ਦੌਰਾਨ ਸਭ ਤੋਂ ਤੇਜ਼ ਤੇ ਸਵਿੰਗ ਗੇਂਦਬਾਜ਼ੀ ਦਾ ਮੁਜ਼ਾਹਰਾ ਕਰ ਕੇ ਆਪਣੀ ਟੀਮ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ। ਟੂਰਨਾਮੈਂਟ ਦੌਰਾਨ ਉਸ ਨੇ 10 ਤੋਂ ਥੋੜ੍ਹੀ ਵੱਧ ਦੀ ਔਸਤ ਨਾਲ ਇਹ ਵਿਕਟਾਂ ਝਟਕਾਈਆਂ ਅਤੇ 3.50 ਦੀ ਔਸਤ ਨਾਲ ਦੌੜਾਂ ਦਿੱਤੀਆਂ। 'ਪਲੇਅਰ ਆਫ ਦਿ ਟੂਰਨਾਮੈਂਟ' ਦੇ ਖ਼ਿਤਾਬ ਦੀ ਦੌੜ ਵਿੱਚ ਨਿਊਜ਼ੀਲੈਂਡ ਦੇ ਕਪਤਾਨ ਬ੍ਰੈਂਡਨ ਮੈਕੱਲਮ, ਮਾਰਟਿਨ ਗਪਟਿਲ ਤੇ ਲਗਾਤਾਰ ਚਾਰ ਸੈਂਕੜੇ ਲਾਉਣ ਵਾਲਾ ਸ੍ਰੀਲੰਕਾ ਦਾ ਕੁਮਾਰ ਸੰਗਾਕਾਰਾ ਵੀ ਸ਼ਾਮਲ ਸੀ।

### ਫਾਈਨਲ 'ਚ ਫੌਕਨਰ ਬਣਿਆ ਨਾਇਕ

ਕ੍ਰਿਕਟ ਵਿਸ਼ਵ ਕੱਪ ਦੇ ਫਾਈਨਲ ਵਿੱਚ ਨਿਊਜ਼ੀਲੈਂਡ ਵਿਰੁੱਧ ਮੈਚ ਦੌਰਾਨ ਆਸਟਰੇਲੀਆ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਹਰਫਨਮੌਲਾ ਤੇਜ਼ ਗੇਂਦਬਾਜ਼ ਜੇਮਜ਼ ਫੌਕਨਰ ਨੂੰ 'ਮੈਨ ਆਫ ਦਿ ਮੈਚ' ਚੁਣਿਆ ਗਿਆ। 24 ਸਾਲਾ ਫੌਕਨਰ ਨੇ 36ਵੇਂ ਓਵਰ ਵਿੱਚ ਦੂਜੇ ਪਾਵਰਪਲੇਅ ਦੀ ਪਹਿਲੀ ਗੇਂਦ ਉਤੇ ਹੀ ਵਿਕਟ ਲੈ ਕੇ ਰੌਸ ਟੇਲਰ ਤੇ ਗਰਾਂਟ ਇਲੀਅਟ ਦੀ ਚੌਥੇ ਵਿਕਟ ਲਈ ਹੋਈ 111 ਦੌੜਾਂ ਦੀ ਭਾਈਵਾਲੀ ਨੂੰ ਤੋੜਿਆ। ਫੌਕਨਰ ਨੇ ਕੁੱਲ 9 ਓਵਰਾਂ ਵਿੱਚ 36 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ।

### ਤੇਂਦੁਲਕਰ ਲਈ ਦਰਸ਼ਕਾਂ ਨੇ ਦਿਖਾਇਆ ਸਤਿਕਾਰ

ਹੁਣ ਭਾਵੇਂ ਸਚਿਨ ਤੇਂਦੁਲਕਰ ਦੇ ਹੱਥ ਵਿੱਚ ਬੱਲਾ ਨਹੀਂ ਹੁੰਦਾ ਪਰ ਅੱਜ ਵੀ ਇਹ ਮਹਾਨ ਖਿਡਾਰੀ ਲੋਕਾਂ ਦੇ ਦਿਲਾਂ 'ਤੇ ਰਾਜ ਕਰਦਾ ਹੈ। ਇਸ ਦੀ ਮਿਸਾਲ ਇੱਥੇ ਉਦੋਂ ਦੇਖਣ ਨੂੰ ਮਿਲੀ, ਜਦੋਂ ਉਹ ਵਿਸ਼ਵ ਕੱਪ ਫਾਈਨਲ ਦੇ ਸਮਾਪਤੀ ਸਮਾਰੋਹ ਵਿੱਚ ਭਾਗ ਲੈਣ ਲਈ ਮੈਲਬੌਰਨ ਕ੍ਰਿਕਟ ਗਰਾਊਂਡ ਉਤੇ ਪੁੱਜਿਆ। ਜਦੋਂ ਸਮਾਰੋਹ ਦੌਰਾਨ ਪੁੱਜੀਆ ਉੱਘੀਆਂ ਹਸਤੀਆਂ ਦਾ ਨਾਮ ਪੜ੍ਹਿਆ ਜਾ ਰਿਹਾ ਸੀ ਤਾਂ ਤੇਂਦੁਲਕਰ ਦਾ ਨਾਂ ਆਉਂਦੇ ਹੀ ਲੋਕਾਂ ਨੇ ਤਾੜੀਆਂ ਮਾਰ ਕੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਭਾਰਤੀ ਬੱਲੇਬਾਜ਼ ਨੇ ਵੀ ਹੱਥ ਹਿਲਾ ਕੇ ਦਰਸ਼ਕਾਂ ਦਾ ਧੰਨਵਾਦ ਕੀਤਾ। ਵਿਸ਼ਵ ਕੱਪ ਦੇ ਬਰਾਂਡ ਅੰਬੈਸਡਰ ਇਸ 41 ਸਾਲਾ ਬੱਲੇਬਾਜ਼ ਨੇ 'ਮੈਨ ਆਫ ਦਿ ਮੈਚ' ਜੇਮਜ਼ ਫੌਕਨਰ ਅਤੇ 'ਪਲੇਅਰ ਆਫ ਦਿ ਟੂਰਨਾਮੈਂਟ' ਮਿਚਲ ਸਟਾਰਕ ਨੂੰ ਟਰਾਫੀਆਂ ਸੌਂਪੀਆਂ।

### ਕਲਾਰਕ ਵੱਲੋਂ ਇਕ ਦਿਨਾ ਕ੍ਰਿਕਟ ਨੂੰ ਅਲਵਿਦਾ

ਆਸਟ੍ਰੇਲੀਆਨ ਕਪਤਾਨ ਮਾਈਕਲ ਕਲਾਰਕ ਨੇ ਆਪਣੇ ਇਕ ਦਿਨਾਂ ਕ੍ਰਿਕਟ ਸਫ਼ਰ ਦਾ ਅੰਤ ਵਿਸ਼ਵ ਕੱਪ 'ਚ ਜਿੱਤ ਨਾਲ ਕੀਤਾ । 33 ਸਾਲਾ ਕਲਾਰਕ ਨੇ ਆਖ਼ਰੀ ਮੈਚ ਖੇਡਦੇ ਹੋਏ 74 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ । ਇਕ ਖਿਡਾਰੀ ਲਈ ਇਸ ਤੋਂ ਸ਼ਾਨਦਾਰ ਵਿਦਾਈ ਨਹੀਂ ਹੋ ਸਕਦੀ । ਕਲਾਰਕ ਨੇ 74 ਮੈਚਾਂ 'ਚ ਆਸਟ੍ਰੇਲੀਆ ਦੀ ਕਪਤਾਨੀ ਕੀਤੀ ਜਿਨ੍ਹਾਂ 'ਚੋਂ 50 'ਚ ਆਸਟ੍ਰੇਲੀਆ ਨੂੰ ਜਿੱਤ ਮਿਲੀ । ਕਲਾਰਕ ਨੇ ਆਪਣੇ ਇਕ ਦਿਨਾਂ 245 ਮੈਚਾਂ 'ਚ 7981 ਦੌੜਾਂ ਬਣਾਈਆਂ । ਆਖ਼ਰੀ ਇਕ ਦਿਨਾਂ ਮੈਚ 'ਚ ਕਲਾਰਕ ਦੇ ਸਮਰਪਣ ਦੀ ਪ੍ਰਸੰਸਾ ਕਰਨੀ ਬਣਦੀ ਹੈ ਕਿਉਂਕਿ ਕਲਾਰਕ ਇੰਨੀਂਗਸ ਬਰੇਕ ਦੌਰਾਨ ਡਿਨਰ ਛੱਡਦਿਆਂ ਬੈਟਿੰਗ ਕੋਚ ਨਾਲ ਤੁਰੰਤ ਨੈਟ 'ਤੇ ਆਏ ਅਤੇ 20 ਮਿੰਟਾਂ ਤੱਕ ਅਭਿਆਸ ਕੀਤਾ। ਆਸਟ੍ਰੇਲੀਅਨ ਕਪਤਾਨ ਮਾਈਕਲ ਕਲਾਰਕ ਨੇ ਇਕ ਦਿਨਾਂ ਕ੍ਰਿਕਟ ਤੋਂ ਸਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਮਾਈਕਲ 244 ਇਕ ਦਿਨਾਂ ਮੈਚਾਂ 'ਚ 44.42 ਦੀ ਔਸਤ ਨਾਲ 7907 ਦੌੜਾਂ ਬਣਾ ਚੁੱਕੇ ਹਨ । ਇਸ ਤੋਂ ਇਲਾਵਾ ਉਨ੍ਹਾਂ ਦੇ ਨਾਂਅ 'ਤੇ 57 ਵਿਕਟਾਂ ਵੀ ਦਰਜ ਹਨ । ਰਿਕੀ ਪੌਂਟਿੰਗ ਤੋਂ ਬਾਅਦ ਉਨ੍ਹਾਂ ਆਸਟ੍ਰੇਲੀਆ ਦੀ ਕਪਤਾਨੀ ਸੰਭਾਲੀ ਸੀ । ਕਲਾਰਕ ਨੇ ਆਸਟ੍ਰੇਲੀਆ ਲਈ 73 ਇਕ ਦਿਨਾਂ ਮੈਚਾਂ 'ਚ ਕਪਤਾਨੀ ਕੀਤੀ ਹੈ, ਇਸ ਦੌਰਾਨ ਆਸਟ੍ਰੇਲੀਆ ਨੇ 49 ਮੈਚ ਜਿੱਤੇ ਜਦਕਿ 21 'ਚ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ, 3 ਮੈਚ ਬਿਨਾਂ ਨਤੀਜੇ ਖ਼ਤਮ ਹੋਏ । ਕਲਾਰਕ ਦੀ ਕਪਤਾਨੀ 'ਚ ਟੀਮ ਦੂਸਰਾ ਵਿਸ਼ਵ ਕੱਪ ਖੇਡ ਰਹੀ ਹੈ । ਉਹ ਹਾਲਾਂਕਿ ਟੈਸਟ ਮੈਚ ਖੇਡਦੇ ਰਹਿਣਗੇ ।

### ਵਿਸ਼ਵ ਕੱਪ ਦੇ ਰੌਚਕ ਅੰਕੜੇ

ਨਿਊਜ਼ੀਲੈਂਡ ਦੇ ਓਪਨਰ ਬੱਲੇਬਾਜ਼ ਮਾਰਟਿਨ ਗਪਟਿਲ ਨੇ ਟੂਰਨਾਮੈਂਟ ਦੌਰਾਨ ਸਭ ਤੋਂ ਵੱਧ 547 ਦੌੜਾਂ ਬਣਾਈਆਂ। ਉਹ ਵਿਸ਼ਵ ਕੱਪ ਦੌਰਾਨ 500 ਦੌੜਾਂ ਬਣਾਉਣ ਵਾਲਾ ਪਹਿਲਾ ਬੱਲੇਬਾਜ਼ ਬਣਿਆ। ਨਿਊਜ਼ੀਲੈਂਡ ਦਾ ਬ੍ਰੈਂਡਨ ਮੈਕੱਲਮ ਖ਼ਿਤਾਬੀ ਮੁਕਾਬਲੇ ਵਿੱਚ ਸਿਫ਼ਰ 'ਤੇ ਆਊਟ ਹੋਣ ਵਾਲਾ ਪਹਿਲਾ ਕਪਤਾਨ ਰਿਹਾ। ਆਸਟ੍ਰੇਲੀਆ ਦਾ ਵਿਕਟ ਕੀਪਰ ਬੱਲੇਬਾਜ਼ ਬ੍ਰੈਡ ਹੈਡਿਨ ਵਿਸ਼ਵ ਕੱਪ ਫਾਈਨਲ ਖੇਡਣ ਵਾਲਾ ਆਪਣੀ ਟੀਮ ਦਾ ਸਭ ਤੋਂ ਵੱਧ ਉਮਰ ਦਾ ਖਿਡਾਰੀ ਹੈ।

ਬਹੁਤੇ ਚੌਕੇ-ਛੱਕੇ ਲਾਉਣ ਨਾਲ ਮੈਚਾਂ ਦੀ ਰੌਚਕਤਾ ਘਟੀ

ਭਾਰਤੀ ਟੀਮ ਦੇ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਆਸਟ੍ਰੇਲੀਆ ਖਿਲਾਫ਼ ਮਿਲੀ ਹਾਰ ਦੇ ਪਿੱਛੇ ਨਿਯਮਾਂ ਨੂੰ ਕਾਰਨ ਦੱਸਿਆ ਹੈ । ਉਨ੍ਹਾਂ ਇਕ ਦਿਨਾਂ ਮੈਚ ਦੇ ਨਿਯਮਾਂ 'ਚ ਤਬਦੀਲੀ ਦੀ ਗੱਲ ਕਹੀ ਅਤੇ ਕਿਹਾ ਕਿ ਹੱਦ ਤੋਂ ਜ਼ਿਆਦਾ ਚੌਕੇ-ਛੱਕੇ ਲੱਗਣ ਨਾਲ ਮੈਚਾਂ 'ਚ ਰੋਚਕਤਾ ਖ਼ਤਮ ਹੋ ਗਈ ਹੈ । ਇਕ ਦਿਨਾਂ ਮੈਚਾਂ ਨੂੰ ਟੀ-20 ਵਰਗਾ ਨਹੀਂ ਹੋਣਾ ਚਾਹੀਦਾ ।

### ਇਹ ਨਿਯਮ ਹੈ ਸਭ ਤੋਂ ਖ਼ਰਾਬ

ਧੋਨੀ ਨੇ ਕਿਹਾ ਕਿ 'ਇਹ ਮੇਰੀ ਨਿੱਜੀ ਸੋਚ ਹੈ ਕਿ ਮੈਂ ਨਿਯਮਾਂ 'ਚ ਬਦਲਾਅ ਚਾਹੁੰਦਾ ਹਾਂ। ਕ੍ਰਿਕਟ ਦੇ ਇਤਿਹਾਸ 'ਚ ਅਸੀਂ ਕਦੀ 200 ਦਾ ਸਕੋਰ ਨਹੀਂ ਸੀ ਵੇਖਿਆ ਪਰ ਪਿਛਲੇ 3 ਸਾਲਾਂ 'ਚ 3 ਵਾਰ 200 ਤੋਂ ਵੱਧ ਦੇ ਨਿਜੀ ਸਕੋਰ ਬਣੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦਾ ਤਰਕ ਹੁੰਦਾ ਹੈ ਕਿ ਵਾਧੂ ਫੀਲਡਰਾਂ ਦੇ ਘੇਰੇ ਦੇ ਅੰਦਰ ਰਹਿਣ ਨਾਲ ਡਾਟ ਗੇਂਦਾਂ ਜ਼ਿਆਦਾ ਹੁੰਦੀਆਂ ਹਨ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਫਿਰ ਸਾਰੇ 11 ਖਿਡਾਰੀਆਂ ਨੂੰ ਹੀ ਅੰਦਰ ਰੱਖ ਦਿੱਤਾ ਜਾਵੇ, ਤਾਂ ਡਾਟ ਗੇਂਦਾਂ ਫਿਰ ਹੋਰ ਜ਼ਿਆਦਾ ਹੋਣਗੀਆਂ।


## ਸੀ.ਜੀ.ਸੀ ਲਾਂਡਰਾਂ ਦੇ ਚਿਤਮਨਜੀਤ ਵਲੋਂ ਆਲ ਇੰਡੀਆ ਅੰਤਰ-ਵਰਸਿਟੀ ਗੱਤਕਾ ਮੁਕਾਬਲੇ ਵਿਚ ਕਾਂਸੀ ਦਾ ਤਮਗਾ ਜਿੱਤਣ 'ਤੇ ਸਨਮਾਨ




**ਐਸ.ਏ.ਐਸ ਨਗਰ/ ਚੰਡੀਗੜ੍ਹ-** ਚੰਡੀਗੜ੍ਹ ਇੰਜੀਨੀਰਿੰਗ ਕਾਲਜ ਦੇ ਬੀ.ਟੈਕ ਦੇ ਵਿਦਿਆਰਥੀ ਚਿਤਮਨਜੀਤ ਸਿੰਘ ਗਰੇਵਾਲ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਗਏ ਤੀਜੇ ਆਲ ਇੰਡੀਆ ਅੰਤਰ-ਵਰਸਿਟੀ ਗੱਤਕਾ ਮੁਕਾਬਲਿਆਂ ਦੌਰਾਨ ਕਾਂਸੇ ਦਾ ਤਮਗਾ ਜਿੱਤ ਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ।

ਸੀਚੇਵਾਲ (ਜਲੰਧਰ) ਵਿਖੇ ਰਾਸ਼ਟਰੀ ਗੱਤਕਾ ਕੱਪ ਦੌਰਾਨ ਸਿੰਗਲ ਸੋਟੀ ਗੱਤਕਾ ਮੁਕਾਬਲੇ ਵਿਚ ਚਾਂਦੀ ਦਾ ਤਮਗਾ ਜੇਤੂ ਗੱਤਕੇਬਾਜ ਗਰੇਵਾਲ ਨੇ ਇਸ ਅੰਤਰ-ਵਰਸਿਟੀ ਟੂਰਨਾਮੈਂਟ ਵਿਚ ਪੰਜਾਬ ਤਕਨੀਕੀ ਯੂਨੀਵਰਸਿਟੀ ਜਲੰਧਰ ਦੀ ਨੁਮਾਇੰਦਗੀ ਕਰਦਿਆਂ ਗੱਤਕਾ ਫ੍ਰੀ-ਸੋਟੀ ਮੁਕਾਬਲੇ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤੋਂ ਪਹਿਲਾਂ ਚਿਤਮਨਜੀਤ ਗਰੇਵਾਲ ਨੇ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਆਯੋਜਿਤ ਰਾਸ਼ਟਰੀ ਗੱਤਕਾ ਓਪਨ ਟੂਰਨਾਮੈਂਟ ਦੌਰਾਨ ਸੋਨ ਤਮਗਾ ਹਾਸਲ ਕੀਤਾ ਅਤੇ ਚੰਡੀਗੜ੍ਹ ਰਾਜ ਗੱਤਕਾ ਟੂਰਨਾਮੈਂਟ ਦੌਰਾਨ ਸਿੰਗਲ ਸੋਟੀ ਮੁਕਾਬਲੇ ਵਿਚ ਚਾਂਦੀ ਦਾ ਤਮਗਾ ਹਾਸਲ ਕੀਤਾ।

ਚੰਡੀਗੜ੍ਹ ਇੰਜੀਨੀਰਿੰਗ ਕਾਲਜ ਦੇ ਪ੍ਰਧਾਨ ਸ਼੍ਰੀ ਸਤਨਾਮ ਸਿੰਘ ਸੰਧੂ ਅਤੇ ਚੇਅਰਮੈਨ ਸ਼੍ਰੀ ਰਛਪਾਲ ਸਿੰਘ ਧਾਲੀਵਾਲ ਨੇ ਗੱਤਕੇਬਾਜ ਚਿਤਮਨਜੀਤ ਨੂੰ ਸਨਮਾਨਿਤ ਕਰਦਿਆਂ ਗੱਤਕਾ ਖੇਡ ਵਿਚ ਜੌਹਰ ਦਿਖਾਉਣ ਵਾਲੇ ਕਾਲਜ਼ ਦੇ ਵਿਦਿਆਰਥੀਆਂ ਨੂੰ ਹਰ ਸੰਭਵ ਮੱਦਦ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਬੋਲਦੇ ਹੋਏ ਸ਼੍ਰੀ ਸੰਧੂ ਅਤੇ ਸ਼੍ਰੀ ਧਾਲੀਵਾਲ ਨੇ ਕਿਹਾ ਕਿ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਲਾਂਡਰਾਂ ਅਤੇ ਝੰਜੇੜੀ ਕੈਂਪਸ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਮਹਿਲਾ ਅਤੇ ਪੁਰਸ਼ ਵਰਗ ਦੀਆਂ ਗੱਤਕਾ ਟੀਮਾਂ ਵੀ ਬਣਾਈਆਂ ਜਾਣਗੀਆਂ ਜੋ ਭਵਿੱਖ ਵਿਚ ਹੋਣ ਵਾਲੇ ਅੰਤਰ-ਕਾਲਜ਼ ਅਤੇ ਅੰਤਰ-ਵਰਸਿਟੀ ਗੱਤਕਾ ਖੇਡ ਮੁਕਾਬਲਿਆਂ ਵਿਚ ਇਹ ਟੀਮਾਂ ਹਿੱਸਾ ਲੈ ਸਕਣ।







# ਬਾਬਾ ਸੋਹਣ ਸਿੰਘ ਭਕਨਾ
## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ** (1-559-708-4399)

### ਜੀਵਨ ਸੰਗਰਾਮ
### (ਭਾਗ ਦੂਜਾ)
### (11) ਜੇਲ੍ਹ ਸੰਗਰਾਮ

ਹੁਣ ਅਗਲੇ ਸੰਗਰਾਮ ਨੂੰ ਜੇਲ੍ਹ ਸੰਗਰਾਮ ਕਹਿ ਸਕਦਾ ਹਾਂ।

ਮੁਲਤਾਨ ਡਿਸਟਰਿਕਟ ਜੇਲ੍ਹ ਵਿਚ ਮੈਨੂੰ ਫਾਂਸੀ ਵਾਲਿਆਂ ਨਾਲ ਫਾਂਸੀ ਦੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ, ਜਿੱਥੋਂ ਫਾਂਸੀ ਘਰ ਸਾਹਮਣੇ ਸੀ ਤੇ ਫਾਂਸੀ ਲੱਗਣ ਵਾਲਾ ਮੇਰੀ ਕੋਠੜੀ ਤੋਂ ਸਾਫ ਦਿਸਦਾ ਸੀ। ਫਾਂਸੀ ਘਰ ਦੇ ਸਾਹਮਣੇ ਬੰਦ ਕਰਨ ਦਾ ਮਤਲਬ ਇਹ ਸੀ ਕਿ ਮੈਂ ਫਾਂਸੀ ਲੱਗਣ ਵਾਲਿਆਂ ਨੂੰ ਦੇਖ ਕੇ ਘਬਰਾ ਜਾਵਾਂ, ਪਰ ਹੋਇਆ ਇਸ ਦੇ ਉਲਟ। ਮੇਰੇ ਸਾਹਮਣੇ ਦੋ ਆਦਮੀ ਫਾਂਸੀ ਲੱਗੇ ਤੇ ਪੰਜ-ਪੰਜ ਮਿੰਟ ਵਿਚ ਖਤਮ ਹੋ ਗਏ। ਮੇਰਾ ਦਿਲ ਹੋਰ ਵੀ ਨਿਡਰ ਹੋ ਗਿਆ।

ਚਾਹੇ ਮੂਲਾ ਸਿੰਘ, ਅਮਰ ਸਿੰਘ, ਨਵਾਬ ਖਾਂ ਸਰਕਾਰੀ ਗਵਾਹ ਬਣ ਚੁੱਕੇ ਸਨ ਪਰ ਪੁਲਿਸ ਦੀ ਅਜੇ ਪੂਰੀ ਤਸੱਲੀ ਨਹੀਂ ਸੀ ਹੋਈ। ਕਿਉਂਕਿ ਪਾਰਟੀ ਦੇ ਖੁਫੀਆ ਕੰਮ ਬਾਰੇ ਅਜੇ ਇਨ੍ਹਾਂ ਨੂੰ ਕੋਈ ਪਤਾ ਨਹੀਂ ਸੀ। ਪੰਡਤ ਕਾਂਸ਼. ਰਾਮ ਫਿਰੋਜ਼ਪੁਰ ਦੀ ਪੁਲਿਸ ਦਾ ਟਾਕਰਾ ਕਰਦੇ ਹੋਏ ਪਕੜੇ ਗਏ ਸਨ ਤੇ ਫਾਂਸੀ ਲੱਗ ਚੁੱਕੇ ਸਨ। ਪੁਲਿਸ ਉਹਨਾਂ ਕੋਲੋਂ ਪਾਰਟੀ ਦੇ ਭੇਦ ਕੱਢਣ ਵਿਚ ਨਾਕਾਮ ਹੋ ਚੁੱਕੀ ਸੀ। ਭਾਈ ਸੰਤੋਖ ਸਿੰਘ ਵੀ ਹਿੰਦੁਸਤਾਨ ਵਿਚ ਨਹੀਂ ਸਨ। ਸੋ ਹਿੰਦੁਸਤਾਨ ਵਿਚ ਜੇ ਕੋਈ ਕਮਿਸ਼ਨ ਦਾ ਮੈਂਬਰ ਫੜਿਆ ਗਿਆ ਤਾਂ ਉਹ ਮੈਂ ਹੀ ਸਾਂ। ਇਸ ਲਈ ਸੀ. ਆਈ ਡੀ. ਦਾ ਸਾਰਾ ਧਿਆਨ ਮੇਰੇ ਤੇ ਹੀ ਸੀ। ਸੀ. ਆਈ. ਡੀ. ਨੇ ਨਾਮਧਾਰੀ ਲਹਿਰ ਤੇ ਹੋਰ ਮੇਰੇ ਘਰ ਦੇ ਹਾਲਾਤ ਬਾਰੇ ਵਾਕਫੀ ਹਾਸਲ ਕੀਤੀ।

ਇਸਦੇ ਪਿੱਛੋਂ ਡਿਪਟੀ ਸੁਪਰੀਟੈਂਡੈਂਟ (ਸੀ. ਆਈ ਡੀ.) ਸੁੱਖਾ ਸਿੰਘ ਤੇ ਇਕ ਹੋਰ ਇੰਸਪੈਕਟਰ ਜਿਸ ਨੂੰ ਮੌਲਵੀ-ਮੌਲਵੀ ਕਹਿੰਦੇ ਸਨ, ਇਹਨਾਂ ਦੀ ਡਿਊਟੀ ਮੇਰੇ ਤੇ ਲੱਗੀ। ਇਹ ਮੈਨੂੰ ਮੁਲਤਾਨ ਜੇਲ੍ਹ ਵਿਚ ਆ ਕੇ ਮਿਲੇ। ਉਹਨਾਂ ਨੇ ਇਸ ਤਰ੍ਹਾਂ ਮੇਰੇ ਨਾਲ ਗੱਲਬਾਤ ਸ਼ੁਰੂ ਕੀਤੀ, ''ਸਰਦਾਰ ਜੀ, ਤੁਸੀਂ ਤਾਂ ਸਿਆਣੇ ਸਉ, ਇਧਰ ਕਿਸ ਤਰ੍ਹਾਂ ਫਸ ਗਏ। ਅਸਾਂ ਘਰ ਜਾ ਕੇ ਤੁਹਾਡੀਆਂ ਮਾਤਾਵਾਂ ਤੇ ਪਤਨੀ ਦਾ ਹਾਲ ਵੇਖਿਆ ਹੈ ਤੇ ਸਾਨੂੰ ਉਹਨਾਂ ਦੀ ਹਾਲਤ ਤੇ ਬਹੁਤ ਤਰਸ ਆਇਆ ਹੈ। ਇਸ ਲਈ ਤੁਹਾਡੇ ਕੋਲ ਆਏ ਹਾਂ ਤੇ ਸਰਕਾਰ ਤੋਂ ਪੂਰਾ ਅਖਤਿਆਰ ਲੈ ਕੇ ਆਏ ਹਾਂ। ਸਿਆਣਪ ਇਸ ਵਿਚ ਹੈ ਤੇ ਵਕਤ ਹੈ ਤੁਸੀਂ ਆਪਣਾ ਬਚਾਅ ਕਰ ਲਵੋ।

ਨਿਰਾ ਬਚਾਅ ਹੀ ਨਹੀਂ, ਬਲਕਿ ਇੱਜ਼ਤ, ਮਾਣ, ਰੁਪਿਆ, ਜ਼ਮੀਨ ਜੋ ਵੀ ਚਾਹੋ ਮਿਲ ਸਕਦਾ ਹੈ। ਬਿਆਨ ਵੀ ਮਾਮੂਲੀ ਜਿਹਾ ਦੇਣਾ ਪਵੇਗਾ। ਬੱਸ ਇਹੀ ਕਿ ਤੁਹਾਡੇ ਨਾਲ ਅਮਰੀਕਾ ਵਿਚ ਗ਼ਦਰ ਪਾਰਟੀ 'ਚ ਕੌਣ-ਕੌਣ ਕੰਮ ਕਰਦਾ ਸੀ ਤੇ ਕੀ ਤੁਸੀਂ ਗਦਰ ਪਾਰਟੀ ਦੇ ਪ੍ਰਧਾਨ ਸਉ।''

ਮੈਂ ਉਹਨਾਂ ਦੀ ਚਾਲ ਨੂੰ ਸਮਝ ਕੇ ਹਸਦਿਆਂ ਹੋਇਆਂ ਮਖੌਲ ਉਡਾਇਆ ਤੇ ਕਿਹਾ, ''ਸਰਦਾਰ ਜੀ, ਮੈਂ ਸੁਣਿਆ ਹੋਇਆ ਸੀ ਕਿ ਹਿੰਦੁਸਤਾਨੀ ਪੁਲਿਸ ਦਾ ਦਿਮਾਗ ਦੂਜੇ ਦੇਸ਼ਾਂ ਦੀ ਪੁਲਿਸ ਦੇ ਮੁਕਾਬਲੇ ਵਿਚ ਨਾ ਹੋਣ ਦੇ ਬਰਾਬਰ ਹੈ, ਅੱਜ ਪੂਰਾ ਤਜਰਬਾ ਹੋ ਗਿਆ। ਮੈਂ ਤਾਂ ਰੋਟੀ ਕਮਾਉਣ ਲਈ ਘਰੋਂ ਨਿਕਲਿਆ ਤੇ ਅਮਰੀਕਾ ਵਿਚ ਲੱਕੜੀ ਦੇ ਕਾਰਖਾਨਿਆਂ ਤੇ ਕੈਲੀਫੋਰਨੀਆ ਦੇ ਖੇਤਾਂ ਤੇ ਬਾਗਾਂ ਵਿਚ ਮਜ਼ਦੂਰੀ ਕਰਦਾ ਰਿਹਾ ਤੇ ਹੁਣ ਜੰਗ ਲੱਗ ਜਾਣ ਕਰਕੇ ਦੇਸ਼ ਵਾਪਸ ਆਇਆ ਹਾਂ। ਤੁਸੀਂ ਪੁੱਛ ਰਹੇ ਹੋ ਕਿ ਮੈਂ ਕਿਸੇ ਗਦਰ ਪਾਰਟੀ ਦਾ ਪ੍ਰਧਾਨ ਸਾਂ ਤੇ ਕੌਣ-ਕੌਣ ਮੇਰੇ ਨਾਲ ਕੰਮ ਕਰਦੇ ਹਨ!'' ਇਹ ਸੁਣ ਕੇ ਉਹ ਉਠ ਕੇ ਚਲੇ ਗਏ।

ਦਸ ਬਾਰਾਂ ਦਿਨ ਪਿੱਛੋਂ ਮੇਰੇ ਇਕ ਨਿੱਜੀ ਮਿੱਤਰ ਤੇ ਮੇਰੀ ਜਨਨੀ ਮਾਤਾ ਨੂੰ ਲੈ ਕੇ ਉਹ ਫਿਰ ਆ ਗਏ ਤੇ ਮੇਰੇ ਦੋਸਤ ਨੂੰ ਕਿਹਾ ਕਿ ਅਸੀਂ ਅੱਧੇ ਘੰਟੇ ਲਈ ਬਾਹਰ ਚਲੇ ਜਾਂਦੇ ਹਾਂ, ਤੁਸੀਂ ਖੁੱਲ੍ਹ ਕੇ ਗੱਲਬਾਤ ਕਰ ਲਓ ਤੇ ਉਹ ਉਠ ਕੇ ਬਾਹਰ ਚਲੇ ਗਏ। ਪਹਿਲਾਂ ਮੈਂ ਆਪਣੇ ਮਿੱਤਰ ਨੂੰ ਪੁੱਛਿਆ ਕਿ ਤੁਸੀਂ ਇਹਨਾਂ ਨਾਲ ਕਿਉਂ ਆਏ? ਉਹਨਾਂ ਦੱਸਿਆ ਕਿ ਪੁਲਿਸ ਰਾਤ ਦਿਨੇ ਟਿਕਣ ਨਹੀਂ ਸੀ ਦਿੰਦੀ ਕਿ ਚੱਲ ਕੇ ਉਹਨਾਂ ਨੂੰ ਸਮਝਾਓ। ਅਸਾਂ ਸੋਚਿਆ ਕਿ ਚਲੋ ਇਸ ਬਹਾਨੇ ਦਰਸ਼ਨ ਹੀ ਹੋ ਜਾਣਗੇ। ਮੈਂ ਉਹਨਾਂ ਨੂੰ ਕਿਹਾ ਕਿ ਖੈਰ ਜੇ ਮਿਲਣ ਦੀ ਗੱਲ ਹੈ ਤਾਂ ਕੋਈ ਹਰਜ਼ ਨਹੀਂ ਪਰ ਹੋਰ ਕੁਝ ਨਾ ਕਹਿਣਾ, ਕਿਉਂਕਿ ਮੈਂ ਕਿਸੇ ਹਾਲਤ ਵਿਚ ਵੀ ਬਿਆਨ ਦੇਣ ਲਈ ਤਿਆਰ ਨਹੀਂ। ਮੇਰੇ ਮਿੱਤਰ ਸਿਆਣੇ ਸਨ, ਫਿਰ ਉਹਨਾਂ ਨੇ ਵੀ ਕੋਈ ਅਜਿਹੀ ਗੱਲ ਨਾ ਕਹੀ।

ਫਿਰ ਮੈਂ ਮਾਤਾ ਜੀ ਕੋਲੋਂ ਪੁੱਛਿਆ ਕਿ ਤੁਸੀਂ ਕਿਉਂ ਆਏ? ਮਾਤਾ ਜੀ ਨੇ ਦੱਸਿਆ ਕਿ ਇਹ ਮੈਨੂੰ ਕਹਿੰਦੇ ਸਨ ਕਿ ਜੇ ਤੇਰੇ ਲੜਕੇ ਨੇ ਸਾਡਾ ਕਿਹਾ ਨਾ ਮੰਨਿਆ ਤਾਂ ਫਾਂਸੀ ਲੱਗ ਜਾਵੇਗਾ। ਸਨੂੰ ਤੇਰੇ ਤੇ ਤਰਸ ਆਉਂਦਾ ਹੈ। ਉਹਨੂੰ ਜਾ ਕੇ ਆਪ ਸਮਝਾ। ਮੈਂ ਮਾਤਾ ਜੀ ਨੂੰ ਕਿਹਾ ਜੋ ਉਹ ਕਹਿੰਦੇ ਹਨ ਉਹ ਸੱਚ ਹੈ ਕਿ ਮੈਨੂੰ ਫਾਂਸੀ ਦੇ ਦੇਣਗੇ।

ਪਰ ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰੋਗੇ ਕਿ ਮੈਂ ਬਚ ਜਾਵਾਂ ਤੇ ਦੂਸਰੇ ਸੈਂਕੜੇ ਫਾਂਸੀ ਲੱਗ ਜਾਣ? ਮਾਤਾ ਜੀ ਸਿਆਣੇ ਸਨ। ਉਹਨਾਂ ਕਿਹਾ ਕਿ ਮੈਂ ਇਹ ਤਾਂ ਨਹੀਂ ਚਾਹੁੰਦੀ ਕਿ ਤੂੰ ਬਚ ਜਾਵੇਂ ਤੇ ਦੂਸਰਿਆਂ ਨੂੰ ਫਾਂਸੀ ਲਗਾ ਦੇਵੇਂ। ਮੈਂ ਮਾਤਾ ਜੀ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮਾਤਾ ਜੀ ਮੈਂ ਤੁਹਾਡੀ ਕੁੱਖੋਂ ਜਨਮ ਲਿਆ ਹੈ। ਮੈਂ ਤੁਹਾਡੀ ਕੁੱਖ ਨੂੰ ਕਲੰਕਿਤ ਕਰਕੇ ਜਿਉਂਦੇ ਰਹਿਣਾ ਨਹੀਂ ਚਾਹੁੰਦਾ, ਮੈਨੂੰ ਆਸ਼ੀਰਵਾਦ ਦਿਓ। ਮਾਤਾ ਜੀ ਨੇ ਸਿਰ ਤੇ ਹੱਥ ਫੇਰ ਕੇ ਆਸ਼ੀਰਵਾਦ ਦਿੱਤੀ ਤੇ ਕਿਹਾ ਕਿ ਪੁੱਤਰ ਆਪਣੇ ਧਰਮ ਤੇ ਕਾਇਮ ਰਹੋ, ਮੈਂ ਖੁਸ਼ ਹਾਂ।

ਥੋੜ੍ਹੀ ਦੇਰ ਪਿੱਛੋਂ ਦੋਵੇਂ ਸੀ. ਆਈ. ਡੀ. ਵਾਲੇ ਵੀ ਆ ਗਏ ਤੇ ਮੇਰੇ ਦੋਸਤ ਨੂੰ ਕਹਿਣ ਲੱਗੇ ਕਿ ਸੁਣਾਓ ਜੀ, ਇਹਨਾਂ ਦੀ ਸਮਝ ਵਿਚ ਕੋਈ ਗੱਲ ਆਈ ਕਿ ਨਹੀਂ? ਉਹਨਾਂ ਜਵਾਬ ਦਿੱਤਾ ਕਿ ਇਹ ਪਹਿਲਾਂ ਵੀ ਸਾਡੇ ਤੋਂ ਸਿਆਣੇ ਸਨ ਤੇ ਹੁਣ ਵੀ।

ਸੋ ਤੁਸੀਂ ਆਪ ਹੀ ਗੱਲਬਾਤ ਕਰ ਲਵੋ। ਬਾਅਦ ਵਿਚ ਫਿਰ ਪੁਲਿਸ ਵਾਲਿਆਂ ਨੇ ਕਿਹਾ, ''ਸਰਦਾਰ ਜੀ ਅੱਜ ਆਖਰੀ ਵਕਤ ਹੈ। ਇਹ ਫਿਰ ਹੱਥ ਨਹੀਂ ਆਵੇਗਾ। ਤੁਸੀਂ ਇਕ ਵਾਰੀ ਫਿਰ ਸੋਚ ਲਵੋ। ਇਕ ਪਾਸੇ ਤਾਂ ਹਰ ਤਰ੍ਹਾਂ ਦੇ ਸੁੱਖ ਤੇ ਇੱਜ਼ਤ ਹੈ ਤੇ ਦੂਜੇ ਪਾਸੇ ਫਾਂਸੀ।'' ਮੈਂ ਜਵਾਬ ਦਿੱਤਾ, 'ਦੂਜੀ ਗੱਲ ਮਨਜ਼ੂਰ ਹੈ, ਪਰ ਮੈਂ ਪਾਪ ਨਹੀਂ ਕਰ ਸਕਦਾ। ਤੁਸੀਂ ਫਿਰ ਮੇਰੇ ਪਾਸ ਆਉਣ ਦੀ ਖੇਚਲ ਨਾ ਕਰਨੀ।'' ਗੱਲ ਖਤਮ ਹੋ ਗਈ।

ਪਾਰਟੀ ਦਾ ਪਹਿਲਾ ਯਤਨ ਫੇਲ੍ਹ ਹੋਣ ਪਿੱਛੋਂ ਵੀ ਪਾਰਟੀ ਦੀ ਤਾਕਤ ਕਾਫੀ ਬਚੀ ਰਹੀ ਸੀ ਕਿਉਂਕਿ ਪਾਰਟੀ ਦਾ ਅਸਲ ਜ਼ਿੰਮੇਵਾਰ ਕੋਈ ਵੀ ਅੰਗਰੇਜ਼ਾਂ ਦੇ ਹੱਥੀਂ ਨਹੀਂ ਲੱਗਾ ਸੀ।

(ਨੋਟ: ਇਸ ਤੋਂ ਅੱਗੇ ਜੇਲ੍ਹਾਂ ਦਾ ਜੇਲ੍ਹ ਕਾਂਡ ਅਜੇ ਲਿਖਣ ਵਾਲਾ ਪਿਆ ਹੈ। ਇਹ ਜ਼ਿੰਮੇਵਾਰੀ ਦੇਸ਼ ਭਗਤ ਯਾਦਗਾਰ ਇਤਿਹਾਸ ਕਮੇਟੀ ਦੀ ਹੈ। ਆਸ ਹੈ ਕਿ ਕਮੇਟੀ ਆਪਣਾ ਫਰਜ਼ ਪੂਰਾ ਕਰੇਗੀ। ਸਿਰਫ ਕੁਝ ਕੁਝ ਕੁ ਗੱਲਾਂ ਮੁਕੱਦਮੇ ਤੇ ਜੇਲ੍ਹ ਕਾਂਡ ਬਾਰੇ ਜੋ ਮੇਰੇ ਨਿੱਜੀ ਜੀਵਨ ਸੰਗਰਾਮ ਨਾਲ ਸਬੰਧਤ ਹਨ, ਲਿਖਾਂਗਾ।) *(ਚਲਦਾ)*

# ਸਾਇਨਾ ਬਣੀ 'ਇੰਡੀਅਨ ਓਪਨ' ਚੈਂਪੀਅਨ

ਦੇਸ਼ ਦੀ ਦਿੱਗਜ ਬੈਡਮਿੰਟਨ ਖਿਡਾਰਨ ਸਾਇਨਾ ਨੈਹਵਾਲ ਨੇ ਇੰਡੀਅਨ ਓਪਨ ਟੂਰਨਾਮੇਂਟ ਦਾ ਖਿਤਾਬ ਆਪਣੇ ਨਾਮ ਕਰ



ਲਿਆ ਹੈ। ਸਾਇਨਾ ਨੈਹਵਾਲ ਨੇ ਪਹਿਲੀ ਵਾਰ 'ਇੰਡੀਅਨ ਓਪਨ ਸੁਪਰ ਸੀਰੀਜ਼' ਦਾ ਖਿਤਾਬ ਜਿੱਤਿਆ ਹੈ।

ਇੰਡੀਅਨ ਓਪਨ ਚੈਂਪੀਅਨਸ਼ਿਪ ਦਾ ਖਿਤਾਬੀ ਮੁਕਾਬਲਾ ਦਿੱਲੀ ਦੇ ਸਿਰੀ ਫੋਰਟ ਕਾਂਪਲੈਕਸ 'ਚ ਹੋਇਆ। ਫ਼ਾਈਨਲ ਮੈਚ 'ਚ ਸਾਇਨਾ ਨੈਹਵਾਲ ਦੀ ਟੱਕਰ ਹੋਈ ਸਾਬਕਾ ਵਿਸ਼ਵ ਚੈਂਪੀਅਨ ਰਾਚਾਨੋਕ ਇੰਤਾਨੋਨ ਖਿਲਾਫ਼, ਅਤੇ ਇਸ ਮੁਕਾਬਲੇ 'ਚ ਸਾਇਨਾ ਨੇ ਇੱਕ ਤਰਫਾ ਅੰਦਾਜ਼ 'ਚ ਬਾਜ਼ੀ ਮਾਰੀ। ਸਾਇਨਾ ਨੇ ਆਪਣਾ ਮੈਚ ਸਿਧੇ ਸੈਟਾਂ 'ਚ 21-16, 21-14 ਦੇ ਫਰਕ ਨਾਲ ਜਿੱਤਿਆ। ਇਸ ਜਿੱਤ ਤੋਂ ਬਾਅਦ ਸਾਇਨਾ ਨੇ ਖੁਸ਼ੀ ਜਤਾਈ, ਅਤੇ ਕਿਹਾ ਕਿ ਇਹ ਜਿੱਤ ਬੇਹਦ ਖਾਸ ਹੈ।

ਖਿਤਾਬੀ ਟੱਕਰ 49 ਮਿਨਟਾਂ ਤਕ ਚੱਲੀ, ਅਤੇ ਇਸ ਮੈਚ 'ਚ ਇੰਤਾਨੋਨ, ਸਾਇਨਾ ਨੂੰ ਚੰਗੀ ਚੁਣੌਤੀ ਦੇਣ 'ਚ ਨਾਕਾਮ ਰਹੀ।

**ਸ਼੍ਰੀਕਾਂਤ ਨੇ ਮਾਰੀ ਬਾਜ਼ੀ**

ਦੇਸ਼ ਦੇ ਉਭਰਦੇ ਹੋਏ ਖਿਡਾਰੀ ਕਿਦੰਬੀ ਸ਼੍ਰੀਕਾਂਤ ਨੇ ਦੇਸ਼ ਦੀਆਂ ਖੁਸ਼ੀਆਂ ਨੂੰ ਦੁਗਣਾ ਕਰ ਦਿੱਤਾ। ਪੁਰਸ਼ ਵਰਗ 'ਚ ਸ਼੍ਰੀਕਾਂਤ ਨੇ ਫ਼ਾਈਨਲ ਜਿੱਤ ਕੇ ਖਿਤਾਬ ਆਪਣੇ ਨਾਮ ਕਰ ਲਿਆ। ਸ਼੍ਰੀਕਾਂਤ ਲਈ ਜਿੱਤ ਦਰਜ ਕਰਨਾ ਆਸਾਨ ਨਹੀਂ ਰਿਹਾ।

ਸ਼੍ਰੀਕਾਂਤ ਦਾ ਮੁਕਾਬਲਾ ਹੋਇਆ ਡੈਨਮਾਰਕ ਦੇ ਵਿਕਟਰ ਐਕਸਲਸਨ ਖਿਲਾਫ਼ ਹੋਇਆ। ਪੁਰਸ਼ਾਂ ਦਾ ਖਿਤਾਬੀ ਮੈਚ ਤਿੰਨ ਸੈਟਾਂ ਤਕ ਚੱਲਿਆ। ਸ਼੍ਰੀਕਾਂਤ ਨੇ ਐਕਸਲਸਨ ਨੂੰ 18-21, 21-13, 21-12 ਦੇ ਫਰਕ ਨਾਲ ਹਰਾਇਆ, ਅਤੇ ਖਿਤਾਬ ਤੇ ਕਬਜਾ ਜਮਾਇਆ।

# ਗੁਰਮਤਿ ਮਰਿਆਦਾ ਅਨੁਸਾਰ ਅਨੰਦ ਕਾਰਜ ਕਰਾ ਕੇ ਨੌਜਵਾਨਾਂ ਨੂੰ ਦਿੱਤੀ ਨਵੀ ਸੇਧ

**ਰੋਮ/ਇਟਲੀ–** ਸਮਾਜ 'ਚ ਅੱਜ ਜਿਥੇ ਬਹੁਤੇ ਵਿਆਹ ਸ਼ਰਾਬਾਂ-ਕਬਾਬਾਂ ਤੋਂ ਬਿਨਾਂ ਨਹੀਂ ਹੁੰਦੇ ਉਥੇ ਕੁਝ ਇਨਸਾਨ ਅਜਿਹੇ ਵੀ ਹਨ, ਜਿਹੜੇ ਇਨ੍ਹਾਂ ਕੁਰੀਤੀਆਂ ਤੋਂ ਹੱਟ ਕੇ ਗੁਰੂ ਦੇ ਹੁਕਮ 'ਚ ਵਿਚਰਦੇ ਹਨ। ਇਸ ਦੀ ਤਾਜ਼ਾ ਮਿਸਾਲ ਗੁਰੂਦੁਆਰਾ ਸ੍ਰੀ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਸਨਬੋਨੀਫਾਚੋ ਵਿਖੇ ਅਨੰਦ ਕਾਰਜ ਵੇਲੇ ਮਿਲੀ, ਅਨੰਦ ਕਾਰਜ ਤਾਂ ਭਾਵੇਂ ਸਭ ਦੇ ਹੀ ਹੁੰਦੇ ਹਨ, ਪਰ ਬਿਕਰਮਜੀਤ ਸਿੰਘ ਫਰਾਂਸ ਸਪੁੱਤਰ ਭਾਈ ਹਰਮਿੰਦਰ ਸਿੰਘ ਦਾ ਅਨੰਦ ਕਾਰਜ ਬੀਬੀ ਮਨਪ੍ਰੀਤ ਕੌਰ ਸਪੁੱਤਰੀ ਭਾਈ ਚਰਨ ਸਿੰਘ ਇਟਲੀ ਨਾਲ ਬੀਤੇ ਦਿਨ ਗੁਰਦੁਆਰਾ ਸਨਬੋਨੀਫਾਚੋ ਵਿਖੇ ਪੂਰਨ ਗੁਰਮਤਿ ਮਰਿਆਦਾ ਅਨੁਸਾਰ ਹੋਇਆ।ਇਸ ਅਨੰਦ ਕਾਰਜ਼ ਦਾ ਰੰਗ ਢੰਗ ਕੁਝ ਵੱਖਰਾ ਹੀ ਸੀ ਕਿਉਂਕਿ ਇਥੇ ਦੋ ਗੁਰਸਿੱਖ ਪ੍ਰਵਾਰਾਂ ਦੇ ਮਿਲਾਪ ਤੇ ਸਤਿਗੁਰਾਂ ਦੀ ਹਜ਼ੂਰੀ 'ਚ ਗੁਰਬਾਣੀ ਆਦੇਸ਼ ਅਨੁਸਾਰ, ਨਵੇਂ



ਪਰਿਵਾਰ ਦੀ ਸਿਰਜਣਾ ਹੋਈ, ਲੜਕੀ ਤੇ ਲੜਕੇ ਪਰਿਵਾਰ ਦੇ ਯਤਨਾ ਸਦਕਾ ਸਾਰਾ ਪ੍ਰੋਗਰਾਮ ਗੁਰੂ ਘਰ 'ਚ ਕਰਕੇ ਇੱਕ ਬਹੁਤ ਵਧੀਆ ਰੀਤ ਨੂੰ ਚਲਾਇਆ ਗਿਆ, ਜੋ ਇਸ ਸਮੇਂ ਦੀ ਜ਼ਰੂਰਤ ਹੈ। ਇਸ ਤਰ੍ਹਾਂ ਦੋਹਾਂ ਪਰਿਵਾਰਾ ਦਾ ਫਾਲਤੂ ਖਰਚਾ ਵੀ ਬਚਾਇਆ ਗਿਆ, ਇਸ ਤੋਂ ਇਟਲੀ ਵਸਦੇ ਸਮੂਹ ਪੰਜਾਬੀ ਭਾਈਚਾਰੇ ਨੂੰ ਸੇਧ ਲੈਣ ਦੀ ਜ਼ਰੂਰਤ ਹੈ, ਹੈਡਗ੍ਰੰਥੀ ਭਾਈ ਕਸ਼ਮੀਰ ਸਿੰਘ ਵਲੋਂ ਲਾਵਾਂ ਦਾ ਪਾਠ ਪੜਿਆ ਗਿਆ, ਅਖੰਡ ਕੀਰਤਨੀ ਜੱਥੇ ਵਲੋਂ ਸ਼ਬਦ ਕੀਰਤਨ ਕੀਤਾ ਗਿਆ। ਗੁਰੂ ਘਰ ਦੇ ਪ੍ਰਬੰਧਕਾਂ ਨੇ ਜੋੜੀ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਤੇ ਗੁਰੂ ਮਰਿਆਦਾ 'ਤੇ ਚੱਲਣ ਲਈ ਅਤੇ ਗੁਰਸਿੱਖੀ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ।ਇਸ ਨਵੇਂ ਉਪਰਾਲੇ ਲਈ ਪਰਿਵਾਰ ਅਤੇ ਨਵ ਵਿਆਹੀ ਜੋੜੀ ਨੂੰ ਸਭ ਨੇ ਵਧਾਈ ਦਿੱਤੀ।



ਕਹਾਣੀ

# ਉਹਨੇ ਆਖਿਆ ਸੀ

## (ਲੋਕ-ਰਾਜ ਦੇ ਸੰਘਰਸ਼ ਨੂੰ ਸਮਰਪਿਤ)



ਅਫ਼ਜ਼ਲ ਤੌਸੀਫ਼

"ਮੇਰਾ ਕਬੀਲਾ ਮੁਜਰਮਾਂ ਦਾ ਨਹੀਂ, ਆਸ਼ਕਾਂ ਦਾ ਏ ਤੇ ਮੈਂ ਸ਼ਹੀਦੀ ਕਬੀਲੇ ਦੀ ਨੌਕਰ ਬਾਂਦੀ'' ਇਹ ਲਫ਼ਜ਼ ਉਸ ਔਰਤ ਨੇ ਬੋਲੇ, ਜਿਸਦਾ ਇੰਟਰਵਿਊ ਕਰਨ ਮੈਂ ਗਈ ਸਾਂ। ਸੁੱਕੀ ਲੱਕੜੀ ਵਰਗੀ ਆਵਾਜ਼ ਵਿਚ ਮਜ਼ਬੂਤੀ। ਸ਼ਹਿਰ ਦੀ ਇੱਕ ਆਮ ਜਿਹੀ ਔਰਤ, ਪਰ ਅੰਦਰੋਂ ਭੇਤਾਂ-ਭਰੀ। ਉਹਦੇ ਬਾਰੇ ਸੁਣਿਆ ਤਾਂ ਇਹੋ ਸੀ, ਪਈ ਉਹ ਆਪਣੇ ਬੁੱਲ੍ਹ ਤੇ ਬੂਹੇ ਪੱਕੇ ਬੰਦ ਕਰਕੇ ਰੱਖਦੀ ਏ। ਆਲੇ-ਦੁਆਲੇ ਲੋਕਾਂ ਦਾ ਕਹਿਣਾ ਏ, ਉਹ ਸਾਰੇ ਦਿਨ ਵਿਚ ਆਪਣਾ ਦਰਵਾਜ਼ਾ ਇੱਕ ਵਾਰੀ ਅੰਦਰੋਂ ਖੋਲ੍ਹਦੀ ਏ। ਜਦੋਂ ਕੰਮ ਤੇ ਜਾਂਦੀ ਏ। ਦੂਜੀ ਵਾਰੀ ਬਾਹਰੋਂ, ਜਦੋਂ ਵਾਪਸ ਆਉਂਦੀ ਹੈ। ਕੋਈ ਹੋਰ ਕਦੇ ਆਉਂਦਾ-ਜਾਂਦਾ ਨਹੀਂ ਵੇਖਿਆ। ਫਿਰ ਵੀ ਉਹਦੇ ਮਕਾਨ ਅੱਗੇ ਸਟੇਟ ਦੀ ਕੋਈ ਏਜੰਸੀ ਆਪਣੀ ਨਿਗਰਾਨੀ ਲਾਈ ਰੱਖਦੀ ਏ। ਉਹ ਕੌਣ ਏ? ਕੀ ਕਰਦੀ ਏ? ਇਹ ਸਭ ਕੁਝ ਜਾਨਣ ਲਈ ਮੈਂ ਉਹਦੇ ਕੋਲ ਰਤਾ ਕੁ ਝਕਦੀ-ਝਕਦੀ ਪਹੁੰਚੀ ਸੀ। ਕਈ ਸਵਾਲ ਬਣਾ ਕੇ ਮੈਂ ਗਈ ਸਾਂ। ਕਿਸੇ ਤਰ੍ਹਾਂ ਉਹਨੂੰ ਇੰਟਰਵਿਊ ਲਈ ਰਾਜ਼ੀ ਵੀ ਕਰ ਲਿਆ ਸੀ।

ਪਰ ਦੂਸਰੇ ਸਵਾਲ ਕਰਨ ਮਗਰੋਂ ਮੈਨੂੰ ਲੱਗਾ, ਮੇਰਾ ਇੰਟਰਵਿਊ ਫਲਾਪ (ਅਸਫਲ) ਹੋ ਰਿਹਾ ਏ। ਉਹਦੇ ਕੋਲੋਂ ਗੱਲ ਕੱਢਵਾ ਲੈਣਾ ਆਸਾਨ ਕੰਮ ਨਹੀਂ। ਹੁਣ ਹੋਰ ਕੀ ਕਰਦੀ। ਮੈਂ ਟਿਪੀਕਲ (ਵਿਸ਼ੇਸ਼) ਪਾਕਿਸਤਾਨੀ ਅਖਬਾਰੀ ਹਰਬਾ ਵਰਤ ਕੇ ਸਿੱਧਾ ਹਮਲਾ ਕਰ ਦਿੱਤਾ। ਤੁਹਾਡੇ ਉੱਤੇ ਇਲਜ਼ਾਮ ਏ, ਪਈ ਤੁਸੀਂ ਤਖਰੀਬਕਾਰਾਂ (ਭੰਨ-ਤੋੜ ਕਰਨ ਵਾਲੇ) ਨਾਲ ਖ਼ਾਸ ਹਮਦਰਦੀ ਰੱਖਦੇ ਓ ਤੇ ਪਾਗਲਪਨ ਦੀ ਹੱਦ ਤੋੜੀ ਹੁਕਮਰਾਨਾ ਦੇ ਵਿਰੁੱਧ ਚੱਲਦੇ ਓ?''

ਉਹਦੇ ਚਿਹਰੇ ਦੀ ਸ਼ਾਂਤੀ ਮਾੜੀ ਜਿਹੀ ਭੰਗ ਹੋਈ। ਫਿਰ ਉਹ ਮੇਰੇ ਵੱਲ ਵੇਖੇ ਬਗ਼ੈਰ ਆਖਣ ਲੱਗੀ, "ਚੱਲ ਮੈਂ ਤਾਂ ਤੇਰੇ ਵਰਗੀਆਂ ਦੇ ਵਿਰੁੱਧ ਵੀ ਜਾ ਸਕਦੀ ਹਾਂ। ਕਿਉਂ ਜੋ ਤੁਸੀਂ ਹਾਲੇ ਤਾਈਂ ਫਰੀਡਮ-ਫਾਈਟਰ (ਆਜ਼ਾਦੀ ਲਈ ਲੜਨ ਵਾਲੇ)ਤੇ ਤਖਰੀਬਕਾਰਾਂ ਵਿਚਕਾਰ ਫ਼ਰਕ ਨਹੀਂ ਕਰ ਸਕਦੇ। ਸੋਝੀ ਦਾ ਘਾਟਾ ਜਾਂ ਸ਼ਰਮ ਦਾ।''

ਮੈਂ ਹੁਣ ਆਪਣੇ ਵਾਸਤੇ ਬੇਚੈਨ ਹੋਣ ਲੱਗੀ ਸਾਂ।

"ਸ਼ਰਮ ਦਾ ਘਾਟਾ? ਕਿਵੇਂ?''

"ਤੁਸੀਂ ਲੋਕ ਸਟੇਟ ਦੇ ਪ੍ਰਚਾਰ-ਪ੍ਰਬੰਧ ਦਾ ਪੁਰਜ਼ਾ ਬਣਕੇ ਆਪਣਾ ਆਪ ਭੁੱਲ ਜਾਂਦੇ ਓ।''

"ਆਪਣਾ ਆਪ?'' ਮੈਂ ਕੋਈ ਭਾਰਾ ਪੱਥਰ ਉਹਨੂੰ ਮਾਰਨਾ ਚਾਹੁੰਦੀ ਸਾਂ। ਪਰ ਉਹਨੇ ਪਹਿਲਾਂ ਹੀ ਆਪਣੀਆਂ ਦੋਵੇਂ ਅੱਖਾਂ ਸਿੱਧੀਆਂ ਫਾਇਰ ਕਰ ਛੱਡੀਆਂ। ਮੇਰੇ ਵੱਲ ਵੇਖਦੇ ਹੋਏ ਤਿੱਖੇ ਲਹਿਜ਼ੇ ਵਿਚ ਬੋਲੀ, "ਵੇਲਾ ਹੀ ਬੁਰਾ ਹੈ। ਐਸ ਵੇਲੇ ਬੰਦੇ ਨੂੰ ਪੁੱਠਾ ਲਟਕਾ ਛੱਡਿਆ ਹੈ। ਸਾਡੇ ਉੱਪਰ ਤਾਂ ਹੋਰ ਬਥੇਰੇ ਇਲਜ਼ਾਮ ਵੀ ਲੱਗੇ ਹੋਏ ਨੇ। ਕੋਈ ਸਾਨੂੰ ਸਿਰ-ਫਿਰਿਆ ਕਹਿੰਦਾ ਹੈ, ਕੋਈ ਸਿਰ ਸੜਿਆ। ਇਹਨਾਂ ਗੱਲਾਂ ਦੀ ਪ੍ਰਵਾਹ ਕਿਹਨੂੰ? ਅਸੀਂ ਤਾਂ ਹੱਥਕੜੀ ਵਾਲੇ ਹੱਥ ਨਾਲ ਕਲਮ ਵੀ ਫੜ ਸਕਦੇ ਹਾਂ। ਮੋਢਿਆਂ ਤੇ ਆਪਣੀ ਸਲੀਬ (ਸੂਲੀ) ਵੀ ਚੁੱਕ ਕੇ ਟੁਰ ਪੈਂਦੇ ਹਾਂ। ਪੈਰੀਂ ਬੇੜੀਆਂ ਪਾ ਕੇ ਨੱਚ ਵੀ ਲਈਦਾ ਏ। ਜੇਲ੍ਹਾਂ ਆਬਾਦ ਕਰਨ ਦਾ ਫਰਜ਼ ਪੂਰਾ ਕਰਨ ਖ਼ਾਤਰ ਉਹਨਾਂ ਦੇ ਸੌਦੇ ਵੀ ਕਰ ਲੈਂਦੇ ਹਾਂ। ਸਾਡੀ ਕੀ ਗੱਲ। ਅਸੀਂ ਤਾਂ ਦੁਨੀਆਂ ਨੂੰ ਅਮਨ ਦੀ ਖੁਸ਼ਬੂ ਨਾਲ ਭਰ ਦੇਣ ਵਾਲੇ ਗੁਲਾਬਾਂ ਦੀ ਕਾਸ਼ਤ ਵਿਚ ਲੱਗੇ ਹੋਏ ਹਾਂ। ਸਾਨੂੰ ਫ਼ਿਕਰ ਨਹੀਂ ਜੇ ਬੱਚਿਆਂ ਉੱਤੇ ਬੰਬ ਚਲਾਉਣ ਵਾਲੇ ਤਖਰੀਬਕਾਰ ਕਹਿੰਦੇ ਨੇ, ਤਖਰੀਬਕਾਰ ਦਾ ਅਰਥ ਖਰਾਬੀ ਏ ਨਾ। ਕਾਹਦੀ ਖਰਾਬੀ?''

ਮੋਤੀਆ ਰੰਗ ਦੇ ਸੁਤੇ ਹੋਏ ਮੁਖੜੇ ਤੇ ਇਲਤਜਾ ਨਾਲ ਭਰੀ ਹੋਈ ਧੀਮੀ ਜਿਹੀ ਆਵਾਜ਼ ਨੇ, ਇੱਕੋ ਵਾਰੀ ਮੇਰੇ ਕੋਲੋਂ ਸਾਰੇ ਹਥਿਆਰ ਰਖਵਾ ਲਏ। ਹੁਣ ਮੈਂ ਦੂਜਾ ਤਰੀਕਾ ਅਜ਼ਮਾਇਆ। ਸਗੋਂ ਉਹਦੇ ਸਾਹਮਣੇ ਸਿੱਧਾ ਸਾਦਾ ਪ੍ਰਵਾਨ ਹੀ ਕਰ ਲਿਆ। ਅਸਲ ਵਿਚ ਮੈਂ ਅੱਜਕੱਲ ਦੀ ਸਥਿਤੀ ਉੱਤੇ ਕੁਝ ਲਿਖਣਾ ਚਾਹੁੰਦੀ ਸੀ। ਹੁਣ ਜਦ ਤੋੜੀ ਉਹਨਾਂ ਲੋਕਾਂ ਦੇ ਦਿਲ ਦਾ ਪਤਾ ਨਾ ਲੱਗੇ, ਜਿਹਨਾਂ ਜੇਲ੍ਹਾਂ ਤੇ ਕਿਲ੍ਹੇ ਭੁਗਤੇ ਹਨ। ਅਸਲੀਅਤ ਨੂੰ ਸੱਚੇ ਸ਼ਬਦ ਕਿੱਥੋਂ ਮਿਲਦੇ। ਪਰ ਇਸ ਤਰੀਕੇ ਨਾਲ ਵੀ ਮੈਨੂੰ ਕਾਮਯਾਬੀ ਕਿੱਥੇ ਮਿਲੀ। "ਮੈਂ ਆਪਣੀ ਜਾਤ ਦੇ ਹਵਾਲੇ ਨਾਲ ਕੋਈ ਗੱਲ ਕਹਿਣਾ ਸੁਣਨਾ ਨਹੀਂ ਚਾਹੁੰਦੀ।'' ਕਹਿ ਕੇ ਬੜੇ ਆਰਾਮ ਨਾਲ ਉਹਨੇ ਗੱਲ ਬਦਲ ਦਿੱਤੀ। ਨਾਲ ਹੀ ਉਹਦੀ ਸ਼ਕਲ ਵੀ ਬਦਲ ਗਈ। ਹੁਣ ਮੌਸਮ ਤੇ ਮਹਿੰਗਾਈ ਦੀ ਗੱਲ ਛਿੜ ਪਈ। ਚਾਹ ਦੀ ਪਿਆਲੀ ਨਾਲ ਬਿਸਕੁਟ ਖਾਵਣ ਦੀ ਦਾਅਵਤ ਮੈਨੂੰ ਆਪਣੀ ਨਾਲਾਇਕੀ ਦਾ ਤਿੱਖਾ ਅਹਿਸਾਸ ਹੋਇਆ। ਉੱਠ ਕੇ ਬਾਹਰ ਨਿਕਲਣਾ ਚਾਹੁੰਦੀ ਸਾਂ ਕਿ ਅਚਾਨਕ ਉਹਨੇ ਮੇਰੇ ਵੱਲ ਵੇਖਿਆ। ਫਿਰ ਉੱਠ ਕੇ ਸਾਹਮਣੇ ਵਾਲੀ ਅਲਮਾਰੀ ਦੇ ਪੱਟ ਖੋਲ੍ਹ ਦਿੱਤੇ।

"ਜੇ ਕੁਝ ਲਿਖਣਾ ਚਾਹੁੰਦੀ ਏਂ ਤਾਂ ਇਹਨਾਂ ਉੱਤੇ ਲਿਖ।'' ਉਹਨੇ ਅੰਦਰ ਇਸ਼ਾਰਾ ਕੀਤਾ। ਮੇਰੀ ਨਜ਼ਰ ਉਹਦੇ ਇਸ਼ਾਰੇ ਨਾਲ ਗਈ। ਵੇਖਿਆ ਅਲਮਾਰੀ ਦੇ ਵਿਚਕਾਰਲੇ ਖਾਨੇ ਵਿਚ ਬਹੁਤ ਸਾਰੇ ਖ਼ਤ ਢੇਰੀਆਂ ਬਣਾਕੇ ਰੱਖੇ ਹੋਏ ਸਨ। ਇਹਨਾਂ ਖ਼ਤਾਂ ਲਈ ਲਿਖਾਂ?

"ਨਹੀਂ, ਉਹਨਾਂ ਸਾਰਿਆਂ ਲਈ ਜਿਹਨਾਂ ਇਹ ਖ਼ਤ ਲਿਖੇ।''

"ਕੀਹਨੇ ਲਿਖੇ ਨੇ ਇਹ ਖ਼ਤ?'' ਮੈਂ ਪੁੱਛਿਆ।

"ਜੇਲ੍ਹ ਵਾਸੀਆਂ ਨੇ। ਮੇਰਾ ਮਤਲਬ ਏ ਤੁਹਾਡੇ ਤਖਰੀਬਕਾਰਾਂ ਨੇ ਲਿਖੇ ਨੇ।'' ਉਹ ਹੱਸ ਪਈ। ਮੈਂ ਨੀਲੇ ਚਿੱਟੇ ਖਾਲੀ ਲਿਫਾਫਿਆਂ ਉੱਤੇ ਨਜ਼ਰ ਮਾਰੀ। ਬਹੁਤ ਸਾਰੇ ਸਨ। ਕਿਸ ਤਰ੍ਹਾਂ ਜਮ੍ਹਾਂ ਕੀਤੇ? ਕਾਹਦੇ ਲਈ? ਮੇਰੇ ਕੋਲੋਂ ਠੀਕ ਤਰ੍ਹਾਂ ਨਾਲ ਗੱਲ ਨਹੀਂ ਸੀ ਹੁੰਦੀ ਪਈ, ਪਰ ਉਹਨੇ ਸਮਝ ਲਈ।

ਆਖਣ ਲੱਗੀ, "ਵਰ੍ਹਿਆਂ ਦਾ ਖਜ਼ਾਨਾ ਏ, ਸਾਂਭ ਕੇ ਰੱਖਿਆ ਹੋਇਆ। ਇਹਨਾਂ ਦੇ ਲਿਖਣ ਵਾਲੇ ਨਿੱਜ ਆਪਣੀ ਮਿਆਦ ਪੂਰੀ ਕਰਕੇ ਬਾਹਰ ਆ ਗਏ। ਕੁਝ ਜ਼ਿੰਦਗੀ ਤੋਂ ਛੁੱਟ ਗਏ। ਪਰ ਹਾਲੇ ਵੀ ਬਹੁਤ ਸਾਰੇ ਓਥੇ ਹੀ ਨੇ, ਜਿੱਥੇ ਪੈਰ ਪਸਾਰਨ ਨੂੰ ਥਾਂ ਤੰਗ ਹੁੰਦੀ ਏ।''

"ਉਸ ਤੰਗੀ ਵਾਲੀ ਜਗ੍ਹਾ ਬੈਠ ਕੇ ਉਹ ਖੁੱਲੀ ਥਾਂ ਵਾਲਿਆਂ ਨੂੰ ਖ਼ਤ ਲਿਖ ਕੇ ਉਹਨਾਂ ਦਾ ਦਿਲ ਤੰਗ ਕਰਦੇ ਰਹਿੰਦੇ ਨੇ। ਨਹੀਂ?'' ਮੈਂ ਵੀ ਹਿੰਮਤ ਕਰਕੇ ਮਾੜੀ ਜਿਹੀ ਸੱਟ ਲਾਈ। ਪਰ ਉਹਨੇ ਜ਼ਰਾ ਜਿੰਨਾ ਨੋਟਿਸ ਵੀ ਨਾ ਲਿਆ। ਉਸੇ ਤਰ੍ਹਾਂ ਰਸਾਣ ਨਾਲ ਗੱਲਾਂ ਕਰਦੀ ਰਹੀ। "ਉਹ ਬੜੇ ਦਿਲ ਵਾਲੇ ਨੇ। ਭਾਈ ਤੰਗੀ ਦੀ ਗੱਲ ਨਹੀਂ ਕਰਦੇ। ਉਹ ਜਦ ਵੀ ਲਿਖਣ, ਉਹਨਾਂ ਦੇ ਖ਼ਤ ਖੁੱਲੇ ਆਸਮਾਨ ਵਰਗੀਆਂ ਸੋਚਾਂ ਨਾਲ ਭਰੇ ਹੋਏ ਹੁੰਦੇ ਨੇ। ਅੱਜ ਦੇ ਕਮਜ਼ੋਰ ਜ਼ਮਾਨਿਆਂ ਵਿਚ ਉਹਨਾਂ ਦੇ ਲਿਖੇ ਲਫ਼ਜ਼ ਜ਼ਿੰਦਗੀ ਵਾਸਤੇ ਤਾਕਤਵਰ ਟਾਨਿਕ ਨੇ। ਮੈਂ ਉਹਨਾਂ ਨੂੰ ਪੜ੍ਹਦੀ ਕਦੇ ਜਵਾਬ ਵੀ ਲਿਖ ਦਿੰਦੀ ਹਾਂ। ਇਹ ਮੇਰੀ ਦਿਲਲਗੀ ਏ। ਇਹੋ ਵਕਤ ਥੋੜ੍ਹੀ-ਥੋੜ੍ਹੀ ਤਖਰੀਬਕਾਰੀ ਵੀ ਹੈ ਨਾ?'' ਮੈਂ ਲਕਮਾ ਦਿੱਤਾ। ਐਦਕਾਂ ਅਸੀਂ ਦੋਵੇਂ ਹੱਸੀਆਂ ਇਕੱਠੀਆਂ। ਹੁਣ ਸਾਡੇ ਵਿਚਕਾਰ ਜਾਣ-ਪਛਾਣ ਜਿਹੀ ਕੋਈ ਗੱਲ ਆ ਗਈ ਸੀ। ਉਹਨੇ ਅਲਮਾਰੀ ਤੋਂ ਰਤਾ ਕੁ ਪਿੱਛੇ ਹਟ ਕੇ ਮੈਨੂੰ ਥਾਂ ਦਿੱਤੀ "ਤੂੰ ਇਹਨਾਂ ਖ਼ਤਾਂ ਨੂੰ ਪੜ੍ਹਕੇ ਤਾਂ ਵੇਖ।'' ਮੈਂ ਅੱਗੇ ਹੋ ਕੇ ਇੱਕ ਢੇਰੀ ਚੁੱਕ ਲਈ। ਗੱਲ ਕਰਨ ਦੀ ਖਾਤਰ ਮੈਂ ਕਿਹਾ, "ਇਹਨਾਂ ਲਿਫਾਫਿਆਂ ਵਿਚ ਕਈ ਕਹਾਣੀਆਂ ਬੰਦ ਨੇ।'' "ਕਹਾਣੀਆਂ ਕੀ, ਇਹਨਾਂ ਕਾਗਜ਼ਾਂ ਵਿਚ ਇੱਕ ਜ਼ਮਾਨਾ ਲਿਖਿਆ ਹੋਇਆ ਏ। ਸੋਝੀਵਾਨਾਂ ਦੀਆਂ ਲਿਖਤਾਂ ਇਸੇ ਤਰ੍ਹਾਂ ਦੀਆਂ ਹੁੰਦੀਆਂ ਨੇ।''

ਫਿਰ ਉਹਨੇ ਇੱਕ ਨਿੱਕੀ ਜਿਹੀ ਢੇਰੀ ਚੁੱਕ ਲਈ। ਇਕ ਲਿਫ਼ਾਫਾ ਖੋਲ੍ਹ ਕੇ ਵਿਚੋਂ ਖ਼ਤ ਕੱਢ ਲਿਆ, "ਪੜ੍ਹਕੇ ਵੇਖ।'' ਉਹਨੇ ਕਾਗਜ਼ ਮੇਰੇ ਵੱਲ ਕੀਤਾ। "ਅਜਿਹੇ ਖ਼ਤ ਦੋ ਚਾਰ ਹੀ ਨੇ। ਪਰ ਇਕ ਲੰਮੀ ਕਹਾਣੀ ਸੁਣਾ ਸਕਦੇ ਨੇ।'' ਮੈਂ ਖ਼ਤ ਪੜ੍ਹਨਾ ਸ਼ੁਰੂ ਕੀਤਾ।

"ਪਿਆਰੀ ਦੀਦੀ, ਬਹਾਰ ਦਾ ਮੌਸਮ ਚੋਰੀ-ਚੋਰੀ ਮੇਰੀ ਤਾਕੀ ਵਿਚੋਂ ਝਾਤੀ ਮਾਰ ਗਿਆ ਏ। ਸਾਡਾ ਜਨੂਨ ਕੁਝ ਹੋਰ ਵੱਧ ਗਿਆ। ਅੱਜਕੱਲ ਜੇਲ੍ਹ ਅੰਦਰ ਬੜੀਆਂ ਰੌਣਕਾਂ ਨੇ। ਪਤਾ ਏ ਕੌਣ-ਕੌਣ ਆ ਗਿਆ ਏ? ਸਿਆਸੀਆਂ ਦੀ ਭਰਮਾਰ ਤਾਂ ਪਹਿਲਾਂ ਹੀ ਸੀ ਹੁਣ ਤਾਂ ਅਦੀਬ ਸ਼ਾਇਰ, ਪੱਤਰਕਾਰ, ਫਨਕਾਰ, ਯੂਨੀਅਨ ਵਾਲੇ, ਵਕੀਲ ਵੀ ਇਥੇ ਲਿਆਂਦੇ ਗਏ ਨੇ। ਇੰਝ ਲੱਗਦਾ ਬਾਹਰ ਵਾਲੀ ਦੁਨੀਆਂ, ਮਤਲਬ ਵੱਡੀ ਜੇਲ੍ਹ ਤਾਂ ਹੁਣ ਸੁੰਨੀ-ਸੁੰਨੀ ਲੱਗਦੀ ਹੋਣੀ ਏ। ਸਾਡੇ ਬਗ਼ੈਰ ਦੁਨੀਆਂ ਉਦਾਸ ਹੈ ਨਾ। ਕਿਉਂ ਦੀਦੀ? ਪੁਲਿਸ ਦਾ ਤਾਂ ਕੰਮ ਈ ਮੁੱਕ ਗਿਆ ਹੋਣਾ ਏ।

"ਕਿਸ ਦੇ ਘਰ ਜਾਏਗਾ ਸੈਲਾਬ ਬਲਾ ਮੇਰੀ ਪਿੱ-ਛੋਂ?'' ਉਹ ਸਾਰੇ ਜਿਨ੍ਹਾਂ ਨਾਲ ਪੁਲਿਸ ਲੁਕਣ-ਮੀਟੀ ਖੇਡਦੀ ਰਹਿੰਦੀ ਸੀ, ਫੜੇ ਗਏ ਨੇ। ਹੁਣ ਤਾਂ ਪੇਂਟਰ ਵੀ ਪਿੱਛੇ ਨਹੀਂ ਰਹੇ। ਅੱਜਕੱਲ ਇੱਕ ਐਕਟਰ ਵੀ ਆਇਆ ਹੋਇਆ ਏ। ਹੀਰ ਬੜੀ ਸੋਹਣੀ ਗਾਉਂਦਾ ਹੈ। ਕਦੇ-ਕਦੇ ਐਕਟਿੰਗ ਦਾ ਵੀ ਝਸ ਚੜ੍ਹਦਾ ਤਾਂ ਜੇਲ੍ਹਰ ਬਣ ਜਾਂਦਾ ਏ। ਕਦੇ ਫੌਜੀ, ਪਰ ਅਸਲ ਗੱਲ ਤਾਂ ਚਿੱਤਰਕਾਰ ਦੀ ਏ। ਉਹ ਬੜਾ ਦਿਲਚਸਪ ਏ। ਸੱਚੀਂ ਦੀਦੀ, ਉਹ ਸਾਰਾ ਦਿਨ ਕੁਝ ਨਾ ਕੁਝ ਕਰਦਾ ਹੀ ਰਹਿੰਦਾ। ਆਮ ਤੌਰ ਤੇ ਤਿੰਨ ਕਿਸਮ ਦੇ ਕੰਮ ਕਰਦਾ ਏ ਉਹ। ਬੜਾ ਹੀ ਹੱਸਦਾ ਏ। ਤੁਸੀਂ ਹੈਰਾਨ ਹੋਵੋਗੇ। ਉਹ ਤਸਵੀਰਾਂ ਕਿੰਝ ਬਣਾ ਲੈਂਦਾ ਏ। ਉਹ ਤਾਂ ਕੈਦੀ ਏ, ਉਹਦੇ ਕੋਲ ਤਸਵੀਰਾਂ ਬਣਾਉਣ ਦਾ ਸਮਾਨ ਕਿੱਥੋਂ ਆਉਂਦਾ। ਕੁਝ ਤਾਂ ਹਾਸਿਆਂ ਦਾ ਸਮਾਨ ਵੀ ਕਿੱਥੋਂ ਲੱਭਦਾ ਏ? ਜੇਲ੍ਹ ਭੇਜਣ ਵਾਲੇ ਸਭ ਕੁਝ ਖੋਹ ਕੇ ਅੰਦਰ ਭੇਜਦੇ ਨੇ, ਪਰ ਪਿਆਰੀ ਦੀਦੀ, ਤੁਹਾਨੂੰ ਤਾਂ ਪਤਾ ਏ ਕਿ ਕਾਲਾ ਦਿਓ ਇੱਕ ਰਸਤਾ ਬੰਦ ਕਰਦਾ ਏ ਤਾਂ ਆਦਮ-ਜ਼ਾਦ (ਆਦਮ-ਜਾਇਆ) ਸੌ ਰਸਤੇ ਹੋਰ ਬਣਾ ਲੈਂਦੇ ਨੇ। ਇਸੇ ਤਰ੍ਹਾਂ ਸਾਡਾ ਮਸੱਵਰ ਤਾਂ ਪੱਕਾ ਆਦਮ-ਜ਼ਾਦ ਏ - ਸਗੋਂ ਸ਼ਹਿਜ਼ਾਦਾ। ਜੇਲ੍ਹ ਵਿਚ ਰਹਿ ਕੇ ਵੀ ਚਿੱਤਰਕਾਰੀ ਕਰੀ ਜਾਂਦਾ ਏ। ਰੰਗ ਬੁਰਸ਼ ਨਾ ਮਿਲਣ ਤਾਂ ਪੈਨਸਿਲ ਨਾਲ ਕੰਮ ਚਲਾ ਲੈਂਦਾ। ਕੋਈ ਕਾਗਜ਼ ਦਾ ਟੋਟਾ ਮਿਲ ਜਾਵੇ ਤਾਂ ਠੀਕ ਏ। ਨਹੀਂ ਤਾਂ ਜੇਲ੍ਹ ਦੇ ਚੁੱਲੇ ਵਿਚੋਂ ਬੁਝੇ ਹੋਏ ਕੋਲੇ ਚੁਣਕੇ ਆਪਣੀ ਜੇਬ ਭਰ ਲੈਂਦਾ ਏ, ਫਿਰ ਕੰਧਾਂ ਦੀ ਕੈਨਵਸ ਉੱਤੇ ਕੁਝ ਨਾ ਕੁਝ ਬਣਾਉਂਦਾ ਰਹਿੰਦਾ ਏ।''

ਖ਼ਤ ਲਿਖਣ ਵਾਲੇ ਅੱਗੇ ਬ੍ਰੈਕਟ ਵਿਚ ਲਿਖਿਆ ਸੀ, "ਕੋਲਿਆਂ ਵਾਲੀ ਗੱਲ ਤਾਂ ਤੁਹਾਨੂੰ ਪਤਾ ਹੀ ਏ, ਤੁਹਾਡੀ ਆਪਣੀ ਇੱਕ ਨਜ਼ਮ ਵੀ ਤਾਂ ਕੋਇਲੇ ਨਾਲ ਲਿਖੀ ਗਈ ਸੀ। ਦੀਦੀ ਅਜੇ ਤੋੜੀ ਕਿਸੇ ਨੇ ਤਵੱਜੋ ਨਹੀਂ ਦਿੱਤੀ, ਜਲੇ ਹੋਏ ਕੋਲੇ ਨੇ ਕਦ-ਕਦ, ਕਿੱਥੇ-ਕਿੱਥੇ ਕਲਮ ਦਾ ਕੰਮ ਦਿੱਤਾ, ਇਹ ਇੱਕ ਅਣ-ਲਿਖੀ ਲੰਮੀ ਤਾਰੀਖ ਹੈ।''

ਇਸ ਗੱਲ ਨੂੰ ਪੜ੍ਹਕੇ ਮੇਰੇ ਅੰਦਰੋਂ ਸੋਚ ਜਾਗੀ। ਇਹ ਕੋਇਲਾ ਇਨਸਾਨ ਦੀ ਮਜਬੂਰੀ ਤੇ ਮਾਲੂਮ ਜ਼ੁਰਮ ਵਿਚ ਕਿਹਾ ਸਾਥੀ ਰਿਹਾ। ਆਪਣੇ ਬਚਪਨ ਵਿਚ ਅਸੀਂ ਆਪ ਕੰਧਾਂ ਉੱਤੇ ਈ ਲਿਖਦੇ ਤਾਂ ਝਿੜਕਾਂ ਖਾਂਦੇ ਸੀ। ਹੁਣ ਤਾਂ ਕੋਇਲੇ ਦਾ ਦੌਰ ਖ਼ਤਮ ਹੋ ਗਿਆ ਏ, ਛੱਲੀਆਂ ਵੀ ਰਸੋਈ ਗੈਸ ਉੱਤੇ ਭੁੰਨ ਲਈਆਂ ਜਾਂਦੀਆਂ ਨੇ, ਬੱਚਿਆਂ ਨੇ ਕੁਝ ਹੋਰ ਈ ਰਸਤੇ ਲੱਭੇ ਹੋਏ ਨੇ। ਕੰਧਾਂ ਕਾਲੀਆਂ ਕਰਨ ਦੇ। ਪਰ ਜੇਲ੍ਹ ਦੇ ਅੰਦਰ ਤਾਂ ਸਭ ਕੁਝ ਪੁਰਾਣਾ ਏ। ਸਦੀਆਂ ਪੁਰਾਣਾ। ਉਥੇ ਹਾਲੇ ਰਸੋਈ ਗੈਸ ਨਹੀਂ ਆਈ। ਆਉਣੀ ਵੀ ਨਹੀਂ। ਜਦ ਤੋੜੀ ਹਾਕਮਾਂ ਨੂੰ ਪੱਕ ਨਹੀਂ ਹੋ ਜਾਂਦਾ, ਪਈ ਕੈਦੀ ਕੋਇਲੇ ਨਾਲ ਲਫਜ਼ ਬਣਾਉਣ ਲੱਗ ਪਏ ਨੇ। ਇੱਕ ਖ਼ਤਰਨਾਕ ਕੰਮ। ਪਰ ਇਹ ਭੇਤ ਕਦੇ ਖੁੱਲਣਾ ਵੀ ਨਹੀਂ। ਕਿਉਂ ਜੋ ਅੰਦਰ ਵਾਲੇ ਬਾਹਰ ਵਾਲਿਆਂ ਨਾਲੋਂ ਬਹੁਤ ਪੱਕੀ ਰਾਜ਼ਦਾਰੀ ਰੱਖਦੇ ਨੇ।

ਬ੍ਰੈਕਟ ਵਾਲੀ ਗੱਲ ਨੂੰ ਅੱਗੇ ਦੂਜੇ ਪਾਸੇ ਲਿਖਿਆ ਸੀ, "ਹਾਂ, ਦੀਦੀ ਮੈਂ ਤੁਹਾਨੂੰ ਦੱਸਾਂ, ਸਾਡਾ ਚਿੱਤਕਾਰ ਆਪਣੀ ਕੋਠੜੀ ਦੀ ਕੰਧ ਉੱਤੇ ਬੜੇ ਤਿੱਖੇ ਨਕਸ਼ਾਂ ਵਾਲੀ ਕੁੜੀ ਦੀ ਤਸਵੀਰ ਬਣਾਕੇ ਸਾਹਿਬਾਂ ਲਿਖਾਂ ਦਿੰਦਾ ਏ। "ਹੀਰ ਦਾ ਚਿੱਤਰ ਕਿਉਂ ਨਹੀਂ ਬਣਾਉਂਦਾ?''ਜਦੋ ਹੀ ਕੋਈ ਪੁੱਛੇ ਤਾਂ ਉਹ ਅਜੀਬ ਤਰ੍ਹਾਂ ਨਾਲ ਸੰਜੀਦਾ ਹੋ ਜਾਂਦਾ ਏ। "ਮਾਈ ਹੀਰ'' ਉਹ ਆਪਣੀਆਂ ਉਂਗਲਾਂ ਦੇ ਪੋਟੇ ਅੱਖਾਂ ਨਾਲ ਲਾ ਕੇ ਹੱਥ ਸੀਨੇ ਉੱਤੇ ਰੱਖ ਲੈਂਦਾ ਏ, ਕਹਿੰਦਾ ਏ, "ਨਹੀਂ ਅਜੇ ਨਹੀਂ। ਹੀਰ ਬਣਾਉਣ ਜੋਗਾ ਮੈਂ ਹੋਇਆ ਨਹੀਂ। ਕੋਈ ਇਸ਼ਕ ਵਰਗੀ ਬੰਦਗੀ ਕਰ ਲਵਾਂ ਤਾਹੀਓਂ'' ਪਰ ਤੂੰ ਸਾਹਿਬਾਂ ਉਧਾਲਣ ਜੋਗਾ ਹੋ ਗਿਆ ਏਂ? ਕੋਈ ਸਾਥੀ ਉਹਨੂੰ ਛੇੜਦਾ ਤਾਂ ਉਹ ਬੜਾ ਉਦਾਸ ਹੋ ਜਾਂਦਾ। ਇੱਕ ਪਲ ਵਿਚ ਉਹਦਾ ਚਿਹਰਾ ਕਈ ਰੰਗ ਬਦਲ ਜਾਂਦਾ। ਪਤਾ ਨਹੀਂ ਅੰਦਰ ਦਾ ਕਿੱਸਾ ਕੀ ਏ। ਪਰ ਸਾਥੀਆਂ ਨੇ ਉਹਦਾ ਨਾਂ ਮਿਰਜ਼ਾ ਜੱਟ ਰੱਖ ਦਿੱਤਾ ਏ। ਉਂਝ ਉਹ ਮਿਰਜ਼ੇ ਜੱਟ ਵਰਗਾ ਲੱਗਦਾ ਨਹੀਂ। ਉਹ ਮਲੂਕੜਾ ਏ। ਸ਼ਕਲੋਂ ਰਾਂਝੇ ਵਰਗਾ ਏ, ਉਹਦੇ ਅੰਦਰ ਕੋਈ ਰਾਂਝਾ ਬੈਠਾ ਜ਼ਰੂਰ ਏ। ਪਰ ਕਿਸੇ ਵੇਲੇ ਉਹ ਖਿੜ-ਖਿੜ ਹੱਸਦਾ ਵੀ ਏ। ਉਸ ਵੇਲੇ ਉਹਦੀ ਹਸਤੀ ਉੱਕਾ ਹੀ ਬਦਲ ਜਾਂਦੀ ਏ।

ਖ਼ਤ ਪੜ੍ਹਕੇ ਮੈਂ ਪੁੱਛਣ ਵਾਲੀ ਸਾਂ, ਪਈ ਉਹ ਆਰਟਿਸਟ ਕਿਸ ਚੱਕਰ ਵਿਚ ਜੇਲ੍ਹ ਗਿਆ ਸੀ। ਪਰ ਉਹਨੇ ਇਕਦਮ ਦੂਜਾ ਖ਼ਤ ਮੇਰੇ ਅੱਗੇ ਕਰ ਦਿੱਤਾ। ਉਸ ਖ਼ਤ ਵਿਚ ਦੋ ਚਾਰ ਰਸਮੀਂ ਗੱਲਾਂ ਤੋਂ ਅੱਗੇ ਲਿਖਿਆ ਹੋਇਆ ਸੀ, "ਦੀਦੀ ਪਹਿਲਾਂ ਪਹਿਲ ਤਾਂ ਅਸੀਂ ਸਮਝਦੇ ਰਹੇ, ਪਈ ਉਹ ਕਿਸੇ ਕੁੜੀ ਦੇ ਚੱਕਰ ਵਿਚ ਜੇਲ੍ਹ ਆਇਆ ਹੋਣਾ ਏ। ਉਹ ਗੱਲਾਂ ਵੀ ਇਸੇ ਤਰ੍ਹਾਂ ਦੀਆਂ ਕਰਦਾ ਸੀ। ਅਗਲੇ ਦਿਨ ਕਹਿ ਰਿਹਾ ਸੀ, "ਯਾਰ ਚੰਗਾ ਹੋਇਆ ਮੈਂ ਜੇਲ੍ਹ ਦੇ ਫਾਟਕ ਮੋਹਰੇ ਆ ਬੈਠਾ ਹਾਂ। ਨਹੀਂ ਤਾਂ ਚੰਦਰੀ ਸਾਹਿਬਾਂ ਦੇ ਭਰਾਵਾਂ ਨੇ ਮੇਰੇ ਟੋਟੇ ਕਰ ਦੇਣੇ ਸਨ।''

ਪਰ ਜਦੋਂ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ ਤਾਂ ਪਤਾ ਲੱਗਾ ਉਹਦਾ ਨਾਂ ਤਾਂ ਸਿਆਸੀ ਕੈਦੀਆਂ ਵਿਚ ਏ। ਅਸੀਂ ਤਾਂ ਕੋਈ ਸਾਹਿਬਾਂ, ਕੋਈ ਹੀਰ ਢੂੰਡ ਰਹੇ ਸੀ। ਪਰ ਨਿਕਲੀ ਉਹੋ ਲੋਕ-ਰਾਜ ਦੀ ਪਰੀ। ਓਸੇ ਦੇ ਹੁਸਨ ਤੇ ਡੁੱਲ੍ਹਿਆ ਪਿਆ ਏ ਸਾਡਾ ਫਨਕਾਰ ਵੀ। ਸਾਡਾ ਸ਼ਾਮਲੂ। ਹਾਏ ਇਹੋ ਨਾਂ ਏ ਉਹਦਾ। ਸ਼ਾਮਲੂ। ਪਰ ਉਹ ਕੋਈ ਵੱਖਰੀ ਟਾਈਪ ਦਾ ਸਿਆਸੀ ਏ। ਉਹਦੀ ਮੁਹੱਬਤ ਦੀ ਨੀਲਮ ਪਰੀ ਨਹੀਂ, ਸਗੋਂ ਸੁਰਖ਼ ਪਰੀ ਏ। ਓਸੇ ਦੇ ਸਾਲੂ ਨੂੰ ਆਪਣੇ ਲਹੂ ਵਿਚ ਰੰਗ ਦੇਣ ਦੇ ਗੀਤ ਗਾਉਂਦਾ ਹੈ। ਫਨਕਾਰ ਏ ਨਾ। ਸਿੱਧੀ-ਸਾਦੀ ਮੁਹੱਬਤ ਕਰਦਾ ਏ। ਆਜ਼ਾਦੀ ਨਾਲ ਪੇਚਦਾਰ ਨਖਰੇ ਨਹੀਂ ਕਰਦਾ।

ਕਹਿੰਦਾ ਏ, ਲੋਕ-ਰਾਜ ਹੋਵੇਗਾ ਤਾਂ ਬੰਦੇ ਦਾ ਅੰਦਰ ਬਾਹਰ ਆਜ਼ਾਦ ਹੋਵੇਗਾ। ਲਿਖਤਾਂ ਤੇ ਤਸਵੀਰਾਂ ਵੀ ਆਜ਼ਾਦ ਹੋਣਗੀਆਂ। ਉਹਦਾ ਫਲਸਫਾ ਕੁਝ-ਕੁਝ ਤੁਹਾਡੇ ਵਰਗਾ ਏ। ਇਥੇ ਆ ਕੇ ਮੈਂ ਪੁੱਛਿਆ, "ਇਹ ਕਿਹੜੇ ਫਲਸਫੇ ਦੀ ਗੱਲ ਲਿਖੀ ਹੋਈ ਏ?'' ਉਹਨੇ ਖ਼ਤ ਉੱਤੇ ਨਿਗਾਹ ਮਾਰੀ ਤੇ ਆਖਣ ਲੱਗੀ, "ਏਥੇ ਸ਼ਹਿਰਯਾਰ ਮੇਰੀ ਉਸ ਗੱਲ ਦਾ ਹਵਾਲਾ ਦੇ ਰਿਹਾ, ਜੋ ਮੈਂ ਕਈ ਵਾਰੀ ਉਹਨੂੰ ਲਿਖੀ ਏ। ਇਹਦੀ ਲਫ਼ਜ਼ਾਂ ਦੀ ਗੱਲ ਏ। ਲੋਕ-ਰਾਜ ਵਿਚ ਲਫ਼ਜ਼ ਆਜ਼ਾਦ ਹੁੰਦੇ ਨੇ। ਤਾਨਾਸ਼ਾਹੀ ਵਿਚ ਬੰਦੇ ਦੇ ਨਾਲ-ਨਾਲ ਉਹਦੇ ਲਫ਼ਜ਼ ਵੀ ਡੱਕੇ ਜਾਂਦੇ ਨੇ। ਪਿਛਲੇ ਕਈ ਸਾਲਾਂ ਵਿਚ ਬਹੁਤ ਸਾਰੇ ਅਦੀਬ, ਸ਼ਾਇਰ ਹੋਏ, ਤਾਹੀਓਂ ਮੈਂ ਉਹਨੂੰ ਲਿਖਿਆ, ਤੁਸੀਂ ਬਹਾਦਰ ਲੋਕ ਇਨਸਾਨਾਂ ਨੂੰ ਆਜ਼ਾਦ ਕਰਾਉਣ ਲਈ ਲੜ ਰਹੇ ਹੋ। ਪਰ ਅਦੀਬ (ਸਾਹਿਤਕਾਰ) ਜਦੋਂ ਲੜਦਾ ਏ, ਉਹ ਬਹਾਦਰ ਲਫ਼ਜ਼ ਦੀ ਆਜ਼ਾਦੀ ਲਈ ਸੰਘਰਸ਼ ਦਾ ਮੋਰਚਾ ਚਲਾਉਂਦਾ। ਇਹ ਕੋਈ ਅਸਚਰਜ ਗੱਲ ਨਹੀਂ, ਸਾਰੀ ਦੁਨੀਆਂ ਵਿਚ ਅਦੀਬ ਨੂੰ ਆਪਣੇ ਸਿਦਕ ਦੀ ਖ਼ਾਤਰ ਇਹ ਕਰਨਾ ਪੈਂਦਾ ਏ ਸਗੋਂ ਬਹੁਤਾ।

ਉਹਨੇ ਆਪਣੀ ਗੱਲ ਖ਼ਤਮ ਕੀਤੀ ਤਾਂ ਮੈਂ ਖ਼ਤ ਦੀਆਂ ਅਗਲੀਆਂ ਸਤਰਾਂ ਪੜ੍ਹੀਆਂ। ਅੱਜ ਸ਼ਾਮਲੂ ਨੇ ਬੜੀ ਪਿਆਰੀ ਗੱਲ ਕੀਤੀ। ਕਹਿਣ ਲੱਗਾ, ਕੈਦੀ ਲੋਕਾਂ ਵਾਂਗ ਕੈਦੀ ਤਸਵੀਰਾਂ ਦੇ ਮੁੱਖ ਵੀ ਬੇਰੌਣਕੇ ਹੁੰਦੇ ਨੇ। ਤੁਹਾਨੂੰ ਖੁਸ਼ੀ ਹੋਵੇਗੀ ਕਿ ਇੱਕ ਮਸੱਵਰ (ਚਿੱਤਰਕਾਰ) ਵੀ ਮੋਰਚੇ ਤੇ ਆ ਗਿਆ। ਹੁਣ ਤਾਂ ਮੋਰਚਾ ਵੱਡਾ ਹੋ ਜਾਵੇਗਾ.... ਵੇਖੋ ਨਾ ਚਾਰ ਤਾਕਤਾਂ ਸਿਆਸਤ, ਮਿਹਨਤ, ਹੁਨਰ ਤੇ ਦਾਨਸ਼ (ਅਕਲ) ਰਲ ਗਈਆਂ ਤਾਂ ਤਾਨਾਸ਼ਾਹੀ ਦੀ ਜੜ੍ਹ ਵੱਢੀ ਜਾਵੇਗੀ। ਫੇਰ ਤਾਂ ਲਫ਼ਜ਼ ਰੰਗ ਰੂਮਾਨ ਸਾਰੇ ਈ ਆਜ਼ਾਦ ਹੋ ਜਾਣਗੇ। ਇਥੇ ਆ ਕੇ ਮੈਂ ਸੋਚਿਆ, ਮੈਂ ਲਫ਼ਜ਼ ਦੇ ਰੂਹ ਵਾਲੀ ਗੱਲ ਤਾਂ ਸਮਝ ਸਕਦੀ ਹਾਂ। ਪਰ ਤਸਵੀਰਾਂ ਦੀ ਆਜ਼ਾਦੀ ਬਾਰੇ ਕਿੰਝ ਸੋਚਿਆ ਜਾਂਦਾ ਏ? ਇਕ ਦਮ ਮੇਰਾ ਦਿਲ ਕੀਤਾ, ਮੈਂ ਤਸਵੀਰਾਂ ਦਾ ਆਜ਼ਾਦੀ ਮੰਗਣ ਵਾਲੇ ਕੈਦੀ ਮਸੱਵਰ ਨੂੰ ਜਾ ਕੇ ਮਿਲਾਂ। ਉਸ ਦਾ ਇੰਟਰਵਿਊ ਕਰਾਂ। ਪੁੱਛਾਂ ਵੀਰਾ, ਉਹ ਕਿਹੜੇ ਨਕਸ਼ ਸੀ ਜੋ ਪੂਰੇ ਨਹੀਂ ਹੋ ਸਕੇ? ਕਿਹੜੀਆਂ ਅੱਖਾਂ, ਕੌਣ ਸ਼ਕਲਾਂ, ਜੋ ਹਨ੍ਹੇਰੀਆਂ ਵਿਚ ਗਵਾਚ ਗਈਆਂ? ਤਸਵੀਰ ਦੀ ਗੱਲ ਤਾਂ ਮਸੱਵਰ ਨਾਲ ਈ ਕੀਤੀ ਜਾ ਸਕਦੀ ਏ। ਪਰ ਹੁਣ ਉਹਦਾ ਇੰਟਰਵਿਊ ਨਹੀਂ ਹੋ ਸਕਦਾ। ਉਹਦੀਆਂ ਮੁਲਾਕਾਤਾਂ ਬੰਦ ਹੋ ਗਈਆਂ। ਟਰਾਇਲ (ਸੁਣਵਾਈ) ਸ਼ੁਰੂ ਹੋ ਚੁੱਕੀ ਸੀ। ਮਿਲਟਰੀ ਕੋਰਟ ਅੱਗੇ ਇਕ ਫਨਕਾਰ। ਹੁਣ ਉਹਨੂੰ ਸਜ਼ਾ ਹੋਵੇਗੀ। ਲੰਮੀ ਕੈਦ ਪਤਾ ਨਹੀਂ ਸ਼ਾਇਦ.... ਮੈਂ ਫ਼ਿਕਰਮੰਦੀ ਨਾਲ ਉਹਦੇ ਵੱਲ ਤੱਕਿਆ.... "ਕੁਝ ਪਤਾ ਨਹੀਂ'' ਉਹ ਆਖਣ ਲੱਗੀ, ਪੰਜਾਂ ਸੱਤਾਂ ਦਿਨਾਂ ਪਿੱਛੋਂ ਆਕੇ ਪੁੱਛ ਲਈਂ। ਸ਼ਾਇਦ ਕਿਸੇ ਦਾ ਖ਼ਤ ਆਵੇ।

ਪਰ ਹੋਇਆ ਇਸ ਤਰ੍ਹਾਂ ਪਈ ਮੈਨੂੰ ਮੁੜਕੇ ਆਉਂਦੇ-ਆਉਂਦੇ ਪੰਦਰਾਂ ਕੁ ਦਿਨ ਲੱਗ ਗਏ। ਇਸ ਸਮੇਂ ਵਿਚ ਦੋ ਖ਼ਤ ਆ ਚੁੱਕੇ ਸਨ। ਇਕ ਵਿਚ ਟਰਾਇਲ ਦੀਆਂ ਗੱਲਾਂ ਲਿਖੀਆਂ ਸਨ। ਦੂਜੇ ਵਿਚ ਸ਼ਾਮਲੋ ਬਾਰੇ ਬੱਸ ਏਨਾ ਲਿਖਿਆ ਸੀ, "ਦੀਦੀ ਅੱਜ ਸ਼ਾਮਲੋ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਹ ਸੱਚਮੁੱਚ ਆਜ਼ਾਦੀ ਨਾਲ ਪਿਆਰ ਕਰਦਾ ਏ। ਪਰ ਉਹਦਾ ਆਪਣਾ ਹੀ ਰੰਗ ਏ। ਉਹ ਆਪਣੀ ਮੁਹੱਬਤ ਆਜ਼ਾਦ ਕਰਾਉਣ ਲਈ ਕਾਲੇ ਦਿਓ ਨੂੰ ਮਾਰ ਦੇਣਾ ਚਾਹੁੰਦਾ ਏ। ਇਹ ਫ਼ਰਕ ਸਾਡੀ ਮੁਹੱਬਤ ਵਿਚਕਾਰ ਸਿਆਸਤ ਆ ਜਾਂਦੀ ਏ। ਆਪਣਾ-ਆਪ ਆ ਜਾਂਦਾ ਏ। ਏਸ ਲਈ ਅਸੀਂ ਤਾਂ ਬੱਸ ਨੀਲਮ-ਪਰੀ ਦੇ ਜਾਦੂ ਵਿਚ ਈ ਫਸੇ ਰਹਿੰਦੇ ਹਾਂ। ਕੁਝ ਆਪਣੇ ਵਲੋਂ ਨਹੀਂ ਕਰਦੇ। ਪਰ ਸਾਡਾ ਫਨਕਾਰ ਤਾਂ ਦਿਲ ਦੀ ਜੋਤ ਜਗਾ ਰਿਹਾ ਏ। ਉਹ ਆਜ਼ਾਦੀ ਦੇ ਸੂਰਜ ਦੀ ਲੋਅ ਲੈ ਕੇ ਇਕ ਰੌਸ਼ਨ ਦੁਨੀਆਂ ਸਿਰਜਣਾ ਚਾਹੁੰਦਾ ਏ। ਉਹਨੂੰ ਯਕੀਨ ਏ ਕਿ ਉਹਦੀ ਉਰਾਵਸ਼ੀ ਵੀ ਓਸੇ ਨੂੰ ਲੱਭ ਰਹੀ ਹੈ। ਹੋਰ ਸੁਣੋ ਦੀਦੀ ਇਹ ਸ਼ਾਮਲੂ ਇਕ ਗਰੀਬ ਫਨਕਾਰ ਹੈ। ਕੋਈ ਗੁਲਫਾਮ ਸ਼ਹਿਜਾਦਾ ਨਹੀਂ। ਇੰਝ ਦੇਖਿਆ ਜਾਵੇ ਤਾਂ ਹੈ ਵੀ, ਕੱਲ੍ਹ ਨੂੰ ਜੋ ਦੁਨੀਆਂ ਉਹਨੇ ਆਪਣੇ ਹੱਥੀਂ ਉਸਾਰਨੀ ਏ, ਉਹਦਾ ਸ਼ਹਿਜ਼ਾਦਾ ਹੋਰ ਕੌਣ ਹੋ ਸਕਦਾ ਏ?

ਖ਼ਤ ਵਿਚ ਲਿਖੇ ਹੋਏ ਇਹ ਦੋ-ਚਾਰ ਜੁਮਲੇ ਮੇਰੇ ਖ਼ਿਆਲ ਵਿਚ ਇੱਕ ਦੁਨੀਆਂ ਜਗਾ ਗਏ। ਬੀਤਿਆ ਵੀ ਨਵੇਂ ਸਿਰੇ ਤੋਂ ਬਣੂੰਗਾ। ਭਵਿੱਖ ਵੀ। ਉਹ ਕਹਾਣੀ ਮੁੜ ਕੇ ਲਿਖੀ ਜਾਵੇਗੀ। ਸਗੋਂ ਸਾਰੀਆਂ ਕਹਾਣੀਆਂ। ਤੁਹਾਡਾ ਕੀ ਖ਼ਿਆਲ ਏ? ਮੈਂ ਕੈਦੀਆਂ ਦੀ ਦੀਦੀ ਕੋਲੋਂ ਪੁੱਛਿਆ।

ਬਿਲਕੁਲ! ਉਹ ਆਖਣ ਲੱਗੀ। ਨਵੇਂ ਦੌਰ ਦੀ ਕਹਾਣੀ ਤਾਂ ਨਵੀਂ ਹੁੰਦੀ ਏ। ਪਰ ਬੀਤੀਆਂ ਕਈ ਕਹਾਣੀਆਂ ਦੀ ਸੰਗਲ ਘੇਰਾਂ ਵਿਚ ਏ। ਕਈ ਲੋਕੀ ਉਹਨਾਂ ਨੂੰ ਨਵੇਂ ਸਿਰੇ ਤੋਂ ਲਿਖਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਨੇ, ਕਿਸ ਤਰ੍ਹਾਂ? ਕੋਈ ਮਿਸਾਲ ਦਿਓ। ਉਹ ਮੱਥੇ ਉੱਤੇ ਹੱਥ ਰੱਖਕੇ ਸੋਚਣ ਲੱਗ ਪਈ। ਝੱਟ ਕੁ ਪਿੱਛੋਂ ਬੋਲੀ, "ਤੂੰ ਉਹ ਪੜ੍ਹੀ ਏ..... ਆਖਰ ਸ਼ਬ ਕੇ ਹਮਸਫਰ ਕੁਰਾਓਲੀਨ ਹੈਦਰ। ਹਾਂ ਉਸੇ ਨੇ ਬੀਤੇ ਦੀਆਂ ਕੁਝ ਕਹਾਣੀਆਂ ਲਈ ਨਵੇਂ ਸ਼ਬਦ ਘੜੇ ਨੇ। ਬੀਤੇ ਕੱਲ ਨੂੰ ਅੱਜ ਦੀ ਅੱਖ ਨਾਲ ਵੇਖਣਾ ਵੀ ਇੱਕ ਨਵਾਂ ਤਜਰਬਾ ਏ।

ਕੀ ਲਾਭ, ਮੈਂ ਸੋਚਿਆ ਓਧਰ ਲੋਕੀ ਬੀਤੇ ਦੇ ਗੁਲਫਾਮਾਂ ਨੂੰ ਆਜ਼ਾਦ ਕਰਾਉਣ ਲਈ ਲੱਗੇ ਹੋਏ ਨੇ। ਏਧਰ ਨਵੇਂ ਕਾਲੇ ਦੇਵ ਪੈਦਾ ਹੋ ਰਹੇ ਨੇ, ਜ਼ਾਲਮ ਤੇ ਬਦਸੂਰਤ। ਉਹਨਾਂ ਸਾਰੇ ਗੁਲਫਾਮ ਕੈਦੀ ਕਰ ਲਏ ਹੋਏ ਨੇ। ਪਹਿਲਾਂ ਤਾਂ ਇਹ ਪ੍ਰਬੰਧ ਹੋਣਾ ਚਾਹੀਦਾ। ਗੁਲਫਾਮ ਕਦੋਂ ਤਾਈਂ ਕਿਸੇ ਪਾਸਿਉਂ ਗ਼ੈਬੀ ਇਮਦਾਦ ਦਾ ਇੰਤਜ਼ਾਰ ਕਰੇਗਾ?

ਮੇਰੀ ਗੱਲ ਨਾਲ ਉਹਦੇ ਮੱਥੇ ਉੱਤੇ ਵੱਟ ਜਿਹਾ ਉਭਰਿਆ। ਪਰ ਉਹ ਭਰੋਸੇ ਨਾਲ ਬੋਲੀ, "ਸਾਡੇ ਬੱਚੇ ਤਾਂ ਉਡੀਕ ਵਿਚ ਬੈਠੇ ਨੇ। ਉਹ ਤਾਂ ਲੜ ਰਹੇ ਨੇ। ਇੱਕ ਮੁਸ਼ਕਿਲ ਲੜਾਈ ਉਹਨਾਂ ਛੋਹੀ ਏ। ਬੰਦੇ ਦਾ ਭਵਿੱਖ ਬਚਾਵਣ ਲਈ.... ਹੁਣ ਉਹਦੇ ਹੱਥ ਵਿਚ ਅਗਲਾ ਖ਼ਤ ਸੀ। ਇਸ ਖ਼ਤ ਵਿਚ ਵੀ ਹਾਲਾਤ ਉੱਤੇ ਕੁਝ ਟਿੱਪਣੀ ਸੀ। ਕੈਦੀਆਂ ਦੇ ਬਾਰੇ ਕੁਝ ਗੱਲਾਂ। ਚਿੱਤਰਕਾਰ ਦੇ ਨਾਂ ਦਾ ਕਿੱਸਾ ਲਿਖਿਆ ਸੀ। "ਉਹ ਸ਼ਾਮ ਦੇ ਸੁਰਮਈ ਜਹੇ ਪਲਾਂ ਵਿਚ ਜੰਮਿਆ ਸੀ। ਦਾਦੇ ਨੇ ਉਹਦਾ ਨਾਂ ਸ਼ਾਮਲੂ ਰੱਖ ਦਿੱਤਾ। ਮਜ਼ੇ ਦੀ ਗੱਲ ਸੁਣੋ ਦੀਦੀ, ਸ਼ਾਮਲੂ ਕਹਿੰਦਾ ਏ ਉਹ ਆਪਣੀ ਸ਼ਾਮ ਦੀ ਤਸਵੀਰ ਬਣਾ ਚੁੱਕਿਆ... ਉਹੋ ਸ਼ਾਮ ਜੋ ਲੋਕਾਂ ਦੇ ਵਿਹੜੇ, ਸਿਰ ਤੇ ਸੁਰਮਈ ਚੁੰਨੀ ਲੈ ਕੇ ਉਤਰਦੀ ਏ। ਪਰ ਦੇਖਦੇ ਦੇਖਦੇ ਕਾਲੀ ਡੈਣ ਬਣ ਜਾਂਦੀ ਏ। ਫਿਰ ਉਸੇ ਰਾਤ ਦੀ ਕਾਲਖ ਦੇ ਕੱਪੜੇ ਪਾਈ ਬਘਿਆੜ ਸੌਂਦੇ ਜਾਗਦੇ ਬੱਚਿਆਂ ਨੂੰ ਡਰਾਉਂਦੇ ਰਹਿੰਦੇ ਨੇ। ਕਦੇ ਤਾਂ ਖਾਈ ਜਾਂਦੇ ਨੇ। ਅੱਜ ਇਸੇ ਕਾਲੀ ਰਾਤ ਨੂੰ ਕਾਲੇ ਬਘਿਆੜ ਨੇ ਕਾਲੇ ਦਿਓ ਦੀ ਮਦਦ ਕੀਤੀ ਏ। ਪਰਸਤਾਨ ਦੇ ਸਾਰੇ ਰੰਗਾਂ ਉੱਤੇ ਕਾਲਖ ਛਿੜਕ ਦਿੱਤੀ ਏ। ਖ਼ੁਸ਼ੀ, ਖ਼ੁਸ਼ਹਾਲੀ, ਖ਼ੂਬਸੂਰਤੀ, ਖ਼ੁਸ਼ਬੂ ਚਾਰੇ ਪਰਸਤਾਨ ਦੇ ਰੰਗ ਹੁੰਦੇ ਨੇ। ਬਾਕੀ ਸਾਰੇ ਸ਼ੇਡ ਇਹਨਾਂ ਰੰਗਾਂ ਨਾਲ ਈ ਬਣਦੇ ਨੇ। ਇਸ ਗੱਲ ਦੀ ਵਿਆਖਿਆ ਸ਼ਹਿਰ-ਯਾਰ ਨੇ ਕੀਤੀ। ਸ਼ਾਮਲੂ ਇਹਨਾਂ ਚੌਹਾਂ ਨੂੰ ਰੰਗਾਂ ਵਿਚ ਵੇਖਦਾ। ਹੋਰ ਵੀ ਕਈ ਰੰਗ ਨੇ। ਸਮਾਜ ਨੂੰ ਸਜਾਵਣ ਵਾਲੇ। ਆਜ਼ਾਦੀ, ਅਮਨ, ਲੋਕ-ਰਾਜ। ਕਾਲਾ ਦਿਓ ਇਹਨਾਂ ਰੰਗਾਂ ਦਾ ਵੀ ਵੈਰੀ ਏ। ਉਸ ਰੌਸ਼ਨੀ ਦਾ ਵੀ ਜੋ ਉੱਤੋ ਆਉਂਦੀ ਹੈ ਜਾਂ ਬੰਦੇ ਦੇ ਮਨ ਵਿਚੋਂ ਉਗਦੀ ਏ। ਕਾਲਾ ਦਿਓ ਵੈਰੀ ਏ। ਉਹ ਆਪਣਾ ਕਾਲਾ ਤੰਬੂ ਤਾਣ ਕੇ ਰੌਸ਼ਨੀ ਦਾ ਕਤਲਾਮ ਕਰਦਾ ਰਹਿੰਦਾ ਏ।

(ਚਲਦਾ)

## ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਬੜੇ ਮਾਣ ਨਾਲ ਪੇਸ਼ ਕਰਦੇ ਹਨ

CALIFORNIA KABADDI CUP

# ਕੈਲੀਫੋਰਨੀਆਂ ਕੱਬਡੀ ਕੱਪ

**James Logan High School, Union City**
**• 26 April • Sunday • 10am-8pm**

GURU TEGH BAHADUR SPORTS CLUB CALIFORNIA

- ਕੈਲੀਫੋਰਨੀਆ ਦਾ ਸਭ ਤੋਂ ਵਡਾ ਟੂਰਨਾਮੈਂਟ
- ਬਚਿਆਂ ਤੇ ਬੀਬੀਆਂ ਦੇ ਬੈਠਣ ਲਈ ਵਖਰਾ ਪਰਬੰਧ
- ਸਕਿਊਰਿਟੀ ਦਾ ਖਾਸ ਪਰਬੰਧ
- ਆਪਣੀ ਕਿਸਮ ਦਾ ਇਕੋ ਇਕ ਅਨੋਖਾ ਟੂਰਨਾਮੈਂਟ ਜਿਥੇ ਖੇਡ ਦਰਸ਼ਕ ਖੇਡਾਂ ਦਾ ਪੂਰਾ ਅਨੰਦ ਮਾਣ ਸਕਦੇ ਹਨ
- ਦੇਸ਼ਾ ਵਿਦੇਸ਼ਾ ਵਿਚੋਂ ਦਰਸ਼ਕਾਂ ਦੀ ਮੰਗ ਤੇ ਉਚ ਕੋਟੀ ਦੇ ਖਿਡਾਰੀ ਵੀ ਪਹੁੰਚ ਰਹੇ ਹਨ
- ਕਬੱਡੀ ਤੋਂ ਇਲਾਵਾ ਬਾਸਕਟਬਾਲ,ਵਾਲੀਬਾਲ ਤੇ ਕੁਸ਼ਤੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ

**Participating Teams : India • Canada East • Canada West • England • USA &more**

**ਅਮਰੀਕਾ ਦੇ ਤਮਾਮ ਕਬੱਡੀ ਪਰਮੋਟਰਾਂ,ਖਿਡਾਰੀਆਂ ਅਤੇ ਕਲੱਬਾਂ ਨੂੰ ਇਸ ਕਬੱਡੀ ਕੱਪ ਵਿਚ ਸ਼ਾਮਲ ਹੋਣ ਦਾ ਖੁਲਾ ਸੱਦਾ ਪੱਤਰ ਦਿਤਾ ਜਾਂਦਾ ਹੈ**


ਕੁਲਦੀਪ ਸਿੰਘ ਖੈਹਰਾ
ਚੇਅਰਮੈਨ


ਮੰਗਲ ਸਿੰਘ ਭੰਡਾਲ
ਪ੍ਰਧਾਨ


ਪ੍ਰੀਤਮ ਸਿੰਘ ਗਰੇਵਾਲ
ਵਾਈਸ ਪ੍ਰਧਾਨ


ਕੁਲਵੰਤ ਸਿੰਘ ਨਿੱਜਰ
ਵਾਈਸ ਪ੍ਰਧਾਨ


ਬਲਜੀਤ ਸਿੰਘ ਮਾਨ
ਵਾਈਸ ਪ੍ਰਧਾਨ


ਅਮਰਜੀਤ ਸਿੰਘ ਸੰਘਾ
ਵਾਈਸ ਪ੍ਰਧਾਨ


ਹਰਜਿੰਦਰ ਸਿੰਘ ਜੋਹਲ
ਜਨਰਲ ਸਕੱਤਰ


ਸਰਬਜੀਤ ਸਿੰਘ ਸਰਾਉ
ਸਕੱਤਰ ਜਨਰਲ


ਸੰਤੋਖ ਸਿੰਘ ਜੱਜ
ਖ਼ਜ਼ਾਨਚੀ


ਇੰਦਰਜੀਥ ਸਿੰਘ ਬਿੰਦ
ਸਕੱਤਰ


ਰਿੰਪੀ ਟਿਵਾਣਾ
ਸਕੱਤਰ


ਗੁਰਜੀਤ ਸਿੰਘ ਗਿੱਲ
ਸਕੱਤਰ


ਸੁਖਵੰਤ ਸਿੰਘ ਖੈਹਰਾ
ਖ਼ਜ਼ਾਨਚੀ


ਸਤਨਾਮ ਸਿੰਘ ਬੱਲ
ਸਕੱਤਰ


ਪਰਮਿੰਦਰ ਸਿੰਘ ਗਿੱਲ
ਸਕੱਤਰ


ਤੀਰਥ ਸਿੰਘ ਸੱਲ
ਸਕੱਤਰ

**ਜਾਰੀ ਕਰਤਾ :**
**ਸਰਬਜੀਤ ਸਿੰਘ ਸਰਾਓ (ਸਕੱਤਰ ਜਨਰਲ ) ਗੁਰੂ ਤੇਗ ਬਹਾਦਰ ਸਪੋਰਟਸ ਕਲੱਬ**

# ਗੁਰਦੁਆਰਾ ਸਾਹਿਬ ਲਵਿੰਗਸਟਨ (ਕੈਲੀਫੋਰਨੀਆ) ਵਿਖੇ ਹੋਲੇ-ਮਹੱਲੇ ਦਾ ਮਹਾਨ ਪੁਰਬ ਅਤੇ 17ਵਾਂ ਸਾਲਾਨਾ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਇਆ
























MANDEEP SANDHU
msandhu2014@gmail.com

SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

# ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ (ਯੂ. ਐਸ. ਏ.) ਨੇ ਗੁਰਦੁਆਰਾ ਸਾਹਿਬ ਲਵਿੰਗਸਟਨ ਵਿਖੇ ਹੋਲੇ-ਮਹੱਲੇ ਦੇ ਮਹਾਨ ਪੁਰਬ ਅਤੇ ਨਗਰ ਕੀਰਤਨ ਮੌਕੇ ਲੰਗਰ ਦੇ ਸਟਾਲ ਲਗਾਏ































Pictures by Prem K. Chumber
www.deshdoaba.com www.ambedkartimes.com


# ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ

## ਗੁਰਦਵਾਰਾ ਸਾਹਿਬ ਸਟਾਕਟਨ, ਕੈਲੀਫੋਰਨੀਆਂ

**1930 Sikh Temple Street, Stockton CA 95206**

(A Historical Land Mark of Ca.)

ਵਿਖੇ (1912 – 2015)



# 17ਵਾਂ ਮਹਾਨ ਨਗਰ ਕੀਰਤਨ

## ਖਾਲਸੇ ਦਾ 317ਵਾਂ ਸਾਜਨਾ ਦਿਵਸ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿੰਮਰ ਬੇਨਤੀ ਹੈ ਕਿ 12 ਅਪ੍ਰੈਲ 2015 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਿਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 317ਵਾਂ ਸਾਜਨਾ ਦਿਵਸ, ਵਿਸਾਖੀਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋਂ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੰਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- 13 ਮਾਰਚ 2015 ਤੋਂ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ। ਇਸ ਦੀ ਸੇਵਾ ਲਈ ਆਪ ਭਾਈ ਗੁਰਮੀਤ ਸਿੰਘ ਜੀ ਨੂੰ ਫੋਨ ਨੰ: 209-275-3505 'ਤੇ ਸੰਪਰਕ ਕਰ ਸਕਦੇ ਹੋ।
- ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ 28 ਮਾਰਚ ਤੋਂ 14 ਅਪ੍ਰੈਲ ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਢਾਡੀ ਜਥਾ ਭਾਈ ਸਰੂਪ ਸਿੰਘ ਕੰਡਿਆਣੇ ਵਾਲੇ, ਕਥਾਵਾਚਕ ਅਮਰੀਕ ਸਿੰਘ ਜੀ ਚੰਡੀਗੜ੍ਹ ਵਾਲੇ, ਕਥਾ, ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ।
- 12 ਅਪ੍ਰੈਲ ਨੂੰ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ 760 W Charter Way Stockton CA 95206 ਅਤੇ 1901 South B Stockton CA 95206 ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 11 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਕੀਤੀ ਜਾਵੇਗੀ।



ਗੁਰੂਘਰ ਦਾ ਹਜ਼ੂਰੀ ਰਾਗੀ ਜਥਾ

**ਗੁਰੂ ਦੇ ਲੰਗਰਾਂ ਦੀ ਸੇਵਾ ਕਰਨ ਲਈ ਅਤੇ ਸਟਾਲ ਲਗਾਉਣ ਲਈ ਸੰਪਰਕ ਕਰੋ**
ਬੀਬੀ ਸਰਬਜੀਤ ਕੌਰ
209 430 9415
ਸ. ਜਸਵਿੰਦਰ ਸਿੰਘ ਤੂਰ
209 470 6881

**ਨਗਰ ਕੀਰਤਨ ਵਿਚ ਫਲੋਟ ਲਗਾਉਣ ਲਈ ਸੰਪਰਕ ਕਰੋ**
ਮਨਜੀਤ ਸਿੰਘ ਭੱਠਾ
209 663 3064
ਸ. ਇਕਬਾਲ ਸਿੰਘ ਸੋਹਲ
209 922 7976

ਹੋਰ ਜਾਣਕਾਰੀ ਲਈ ਭਾਈ ਰਵਿੰਦਰ ਸਿੰਘ ਉਪਲ 209-321-4623, ਭਾਈ ਦਲਜੀਤ ਸਿੰਘ 209-355-9500 ਨਾਲ ਸੰਪਰਕ ਕਰ ਸਕਦੇ ਹੋ।

**ਅੰਮ੍ਰਿਤ ਸੰਚਾਰ**: 11 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ-ਅਭਿਲਾਖੀ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੇ ਨਾਮ ਭਾਈ ਜੁਧਿੰਦਰ ਸਿੰਘ ਨੂੰ ਫੋਨ ਨੰਬਰ 209-992-0919 ਤੇ ਕਾਲ ਕਰਕੇ ਲਿਖਵਾ ਸਕਦੇ ਹੋ, ਅਤੇ ਕਕਾਰਾਂ ਦੀ ਸੇਵਾ ਗੁਰੂਘਰ ਵੱਲੋਂ ਕੀਤੀ ਜਾਵੇਗੀ।

ਵਿਸਾਖੀ ਦਾ ਸਾਰਾ ਪ੍ਰੋਗਰਾਮ ਗੁਰੂਘਰ ਦੀ ਵੈਬਸਾਈਟ www.stocktongurdwarasahib.org 'ਤੇ ਸਾਰਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ।

ਸਿਕਿਓਰਿਟੀ (Security) ਦੇ ਖਾਸ ਪ੍ਰਬੰਧ ਕੀਤੇ ਗਏ ਹਨ।

**ਦਾਸ : ਸਮੂਹ ਸਾਧ-ਸੰਗਤ ਅਤੇ ਪ੍ਰਬੰਧਕ ਕਮੇਟੀ, ਗੁਰਦੁਆਰਾ ਸਾਹਿਬ ਸਟਾਕਟਨ**

**Email: stocktongurdwarasahib@gmail.com, www.stocktongurdwarasahib.org**


**Prime Real Estate Services**
**Kulwinder Singh Realtor**



Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465 Email: Kelvindjhamat@yahoo.com
679 N. Palora Ave. #C Yuba City, CA 95991

**INDIA BAZAAR**
Indian, Pakistani & Fijjian Groceries
We are open 7 DAYS A WEEK TIME : 9:00 A.M. TO 8:30 P.M.
Jai Ram Gaught | Harjit Gaught (Happy)
Call to Happy- Cell : (209) 594-8473 Ph: (209) 478-0285 Fax : (209) 477-3206
Email: indiabazaar08@yahoo.com
1304-E HAMMER LANE, Suite 12, STOCKTON CA, 95210



MANDEEP SANDHU
msandhu2014@gmail.com
**SANDHU**
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)


ਕੁਲਵਿੰਦਰ ਸਿੰਘ ਝਮਟ (ਪ੍ਰਾਈਮ ਰੀਅਲ ਅਸਟੇਟ ਸਰਵਿਸਿਜ਼), ਮਨਦੀਪ ਸਿੰਘ ਸੰਧੂ (ਸੰਧੂ ਇੰਮੀਗ੍ਰੇਸ਼ਨ ਕੰਸਲਟੈਂਟ) ਅਤੇ ਜੈ ਰਾਮ ਗਾਟ, ਹਰਜੀਤ ਗਾਟ (ਹੈਪੀ) (ਇੰਡੀਆ ਬਾਜ਼ਾਰ ਵਾਲੇ) ਵੱਲੋਂ 17ਵਾਂ ਮਹਾਨ ਨਗਰ ਕੀਰਤਨ ਅਤੇ ਖਾਲਸਾ ਸਥਾਪਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ।




# ਨਿੱਕਿਆਂ ਤਾਂ ਹੁੰਦਿਆਂ ਦਾ ਵਿਆਹ ਹੋਇਆ



ਡਾ.ਕਰਮਜੀਤ ਸਿੰਘ
91-98763-23862

'ਖੂਹ ਪਰ ਪਾਣੀ ਭਰੇਂਦੀਏ ਮੁਟਿਆਰੇ ਨੀ' ਵਾਲਾ ਗੀਤ ਪੂਰੇ ਪੰਜਾਬ ਦੀ ਮਾਨਸਿਕਤਾ ਦਾ ਹਿੱਸਾ ਬਣਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਹੈ ਇਸ ਦੀ ਨਾਟਕੀ ਸਥਿਤੀ ਤੇ ਨਾਟਕੀ ਸਥਿਤੀ ਤੋਂ ਪੈਦਾ ਹੋਇਆ ਸੁਹਜ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਵਰਗੇ ਕਲਾਕਾਰਾਂ ਦੇ ਗਾਉਣ ਨੇ ਵੀ ਇਸ ਗੀਤ ਨੂੰ ਲੋਕਮਨ ਦਾ ਹਿੱਸਾ ਬਣਾਉਣ ਵਿਚ ਬਣਦਾ ਯੋਗਦਾਨ ਪਾਇਆ ਹੈ। ਕਈ ਵਾਰੀ ਅਜਿਹੀਆਂ ਸਥਿਤੀਆਂ ਇਸ ਪਿੱਛੇ ਕੰਮ ਕਰਦੇ ਕੁਡੱਤਣ ਭਰੇ ਸਮਾਜਿਕ ਯਥਾਰਥ ਨੂੰ ਅੱਖੋਂ ਉਹਲੇ ਕਰ ਦਿੰਦੀਆਂ ਹਨ। ਇੱਥੇ ਤਾਂ ਇਹ ਕੁਝ ਅਚੇਤ ਹੀ ਹੋਇਆ ਹੈ ਪਰ ਕਈ ਵਾਰ ਸੁਚੇਤ, ਬਲਕਿ ਰਾਜਨੀਤਕ ਪੱਧਰ 'ਤੇ ਵੀ ਅਜਿਹਾ ਕੁਝ ਕੀਤਾ ਜਾਂਦਾ ਹੈ ਜਿਵੇਂ ਸਮਕਾਲੀ ਜੀਵਨ ਵਿਚ 'ਸਤੀ' ਦੀ ਮਹਿਮਾ ਕਰਕੇ ਤੇ ਉਸ ਨੂੰ ਮਹਾਨ ਕਾਰਜ ਦਾ ਦਰਜਾ ਦੇ ਕੇ ਸਮਾਜ ਵਿਚ ਉਨ੍ਹਾਂ ਕਰੂਰ ਪਰੰਪਰਾਵਾਂ ਤੇ ਯਥਾਰਥ ਨੂੰ ਇਕ ਪਾਸੇ ਕੀਤਾ ਜਾਂਦਾ ਹੈ ਜੋ ਇਸਤਰੀ ਨੂੰ ਸਤੀ ਹੋਣ ਲਈ ਮਜਬੂਰ ਕਰਦੀਆਂ ਹਨ। ਸਮਾਜ ਵਿਚ ਇਸਤਰੀ ਦੇ ਦਰਜੇ ਨੂੰ ਸਮਝਣ ਸਮਝਾਉਣ ਤੋਂ ਇਸ ਤਰ੍ਹਾਂ ਕੰਨੀਂ ਕਤਰਾਈਂ ਜਾਂਦੀ ਹੈ। ਇਹੀ ਕੁਝ ਜਾਤ-ਪਾਤ ਦੇ ਸਬੰਧ ਵਿਚ ਵੀ ਹੋ ਰਿਹਾ ਹੈ। ਸਮਾਜਿਕ ਤੌਰ 'ਤੇ ਹੁੰਦੇ ਵਿਤਕਰੇ ਤੇ ਅਮਾਨਵੀ ਵਿਹਾਰ ਦੀ ਸਮਾਪਤੀ ਕਰਨ ਦੀ ਬਜਾਇ ਜੇ ਹੇਠਲੀਆਂ ਜਾਤਾਂ/ਜਮਾਤਾਂ ਧਰਮ ਪਰਿਵਰਤਨ ਕਰਕੇ ਝੂਠੀ/ਸੱਚੀ ਸੰਤੁਸ਼ਟੀ ਕਰਨੀ ਚਾਹੁੰਦੀਆਂ ਹਨ ਤਾਂ ਸਾਰਾ ਜ਼ੋਰ ਈਸਾਈ ਮਿਸ਼ਨਰੀਆਂ ਦੇ ਖਿਲਾਫ਼ ਲਾਇਆ ਜਾ ਰਿਹਾ ਹੈ, ਇਉਂ ਆਪਣੇ ਸਮਾਜੀ ਕੋਹੜ ਨੂੰ ਪਛਾਨਣ ਦੀ ਬਜਾਇ ਉਸ ਨੂੰ ਲਗਾਤਾਰ ਬਣਾਈ ਰੱਖਣ ਦੀ ਰਣਨੀਤੀ ਤਿਆਰ ਕੀਤੀ ਜਾਂਦੀ ਹੈ। ਇਸੇ ਦ੍ਰਿਸ਼ਟੀ ਤੋਂ ਵਿਧਵਾ ਦੀ ਸਥਿਤੀ ਨੂੰ ਸਮਝਣ ਦੀ ਬਜਾਇ 'ਵਾਟਰ' ਫ਼ਿਲਮ ਬਾਰੇ ਵਾਵੇਲੇ ਨੂੰ ਵੀ ਸਮਝਿਆ ਜਾ ਸਕਦਾ ਹੈ।

ਅਸੀਂ ਥੋੜ੍ਹਾ ਵਿਸ਼ੇ ਤੋਂ ਲਾਂਭੇ ਹੋ ਗਏ ਹਾਂ ਪਰ ਹਥਲੇ ਲੋਕ-ਗੀਤ ਦੀ ਸਥਿਤੀ ਨੂੰ ਸਮਝਣ ਲਈ ਸ਼ਾਇਦ ਇਹ ਜ਼ਰੂਰੀ ਸੀ। ਜਿਨ੍ਹਾਂ ਗੀਤਾਂ ਦੀ ਗੱਲ ਅਸੀਂ ਕਰ ਰਹੇ ਹਾਂ ਇਸ ਪਿੱਛੇ ਛੋਟੀ ਉਮਰ ਦੇ ਵਿਆਹ ਦਾ ਯਥਾਰਥ ਕੰਮ ਕਰ ਰਿਹਾ ਹੈ। ਇਹ ਪ੍ਰਥਾ ਨੂੰ ਸਮਝਣ ਲਈ ਤਾਂ ਸਮਾਜ ਸ਼ਾਸਤਰੀਆਂ ਨੇ ਵੀ ਬਹੁਤਾ ਤਰੱਦਦ ਨਹੀਂ ਕੀਤਾ। ਇਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਬੱਚੇ ਨੂੰ ਸੋਝੀ ਹੋਣ ਤੋਂ ਪਹਿਲਾਂ ਹੀ ਕਿ ਉਸ ਦੇ ਆਪਣੇ ਵੀ ਕੋਈ ਅਧਿਕਾਰ ਹਨ, ਉਸ ਨੂੰ ਇਨ੍ਹਾਂ ਬੰਧਨਾਂ ਵਿਚ ਬੰਨ੍ਹ ਦਿੱਤਾ ਜਾਵੇ ਤੇ ਉਹ ਵਿਆਹ ਦੁਆਲੇ ਜੁੜੇ ਚੱਕਰਾਂ ਵਿਚ ਹੀ ਆਪਣੀ ਸੰਤੁਸ਼ਟੀ ਭਾਲਣੀ ਸ਼ੁਰੂ ਕਰ ਦੇਵੇ। ਧੀ ਵਾਲਿਆਂ ਵੱਲੋਂ ਤਾਂ ਜੁਆਨ ਹੋਣ ਤੋਂ ਪਹਿਲਾਂ ਹੀ ਇੱਜ਼ਤ ਆਬਰੂ ਬਚਾਉਣ ਲਈ ਬੇਟੀ ਨੂੰ ਉਸ ਦੇ ਦੂਸਰੇ ਘਰ ਤੋਰ ਕੇ ਸੁਰਖਰੂ ਹੋਣ ਦਾ ਤਰਕ ਤਾਂ ਆਮ ਹੀ ਦਿੱਤਾ ਜਾਂਦਾ ਹੈ। ਇਹ ਮਾਨਸਿਕਤਾ ਹੋਰ ਵੀ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ। ਜਦੋਂ ਅਸੀਂ ਮੁਕਲਾਵੇ ਦੀ ਰਸਮ ਨੂੰ ਵੇਖਦੇ ਹਾਂ। ਛੋਟੀ ਉਮਰ ਵਿਚ ਵਿਆਹ ਕਰਨ ਉਪਰੰਤ ਕੁੜੀ ਸਹੁਰੇ ਰਹੇਗੀ ਤਾਂ ਸੱਸ ਨਾਲ ਸੌਂਵੇਂਗੀ ਜਾਂ ਉਹ ਪੇਕੇ ਹੀ ਰਹੇਗੀ। ਸਾਰੀਆਂ ਰਸਮਾਂ ਸਹੁਰਾ, ਘਰ ਦਾ ਵਡੇਰਾ ਜਾਂ ਨਾਈ/ਪਰੋਹਿਤ ਹੀ ਕਰਨਗੇ। ਇਉਂ ਵਿਆਹ ਇਕ ਸਮਾਜਿਕ ਬੰਧਨ ਬਣਦਾ ਹੈ, ਵਿਅਕਤੀਗਤ ਚੋਣ ਨਹੀਂ। ਅਜਿਹੇ ਵਿਆਹ ਦੇ ਗੁਣਗਾਨ ਬਜ਼ੁਰਗ ਆਮ ਕਰਦੇ ਹਨ। ਅਜੋਕੇ ਸਮਿਆਂ ਵਿਚ ਛੋਟੀ ਉਮਰ ਵਿਚ ਵਿਆਹ ਕਰਨਾ ਭਾਵੇਂ ਕਾਨੂੰਨਨ ਵਿਵਰਜਿਤ ਹੈ, ਪਰ ਪਛੜੇ ਖਿੱਤਿਆਂ ਦੇ ਲੋਕਾਂ ਵਿਚ ਇਹ ਅੱਜ ਵੀ ਪ੍ਰਚੱਲਿਤ ਹੈ। ਜਿਸ ਗੀਤ ਦਾ ਜ਼ਿਕਰ ਮੈਂ ਕਰ ਰਿਹਾ ਹਾਂ ਉਸ ਨੂੰ ਸਮਝਣ ਲਈ ਸ਼ਾਇਦ ਵਿਸ਼ੇ ਤੋਂ ਲਾਂਭੇ ਜਾਣ ਦਾ ਜ਼ੋਖ਼ਮ ਉਠਾ ਕੇ ਵੀ ਕੋਸ਼ਿਸ਼ ਕਰਨੀ ਜ਼ਰੂਰੀ ਹੈ।

ਗੀਤ ਦੀ ਸ਼ੁਰੂਆਤ ਬੜੀ ਨਾਟਕੀ ਹੈ। ਨਾਜੋ ਖੂਹ 'ਤੇ ਪਾਣੀ ਭਰ ਰਹੀ ਹੈ, ਇਉਂ ਪ੍ਰਤੀਤ ਹੁੰਦਾ ਹੈ ਕਿ ਨਾਜੋ ਨਾਲ ਹੋਰ ਕੋਈ ਸਹੇਲੀ ਨਹੀਂ ਹੈ। ਮਾਹੌਲ ਰੁਮਾਂਟਿਕ ਹੈ।

ਖੂਹ ਪਰ ਨੀਰ ਭਰੇਂਦੀਏ ਨਾਜੋ ਨੀ ਗੋਰੀਏ
ਨਾਜੋ ਨੀ ਗੋਰੀਏ।
ਇਕ ਘੁੱਟ ਨੀਰ ਪਲਾ, ਮੌਜ ਲਈ ਓ ਰਸੀਆ।

ਗੀਤ ਦਾ ਹਰ ਸ਼ਬਦ ਰੁਮਾਂਟਿਕ ਤੇ ਸੁਹਜ ਭਰਪੂਰ ਹੈ। ਨਾਜੋ-ਨਾਜ਼ੁਕ ਜਾਂ ਨਾਜ ਨਖ਼ਰਿਆਂ ਵਾਲੀ, ਸੰਬੋਧਨ ਗੋਰੀ ਹੈ। ਪਾਣੀ ਦੀ ਥਾਂ ਨੀਰ। ਮੌਜ ਲਈ ਓ ਰਸੀਆ, ਬਿਰਤਾਂਤ ਦਾ ਹਿੱਸਾ ਨਾ ਹੋ ਕੇ ਵੀ, ਗੀਤ ਵਿਚ ਰਸ ਘੋਲ ਰਿਹਾ ਹੈ। ਲੈਅ ਅਜਿਹੀ ਕਿ ਗਾਇਕਾਵਾਂ ਵੀ ਮੁਗਧ ਤੇ ਸਰੋਤਾ ਵੀ। ਸ਼ੁਰੂ ਵਿਚ ਸੈੱਟ ਕੀਤੀ ਟੋਨ ਅਖ਼ੀਰ ਤੱਕ ਇਕ ਸਾਰ ਚਲਦੀ ਹੈ। ਸ਼ੁਰੂ ਤੋਂ ਹੀ ਨਾਜੋ ਤੇ ਚੀਰੇ ਵਾਲੇ ਦਾ ਸੰਵਾਦ ਗੀਤ ਵਿਚ ਰੰਗ ਭਰਨੇ ਸ਼ੁਰੂ ਕਰ ਦਿੰਦਾ ਹੈ।

ਆਪਣਾ ਤਾਂ ਭਰਿਆ ਨਾ ਦੇਵਾਂ ਚੀਰੇ ਵੇ ਵਾਲਿਆ
ਚੀਰੇ ਵੇ ਵਾਲਿਆ
ਲੱਜ ਪਈਉ ਭਰ ਪੀ, ਮੌਜ ਲਈ ਓ ਰਸੀਆ।

ਨਾਜੋ ਓਪਰੇ ਮਰਦ ਨੂੰ ਜਾਣਦੀ ਤੱਕ ਨਹੀਂ ਪਰੰਤੂ ਉਸ ਨੂੰ 'ਚੀਰੇ ਵਾਲਾ' ਕਹਿ ਕੇ ਸੰਬੋਧਨ ਕਰਦੀ ਹੈ। ਇਹ ਕਾਰਨਾਮਾ ਸਿਰਜਕ ਦਾ ਹੈ। ਇਹ ਸਿਰਜਣਾ ਹੋਰ ਵੀ ਨਾਜ਼ਕ ਸਥਿਤੀਆਂ ਪੈਦਾ ਕਰਦੀ ਹੈ। ਨਾਜੋ ਆਪ ਪਾਣੀ ਪਿਲਾਉਣ ਦੀ ਬਜਾਇ ਚੀਰੇ ਵਾਲੇ ਨੂੰ ਪਈ ਲੱਜ ਲੈ ਕੇ ਪਾਣੀ ਕੱਢ ਕੇ ਪੀਣ ਲਈ ਕਹਿੰਦੀ ਹੈ ਜਾਂ ਇਕ ਤਰ੍ਹਾਂ ਦਾ ਮਿਹਣਾ ਹੀ ਦਿੰਦੀ ਹੈ। ਪਰ ਚੀਰੇ ਵਾਲੇ ਮੂੰਹੋ ਕਹੇ ਸ਼ਬਦ ਕਿਸੇ ਕਲਪਨਾਸ਼ੀਲ ਕਵਿਤਰੀ ਦੇ ਹੀ ਹੋ ਸਕਦੇ ਹਨ।

ਲੱਜ ਤੇਰੀ ਨੂੰ ਘੁੰਗਰੂ ਨਾਜੋ ਨੀ ਗੋਰੀਏ,
ਨਾਜੋ ਨੀ ਗੋਰੀਏ
ਹੱਥ ਲਾਵਾਂ ਝੜ ਜਾਣ, ਮੌਜ ਲਈ ਓ ਰਸੀਆ।

ਜਵਾਬ, ਇਨਕਾਰ ਕਰਦਾ ਹੋਇਆ ਇਕ ਸੁਹਜਾਤਮਿਕ ਬਹਾਨਾ ਵੀ ਬਣਾ ਦਿੰਦਾ ਹੈ। ਘੁੰਗਰੂਆਂ ਵਾਲੀ ਲੱਜ ਦੀ ਕਲਪਨਾ ਤੇ ਹੱਥ ਲਾਉਣ ਨਾਲ ਘੁੰਗਰੂਆਂ ਦੇ ਝੜਨਾ ਦੇ ਨਾਜ਼ੁਕ ਸੰਕੇਤ ਗ਼ਜ਼ਲ ਵਿਚ ਹੀ ਸ਼ਾਇਦ ਹੋ ਸਕਦੇ ਹਨ, ਪਰ ਇੱਥੇ ਲੋਕ ਕਵਿਤਰੀ ਆਪਣੇ ਜੌਹਰ ਦਿਖਾ ਰਹੀ ਹੈ। ਨਾਜੋ ਘੁੰਗਰੂ ਝੜਨ 'ਤੇ ਇਤਰਾਜ਼ ਨਹੀਂ ਕਰਦੀ ਪਰ ਇਕ ਸ਼ਰਤ ਵੀ ਜੋੜ ਦਿੰਦੀ ਹੈ।

ਇਕ ਝੜੇ ਮੈਂ ਨਾ ਕਹਾਂ, ਚੀਰੇ ਵੇ ਵਾਲਿਆ,
ਚੀਰ ਵੇ ਵਾਲਿਆ
ਦੂਜੇ ਝੜੇ ਲੈ ਲਊਂ ਚਾਰ, ਮੌਜ ਲਈ ਓ ਰਸੀਆ।

ਇਹ ਸੰਵਾਦ ਇੱਥੇ ਹੀ ਸਮਾਪਤ ਹੋ ਜਾਂਦਾ ਹੈ। ਨਾਟਕ ਦਾ ਸੀਨ ਬਦਲ ਕੇ ਘਰ ਦਾ ਹੋ ਜਾਂਦਾ ਹੈ। ਗੀਤ ਬਹੁਤ ਕੁਝ ਛੱਡ ਗਿਆ ਹੈ, ਜਾਣ ਬੁਝ ਕੇ। ਨੈਤਿਕ ਕਦਰਾਂ-ਕੀਮਤਾਂ ਦੇ ਦਬਾਅ ਹੇਠ। ਨਾਜੋ ਤੇ ਚੀਰੇ ਵਾਲੇ ਵਿਚਕਾਰ ਹੋਰ ਕੀ ਹੋਇਆ ਇਸ ਦੀ ਕਲਪਨਾ ਸਰੋਤਿਆਂ ਉੱਪਰ ਛੱਡ ਦਿੱਤੀ ਗਈ ਹੈ।

ਰੱਤੜੇ ਪੀੜ੍ਹੇ 'ਤੇ ਬੈਠੀਏ, ਸੱਸੂ ਨੀ ਮੇਰੀਏ
ਸੱਸੂ ਨੇ ਮੇਰੀਏ
ਉੱਠ ਕੇ ਤੂੰ ਪਾਣੀ ਲਹਾ, ਮੌਜ ਲਈ ਓ ਰਸੀਆ।
ਘੜਾ ਤਾਂ ਕਰ ਦਿਆਂ ਠੀਕਰੀ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏ
ਏਤਨੀ ਦੇਰ ਕਿਉਂ ਲਾਈ, ਮੌਜ ਲਈ ਓ ਰਸੀਆ।

ਸੱਸ ਪੀੜ੍ਹੇ 'ਤੇ ਬੈਠੀ ਹੈ। ਇਹ ਉਹੀ ਘਰ ਹੈ, ਜਿਸ ਦੀ ਕਲਪਨਾ ਕੁੜੀ ਨੇ ਸੁਹਾਗਾਂ ਵਿਚ ਕੀਤੀ ਸੀ। 'ਦੇਈਂ ਵੇ ਬਾਬਲਾ' ਓਸ ਘਰੇ, ਜਿੱਥੇ ਸੱਸ ਭਲੀ ਪ੍ਰਧਾਨ ਸਹੁਰਾ ਸਰਦਾਰ ਹੋਵੇ।' ਪਰ ਔਰਤ/ਨੂੰਹ ਪਾਣੀ ਨੂੰ ਗਈ ਦੇਰ ਨਾਲ ਆਈ ਹੈ। ਇਸ ਲਈ ਸੱਸ ਦਾ ਰੂਪ 'ਬਘਿਆੜੀ' ਵਾਲਾ ਵੀ ਹੈ। ਜੋ ਘੜੇ ਨੂੰ ਠੀਕਰੀਆਂ ਕਰਨ ਲਈ ਤੁਲ ਗਈ ਹੈ। ਰੁਮਾਂਟਿਕਤਾ ਤੋਂ ਇਕਦਮ ਸੱਸ ਦਾ ਰੌਦ੍ਰ ਰੂਪ। ਪਰ 'ਮੌਜ ਲਈ ਓ ਰਸੀਆ' ਦੀ ਲੈਅ ਇਸ ਨੂੰ ਕਾਬੂ ਵਿਚ ਰੱਖਦੀ ਹੈ। ਨੂੰਹ ਦਾ ਸਹੀ ਜਵਾਬ ਵੀ ਸੱਸ ਨੂੰ ਸੰਵਾਦ ਵਿਚ ਸ਼ਾਮਲ ਕਰ ਲੈਂਦਾ ਹੈ।

ਲੰਮਾ ਤੇ ਛੰਮਾ ਸੀ ਗਭਰੂ, ਸੱਸੂ ਨੀ ਮੇਰੀਏ,
ਸੱਸੂ ਨੀ ਮੇਰੀਏ,
ਬੈਠਾਜ ਸੀ ਝਗੜਾ ਓ ਪਾ, ਮੌਜ ਲਈ ਓ ਰਸੀਆ।
ਕੇਹਦੇ ਤਾਂ ਵਰਗਾ ਸੀ ਗਭਰੂ, ਨੋਹੇਂ ਨੀ ਮੇਰੀਏ।
ਨੋਹੇਂ ਨੀ ਮੇਰੀਏ
ਕੇਹਦੇ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ।

ਲੰਮੇ-ਛੰਮੇ ਗਭਰੂ ਦੇ ਵਰਣਨ ਨੇ ਸੱਸ ਦੇ ਮਨ ਵਿਚ ਉਤਸੁਕਤਾ ਜਗਾ ਦਿੱਤੀ ਹੈ ਇਸੇ ਲਈ ਉਹ ਗਭਰੂ ਦੇ ਪਹਿਚਾਣ ਚਿੰਨ੍ਹ ਲੱਭਣਾ ਚਾਹੁੰਦੀ ਹੈ। ਇਹ ਉਤਸੁਕਤਾ ਇਸ ਗੱਲ ਦੀ ਵੀ ਹੈ ਕਿ ਸ਼ਾਇਦ ਸੱਸੂ ਦਾ ਕੋਈ ਆਪਣਾ ਹੀ ਨਿਕਲ ਆਵੇ। ਝਗੜੇ ਨਾਲੋਂ ਉਸ ਦੀ ਝਗੜਨ ਵਾਲੇ ਨਾਲ ਦਿਲਚਸਪੀ ਵਧੇਰੇ ਹੈ। ਉਸ ਦੇ ਨੂੰਹ ਨੂੰ ਕੀਤੇ ਸਵਾਲ ਇਸ ਦੀ ਮੂੰਹ ਬੋਲਦੀ ਮਿਸਾਲ ਹੈ।

ਕੇਹਦੇ ਤਾਂ ਵਰਗਾ ਸੀ ਗਭਰੂ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏ
ਕੇਹਦੇ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ
ਤੇਰੇ ਤਾਂ ਵਰਗਾ ਸੀ ਗਭਰੂ, ਸੱਸੂ ਨੀ ਮੇਰੀਏ
ਨਣਦ ਤਾਂ ਵਰਗੀ ਨੁਹਾਰ, ਮੌਜ ਲਈ ਓ ਰਸੀਆ।

ਸੱਸ ਦੇ ਸਵਾਲ ਤਾਂ ਸੁਭਾਵਕ ਹਨ, ਪਰ ਜਵਾਬ ਸਾਡੇ ਲਈ ਵਧੇਰੇ ਦਿਲਚਸਪ ਹਨ। ਨੂੰਹ, ਗਭਰੂ ਦਾ ਮੁਹਾਂਦਰਾ ਸਹੁਰੇ ਵਰਗਾ ਜਾਂ ਜੇਠ ਵਰਗਾ ਨਹੀਂ ਦੱਸਦੀ। ਕਿਉਂਕਿ ਉਸ ਨੇ ਕਦੇ ਉਨ੍ਹਾਂ ਨੂੰ ਢੰਗ ਨਾਲ ਵੇਖਿਆ ਹੀ ਨਹੀਂ। ਘੁੰਡ ਦੀ ਪ੍ਰਥਾ ਕਰਕੇ ਇਹ ਸੰਭਵ ਵੀ ਨਹੀਂ। ਜੇ ਨੂੰਹ ਗਭਰੂ ਦੀ ਨੁਹਾਰ ਸਹੁਰੇ ਜਾਂ ਜੇਠ ਵਰਗੀ ਕਹਿੰਦੀ ਤਾਂ ਗੱਲ ਉਲਝ ਵੀ ਸਕਦੀ ਸੀ, ਇਸ ਲਈ ਉਸ ਦੀ ਸਮਝਦਾਰੀ ਵੀ ਅਜਿਹਾ ਜਵਾਬ ਦੇਣ ਵਿਚ ਹੀ ਹੈ। ਉਸ ਦਾ ਅਸਲੀ ਵਾਹ ਤਾਂ ਸੱਸ ਤੇ ਨਣਾਨ ਨਾਲ ਹੈ ਇਸ ਲਈ ਵੀ ਇਹ ਜਵਾਬ ਢੁਕਵਾਂ ਹੈ। ਸੱਸ ਨੇ ਅਸਲੀਅਤ ਸਮਝ ਲਈ।




ਛੰਨਾ
ਤਾਂ ਭਰਿਆ ਸੀ ਦੁੱਧ ਦਾ ਨੋਹੇਂ ਨੀ ਮੇਰੀਏ
ਨੋਹੇਂ ਨੀ ਮੇਰੀਏਂ,
ਰੁੱਸੜਾ ਕੌਂਤ ਮਨਾ, ਮੌਜ ਲੀ ਓ ਰਸੀਆ।

ਨਾਟਕੀ ਮੋੜ ਆਇਆ ਸੱਸ 'ਬਘਿਆੜੀ' ਤੋਂ ਮੋਮ ਬਣ ਗਈ ਕਿਉਂਕਿ ਉਸ ਦਾ ਪੁੱਤ ਹੀ ਉਹ ਗਭਰੂ ਹੈ ਜਿਸ ਨੇ ਖੂਹ 'ਤੇ ਝਗੜਾ ਪਾਇਆ ਹੈ ਇਸੇ ਲਈ ਉਹ ਦੁੱਧ ਦਾ ਛੰਨਾ ਦੇ ਕੇ ਨੂੰਹ ਨੂੰ ਉਸ ਕੋਲ ਭੇਜਦੀ ਹੈ।

ਇਕ ਹੋਰ ਨਾਟਕੀ ਮੋੜ, ਗਭਰੂ 'ਖੂਹ ਵਾਲੇ ਬੋਲ' ਚਿਤਾਰ ਕੇ ਦੁੱਧ ਪੀਣ ਤੋਂ ਇਨਕਾਰੀ ਹੋ ਜਾਂਦਾ ਹੈ ਜਾਂ ਕਰੋ, ਸੁਆਦ ਲੈਂਦਾ ਹੈ।

ਛੰਨਾ ਤਾਂ ਭਰਿਆ ਮੈਂ ਨਾ ਪੀਵਾਂ, ਨਾਜੋ ਨੀ ਗੋਰੀਏ,
ਨਾਜੋਂ ਨੀ ਗੋਰੀਏ
ਖੂਹੇ ਵਾਲੇ ਬੋਲ ਸੁਣਾ, ਮੌਜ ਲਈ ਓ ਰਸੀਆ

ਨੂੰਹ ਦਾ ਕਸੂਰ ਕਿਤੇ ਵੀ ਨਹੀਂ, ਅਣਜਾਣੇ ਵਿਚ ਹੀ ਉਸ ਨੂੰ ਦੁਖੀ ਹੋਣਾ ਪੈਂਦਾ ਹੈ ਤੇ ਵਿਰੋਧੀ ਕਿਸਮ ਦੀਆਂ, ਝਗੜਾਲੂ ਤੇ ਰੁਸੇਵੇਂ ਦੀਆਂ ਸਥਿਤੀਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਅਤੇ ਅਣਜਾਣਪੁਣੇ ਵਿਚ ਹੋਈ ਕੁਤਾਹੀ ਦੀ ਵਿਆਖਿਆ ਕਰਨੀ ਪੈਂਦੀ ਹੈ। ਪਰ ਸਾਡੇ ਲਈ ਉਸ ਦੀ ਵਿਆਖਿਆ ਸਭ ਤੋਂ ਮਹੱਤਵਪੂਰਨ ਹੈ।

ਨਿੱਕਿਆਂ ਤਾਂ ਹੁੰਦਿਆਂ ਦਾ ਵਿਆਹ ਹੋਇਆ
ਚੀਰੇ ਵਾ ਵਾਲਿਆ, ਚੀਰੇ ਵਾਲਿਆ,
ਰਹੀਓ ਨਾ ਸੁਰਤ ਸੰਭਾਲ
ਮੌਜ ਲਈ ਓ ਰਸੀਆ।

ਇਹ ਸਾਰਾ ਕੁਝ ਛੋਟੀ ਉਮਰ ਦੇ ਵਿਆਹ ਕਾਰਨ ਹੀ ਵਾਪਰਿਆ ਹੈ ਜਿਸ ਦੀ ਚਰਚਾ ਅਸੀਂ ਆਰੰਭ ਵਿਚ ਕੀਤੀ ਹੈ। ਇਸ ਸਮੇਂ ਮੈਨੂੰ ਇਹ ਯਾਦ ਨਹੀਂ ਕਿ ਮੈਂ ਇਹ ਗੀਤ ਖੇਤਰੀ ਕਾਰਜ ਸਮੇਂ ਕਿੱਥੋਂ ਤੇ ਕਿਸ ਕੋਲੋਂ ਸੁਣਿਆ ਪਰ ਇਸ ਦੀ ਲੈਅ ਤੇ ਸੁਹਜ ਹਮੇਸ਼ਾ ਮੇਰੇ ਅੰਗ-ਸੰਗ ਰਿਹਾ ਹੈ ਤੇ ਇਸ ਦੇ ਪਿਛੋਕੜ ਨੇ ਮੈਨੂੰ ਹਮੇਸ਼ਾ ਸੋਚੀਂ ਪਾ ਰੱਖਿਆ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਅਸਲੀ ਸ਼ਹਿਨਸ਼ਾਹ

ਇਕ ਵਾਰ ਇਕ ਰਾਜਾ ਜੰਗਲ ਨੂੰ ਸ਼ਿਕਾਰ ਕਰਨ ਨਿਕਲਿਆ। ਸ਼ਿਕਾਰ ਕਰਨ ਜਾਂਦਿਆਂ ਉਸਦੀ ਨਿਗਾਹ ਇਕ ਪਾਸੇ ਬੈਠੇ ਫ਼ਕੀਰ 'ਤੇ ਜਾ ਪਈ। ਫ਼ਕੀਰ ਚੁਪ ਚਾਪ ਬੈਠਾ ਰਿਹਾ। ਉਸਨੇ ਰਾਜੇ ਨੂੰ ਕੋਈ ਦੁਆ ਸਲਾਮ ਨਾ ਕੀਤੀ। ਰਾਜੇ ਨੇ ਮਨ ਹੀ ਮਨ ਬੜਾ ਮਹਿਸੂਸ ਕੀਤਾ ਕਿ ਜੇ ਮੇਰੇ ਰਾਜ ਵਿਚ ਮੇਰੀ ਜਨਤਾ ਹੀ ਮੇਰੀ ਇੱਜ਼ਤ ਨਹੀਂ ਕਰੂਗੀ ਤਾਂ ਦੂਜੇ ਲੋਕ ਕਿਵੇਂ ਕਰਨਗੇ।

ਅਗਲੇ ਹੀ ਪਲ ਰਾਜੇ ਦੇ ਮਨ 'ਚ ਖਿਆਲ ਆਇਆ ਕਿ ਹੋ ਸਕਦਾ ਫ਼ਕੀਰ ਨੇ ਮੈਨੂੰ ਨਾ ਦੇਖਿਆ ਹੋਵੇ। ਮੈਨੂੰ ਉਹਦੇ ਕੋਲ ਚਲੇ ਜਾਣਾ ਚਾਹੀਦਾ।

ਰਾਜਾ ਫ਼ਕੀਰ ਦੇ ਸਾਹਮਣੇ ਚਲਾ ਗਿਆ। ਪਰ ਫ਼ਕੀਰ ਨੇ ਫੇਰ ਵੀ ਦੁਆ ਸਲਾਮ ਨਾ ਕੀਤੀ। ਰਾਜਾ ਸੋਚਣ ਲੱਗਾ ਬਈ ਆਹ ਤਾਂ ਬੇਇਜ਼ਤੀ ਆ। ਇਹਦੇ ਨਾਲੋਂ ਤਾਂ ਚੰਗਾ ਸੀ ਮੈਂ ਚੁਪ ਚਾਪ ਲੰਘ ਜਾਂਦਾ। ਪਰ ਹੋ ਸਕਦਾ ਫ਼ਕੀਰ ਮਸਤੀ 'ਚ ਬੈਠਾ ਹੋਵੇ। ਇਹਨੇ ਮੈਨੂੰ ਨਾ ਦੇਖਿਆ ਹੋਵੇ। ਚਲੋ ਇਹਨੂੰ ਆਪ ਹੀ ਬੁਲਾ ਲੈਂਦੇ ਆਂ। ਫੇਰ ਤਾਂ ਇਹ ਸ਼ਰਮੋ ਬਸ਼ਰਮੀ ਬੁਲਾਏਗਾ।

"ਕਿਉਂ ਬਈ ਭਗਤਾ, ਤੂੰ ਕੌਣ ਆਂ?" ਰਾਜੇ ਨੇ ਰੋਅਬ ਨਾਲ ਪੁੱਛਿਆ। ਫ਼ਕੀਰ ਅੱਗਿਓਂ ਕਹਿੰਦਾ, "ਤੂੰ ਕੌਣ ਆਂ?"

"ਮੈਂ ਰਾਜਾ ਹਾਂ ਇਥੋਂ ਦਾ।"

ਫ਼ਕੀਰ ਕਹਿੰਦਾ ਮੈਂ ਸ਼ਹਿਨਸ਼ਾਹ ਹਾਂ ਇਥੋਂ ਦਾ।

ਰਾਜੇ ਦੇ ਗਈ ਖਾਨਿਓਂ ਕਿ ਇਹ ਤਾਂ ਮੇਰੀ ਖੁੰਬ ਠੱਪ ਹੋ ਗਈ। ਰਾਜਿਆਂ ਨੂੰ ਆਦਤ ਸੀ ਆਪਣਾ ਸਿਰ ਉੱਚਾ ਰਖਾਉਣ ਦੀ। ਰਾਜਾ ਫ਼ਕੀਰ ਨਾਲ ਤਰਕ-ਬ-ਤਰਕ ਕਰਨ ਲੱਗ ਪਿਆ। ਉਹ ਕਿਸੇ ਨਾ ਕਿਸੇ ਤਰ੍ਹਾਂ ਫ਼ਕੀਰ ਨੂੰ ਥੱਲੇ ਲਾਉਣਾ ਚਾਹੁੰਦਾ ਸੀ।

ਰਾਜਾ ਕਹਿੰਦਾ, "ਗੱਲ ਸੁਣ ਯਾਰ। ਜੇ ਤੂੰ ਰਾਜਾ ਆਂ ਤਾਂ ਤੇਰੇ ਨੌਕਰ ਚਾਕਰ ਕਿੱਥੇ ਆ?"

"ਨੌਕਰ ਚਾਕਰ ਉਹਨਾਂ ਦੇ ਹੁੰਦੇ ਆ ਜਿਹੜੇ ਨਿਕੰਮੇ ਹੋਣ। ਆਲਸ ਦੇ ਮਾਰਿਓ ਹੋਣ। ਨਾ ਮੈਂ ਨਿਕੰਮਾ ਆਂ ਨਾ ਮੈਂ ਆਲਸ ਦਾ ਮਾਰਿਆਂ। ਮੈਨੂੰ ਨੌਕਰਾਂ ਦੀ ਲੋੜ ਨੀਂ।"

ਰਾਜਾ ਕਹਿੰਦਾ ਬਈ ਆਹ ਤਾਂ ਫਸ ਗਏ। ਪਰ ਸਵਾਲ ਕਰਨੋਂ ਫੇਰ ਨੀ ਹਟਿਆ।

"ਅੱਛਾ, ਤੇ ਤੇਰਾ ਧਨ ਮਾਲ ਕਿੱਥੇ ਆ?"

"ਖਜ਼ਾਨੇ, ਧਨ-ਮਾਲ ਦੀ ਲੋੜ ਹੁੰਦੀ ਆ ਭੁੱਖਿਆਂ ਨੂੰ। ਮੈਂ ਤਾਂ ਰੱਜਿਆਂ ਪਿਆਂ। ਮੈਨੂੰ ਧਨ-ਮਾਲ ਦੀ ਕੀ ਲੋੜ ਆ।" ਰਾਜਾ ਸੋਚੀਂ ਪੈ ਗਿਆ। ਕਹਿੰਦਾ ਚਲੋ ਇਕ ਆਖਰੀ ਤੀਰ ਮਾਰ ਕੇ ਦੇਖ ਲੈਂਦੇ ਆਂ। ਸ਼ਾਇਦ ਨਿਸ਼ਾਨੇ 'ਤੇ ਲੱਗ ਹੀ ਜਾਵੇ।

"ਜੇ ਤੂੰ ਸ਼ਹਿਨਸ਼ਾਹ ਏਂ ਤਾਂ ਦੱਸ ਤੇਰੀਆਂ ਫੌਜਾਂ ਕਿੱਥੇ ਨੇ?"

"ਫ਼ੌਜਾਂ ਦੀ ਦੋ ਬੰਦਿਆਂ ਨੂੰ ਲੋੜ ਪੈਂਦੀ ਏ। ਜਾਂ ਜਿਹਨੂੰ ਖ਼ਤਰਾ ਹੋਵੇ ਜਾਂ ਜਿਹਨੇ ਆਪਣੇ ਰਾਜ ਦਾ ਵਿਸਤਾਰ ਕਰਨਾ ਹੋਵੇ। ਮੈਨੂੰ ਖ਼ਤਰਾ ਕਿਸੇ ਤੋਂ ਹੈਈ ਨੀ। ਬਾਕੀ ਰਹਿ ਗਈ ਰਾਜ ਦੇ ਵਿਸਤਾਰ ਦੀ ਗੱਲ। ਮੈਂ ਉਸ ਰਾਜ ਦਾ ਸ਼ਹਿਨਸ਼ਾਹ ਆਂ, ਜਿਹਦੀ ਹੱਦੇਈ ਕੋਈ ਨੀ। ਫੇਰ ਵਿਸਤਾਰ ਕਾਹਦਾ ਕਰਨਾ। ਮੇਰੇ ਤਾਂ ਰਾਜ ਦਾ ਅੰਤੇਈ ਕੋਈ ਨੀ।"

ਗੱਲ ਰਾਜੇ ਦੇ ਮਗਜ਼ 'ਚ ਪੈ ਗਈ। ਰਾਜੇ ਨੇ ਉੱਠ ਕੇ ਫ਼ਕੀਰ ਦੇ ਪੈਰ ਫੜ ਲਏ। ਕਹਿੰਦਾ ਵਾਕਿਆਈ ਤੂੰ ਸ਼ਹਿਨਸ਼ਾਹ ਆਂ। ਸੋ ਫ਼ੱਕਰ ਸ਼ਹਿਨਸ਼ਾਹ ਹੁੰਦੇ ਆ। ਇਸੇ ਲਈ ਇਹਨਾਂ ਮੂਹਰੇ ਸਾਰੇ ਝੁਕਦੇ ਆ।

## ਅਸਲ ਪ੍ਰੀਖਿਆ

ਇਕ ਮਾਸਟਰ ਬੱਚਿਆਂ ਨੂੰ ਰੋਜ਼ ਗਾਹੇ-ਬਗਾਹੇ ਸਿੱਖਿਆ ਦਿੰਦਾ ਰਹਿੰਦਾ ਸੀ ਬਈ ਝੂਠ ਨਹੀਂ ਬੋਲਣਾ, ਚੋਰੀ ਨਹੀਂ ਕਰਨੀ। ਕਿਉਂਕਿ ਪ੍ਰਮਾਤਮਾ ਹਰ ਜਗ੍ਹਾ ਹੈ। ਪੜ੍ਹਾਈ ਦੇ ਨਾਲ-ਨਾਲ ਅਕਸਰ ਮਾਸਟਰ ਇਸ ਤਰ੍ਹਾਂ ਦੀਆਂ ਗੱਲਾਂ ਬੱਚਿਆਂ ਸੰਗ ਕਰਦਾ ਰਹਿੰਦਾ।

ਇਕ ਦਿਨ ਮਾਸਟਰ ਪੜ੍ਹਾਉਂਦਾ-ਪੜ੍ਹਾਉਂਦਾ ਵਿਚ ਹੀ ਹਟ ਗਿਆ ਤੇ ਬੱਚਿਆਂ ਨੂੰ ਕਹਿਣ ਲੱਗਾ, ਬੱਚਿਓ, ਉਹ ਸਾਹਮਣੇ ਗੰਨੇ ਦਾ ਖੇਤ ਦਿਸ ਰਿਹੈ?' ਸਾਰੇ ਬੱਚਿਆਂ ਨੇ ਇਕੋ ਹੇਕ 'ਚ ਜਵਾਬ ਦਿੱਤਾ, "ਹਾਂ... ਜੀ...।" ਅੱਜ ਦੁਸਹਿਰੇ ਦਾ ਦਿਨ ਏ। ਅੱਜ ਦੇ ਦਿਨ ਗੰਨਾਂ ਨਵਾਂ ਕਰਨਾ ਵਧੀਆ ਹੁੰਦਾ। ਜਾਓ, ਉਸ ਖੇਤ 'ਚੋਂ ਇਕ ਇਕ ਗੰਨਾ ਭੰਨ ਕੇ ਲਿਆਓ।' ਮਾਸਟਰ ਦੇ ਕਹਿਣ ਦੀ ਦੇਰ ਸੀ ਕਿ ਸਾਰੇ ਬੱਚੇ ਇਕ ਦੂਜੇ ਤੋਂ ਮੂਹਰੇ ਦੁੜੰਗੇ ਮਾਰਦੇ ਗੰਨੇ ਦੇ ਖੇਤ ਨੂੰ ਦੌੜ ਤੁਰੇ। ਗੰਨੇ ਦੇ ਖੇਤ 'ਚ ਪਹੁੰਚ ਕੇ ਬੱਚੇ ਲੱਗ ਪਏ ਗੰਨਿਆਂ ਨੂੰ ਮਰੋੜੇ ਦੇਣ। ਦੇਖਦਿਆਂ ਦੇਖਦਿਆਂ ਸਾਰਿਆਂ ਨੇ ਇਕ-ਇਕ ਗੰਨਾ ਮਰੁੱਛ ਲਿਆ ਪਰ ਇਕ ਲੜਕਾ ਉਦਾਂ ਈ ਚੁੱਪ ਚਾਪ ਗੰਨਿਆਂ ਦੀ ਵੱਟ ਤੇ ਖੜਾ ਰਿਹਾ। ਉਹਦੇ ਦਿਮਾਗ 'ਚ ਕੋਈ ਸੋਚ ਚੱਲ ਰਹੀ ਸੀ। ਦੂਸਰੇ ਬੱਚੇ ਉਸ ਨੂੰ ਪਏ ਮਜ਼ਾਕ ਕਰਨ ਅਖੇ, "ਇਹ ਤੋਂ ਤਾਂ ਗੰਨਾ ਤੋੜ ਈ ਨਹੀਂ ਹੋਣਾ। ਲਗਦਾ ਕਿਸਾਨ ਕੋਲੋਂ ਡਰਦਾ ਏ। ਤਾਂਹੀਓਂ ਤਾਂ ਗੰਨਿਆਂ ਦੀ ਜੂੜੀ ਦੇ ਲਾਗੇ ਨਹੀਂ ਆਇਆ। ਤੋੜ ਲੈ ਜੇ ਤੋੜ ਸਕਦਾ ਤਾਂ...। ਬਾਅਦ 'ਚ ਸਾਡੇ ਵੱਲ ਝਾਕਦਾ ਫਿਰੇਂਗਾ। ਅਸੀਂ ਤਾਂ ਤੈਨੂੰ ਇਕ ਗਲੇਰੀ ਵੀ ਨਹੀਂ ਦੇਣੀ...।" ਬੱਚੇ ਉਸ ਨੂੰ ਜੋ ਮੂੰਹ ਆਇਆ ਬੋਲੀ ਜਾ ਰਹੇ ਸੀ। ਪਰ ਉਸ ਲੜਕੇ ਨੇ ਇਕ ਵੀ ਗੱਲ

(ਬਾਕੀ ਸਫਾ 22 ਤੇ)



- ਡਾ. ਜਸਵੰਤ ਰਾਏ
91-98158-25999

# 'ਪਹਿਲਾਂ ਮਾਤਾ-ਪਿਤਾ ਨੂੰ ਹੀ ਸ਼ਾਲੀਨਤਾ ਦਾ ਸਬਕ ਸਿੱਖਣਾ ਹੋਵੇਗਾ'



ਐਚ. ਐਲ. ਕਪੂਰ
01- 916- 587-4002

ਮੰਨੇ- ਪ੍ਰਮੰਨੇ ਸਮਾਜ ਸ਼ਾਸਤਰੀ ਡਾ: ਜੇਮਜ ਬੋਸਾਰਡ ਨੇ ਆਪਣੇ ਜੀਵਨ ਦੇ 40 ਸਾਲ ਅੱਜਕਲ੍ਹ ਦੀ ਪਰਿਵਾਰਕ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰਨ ਲਈ ਤੇ ਬੱਚਿਆਂ ਦਾ ਸਹੀ ਪਾਲਣ-ਪੋਸ਼ਣ ਕਰਨ ਲਈ, ਸਹੀ ਤੌਰ ਤਰੀਕੇ ਲੱਭਣ ਲਈ, ਲਗਾਏ ਹਨ। ਉਹਨਾਂ ਨੇ ਆਪਣੇ ਕਈ ਪ੍ਰਯੋਗਾਂ 'ਚ ਇਕ ਦਾ ਨਤੀਜਾ ਕੱਢਦੇ ਹੋਏ ਉਹਨਾਂ ਲਿਖਿਆ ਹੈ ਕਿ ਵੱਖ-ਵੱਖ ਪਰਿਵਾਰਾਂ 'ਚ ਆਪਣਾ ਭੋਜਨ ਖਾਂਦੇ ਸਮੇਂ ਜੋ ਗੱਲਬਾਤ ਕੀਤੀ ਜਾਂਦੀ ਹੈ, ਉਸਦਾ ਵਿਸ਼ਾ ਦੇਖ ਕੇ, ਸੁਣ ਕੇ ਹੈਰਾਨ ਰਹਿ ਗਿਆ ਹਾਂ ਤੇ ਕੁੱਲ ਗੱਲਬਾਤ ਦਾ 99 ਪ੍ਰਤੀਸ਼ਤ ਤੋਂ ਵੀ ਵੱਧ, ਦੂਸਰਿਆਂ ਦੀ ਨਿੰਦਿਆ-ਚੁਗਲੀ ਨਾਲ ਸਬੰਧਤ ਸੀ। ਨਿੰਦਿਆ-ਚੁਗਲੀ ਦੀ ਇਹ ਪ੍ਰਵਿਰਤੀ ਇੰਨੀ ਜ਼ਿਆਦਾ ਪ੍ਰਚੱਲਿਤ ਹੈ ਕਿ ਸ਼ਾਇਦ ਇਹਨਾਂ ਪਰਿਵਾਰਾਂ ਦੇ ਲੋਕ ਦੂਸਰਿਆਂ ਦੀ ਪ੍ਰਸੰਸਾ 'ਚ ਇਕ ਵੀ ਸ਼ਬਦ ਨਹੀਂ ਬੋਲਦੇ ਹਨ। ਉਹ ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ, ਉਧਾਰ ਦੇਣ ਵਾਲੇ ਦੁਕਾਨਦਾਰਾਂ, ਧੋਬੀਆਂ ਨੌਕਰਾਂ-ਚਾਕਰਾਂ ਆਦਿ ਸਭ ਲੋਕਾਂ ਦੀ ਨਿੰਦਿਆ ਕਰਦੇ ਹਨ। ਪਰਿਵਾਰ 'ਚ ਇਹ ਨਿੰਦਿਆ-ਚੁਗਲੀ ਦਾ ਵਾਤਾਵਰਣ, ਮਾਤਾ-ਪਿਤਾ ਜਾਂ ਵੱਡਿਆਂ ਦੀ ਇਹ ਆਦਤ ਤੇ ਇਸ ਸਬੰਧੀ ਲਾਪਰਵਾਹੀ ਦੇ ਕਾਰਨ, ਬੱਚਿਆਂ ਦੇ ਕੋਮਲ ਹਿਰਦੇ ਤੇ ਦਿਮਾਗ 'ਤੇ ਬੜੀ ਖਤਰਨਾਕ ਜ਼ਹਿਰ ਦਾ ਕੰਮ ਕਰਦਾ ਹੈ। ਅਜਿਹੇ ਪਰਿਵਾਰਾਂ ਦੇ ਬੱਚੇ ਜ਼ਿਆਦਾਤਰ ਸਮਾਜ ਵਿਰੋਧੀ ਅਤੇ ਕ੍ਰੋਧੀ ਸੁਭਾਅ ਦੇ ਹੋ ਜਾਂਦੇ ਹਨ।

ਇਸ ਤਰ੍ਹਾਂ ਦੇ ਪਰਿਵਾਰਾਂ ਦੇ ਵੱਡੇ-ਛੋਟੇ ਸਭ ਵਿਅਕਤੀ ਘਰ ਵਿਚ ਹੋਈਆਂ ਸਧਾਰਨ ਗੱਲਾਂ 'ਤੇ ਵੀ ਆਪਣੀ ਗਰਮੀ ਤੇ ਕ੍ਰੋਧ ਦਾ ਪ੍ਰਦਰਸ਼ਨ ਕਰਦੇ ਰਹਿੰਦੇ ਹਨ ਤੇ ਅਕਸਰ ਝਗੜਦੇ ਵੀ ਰਹਿੰਦੇ ਹਨ। ਬੱਚੇ ਵੀ ਇਸ ਤਰ੍ਹਾਂ ਦੀ ਭੈੜੀ ਪ੍ਰਵਿਰਤੀ ਦਾ ਅਕਸਰ ਚੋਰੀ-ਛਿਪੇ ਪ੍ਰਦਰਸ਼ਨ ਕਰਨ 'ਚ ਫਖਰ ਮਹਿਸੂਸ ਕਰਦੇ ਹ ਨ ਜੋ ਅਕਸਰ ਆਪਣੇ ਵੱਡਿਆਂ ਜਾਂ ਮਾਤਾ-ਪਿਤਾ ਨੂੰ ਪਰਿਵਾਰ ਵਿਚ ਕਰਦਿਆਂ ਦੇਖਦੇ ਹਨ।

ਅਜਿਹੇ ਵੀ ਪਰਿਵਾਰ ਹਨ, ਜਿਹੜੇ ਆਪਣੀਆਂ ਵਧੀਆ ਆਦਤਾਂ ਤੇ ਚੰਗੇ ਸੁਭਾਅ ਦਾ ਪ੍ਰਦਰਸ਼ਨ ਕਰਕੇ, ਬੱਚਿਆਂ ਦੇ ਮਾਨਸਿਕ ਵਿਕਾਸ 'ਚ ਯੋਗਦਾਨ ਪਾਉਂਦੇ ਹਨ ਤੇ ਆਪਣੀ ਗੱਲਬਾਤ 'ਚ ਬੱਚਿਆਂ ਨੂੰ ਵੀ ਭਾਗੀਦਾਰ ਬਣਾਉਂਦੇ ਹਨ ਅਤੇ ਬੱਚਿਆਂ ਨੂੰ ਉਸਾਰੂ ਗੱਲਾਂ ਲਈ ਉਤਸ਼ਾਹਿਤ ਵੀ ਕਰਦੇ ਹਨ। ਆਪਣੇ ਸੁਝਾਅ ਦਿੰਦੇ ਹੋਏ ਡਾ. ਬੋਸਾਰਡ ਦਾ ਕਹਿਣਾ ਹੈ ਕਿ ਮਾਤਾ-ਪਿਤਾ ਜਾਂ ਘਰ ਦੇ ਵੱਡੇ ਵਿਅਕਤੀਆਂ ਨੂੰ ਆਪਣੀਆਂ ਬੁਰਾਈਆਂ ਨੂੰ ਤਿਆਗ ਕੇ ਬੱਚਿਆਂ ਸਾਹਮਣੇ ਚੰਗੀਆਂ ਆਦਤਾਂ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਨੂੰ ਘਰ 'ਚ ਇਕ ਚੰਗਾ ਸਿਹਤਮੰਦ ਵਾਤਾਵਰਣ ਮਿਲ ਸਕੇ। ਇਸ ਗੱਲ ਵੱਲ ਹਮੇਸ਼ਾ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਅਸੀਂ ਜੋ ਵੀ ਗੱਲ ਕਰਦੇ ਹਾਂ, ਉਸ ਪ੍ਰਤੀ ਬੱਚੇ ਵੀ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦੇ ਹਨ, ਭਾਵੇਂ ਉਹਨਾਂ ਦੇ ਵਿਚਾਰ ਇਤਨੇ ਪੱਕੇ ਹੋਏ ਭਾਵ ਵਿਕਸਤ ਨਾ ਵੀ ਹੋਣ ਤਾਂ ਵੀ ਸਾਨੂੰ ਉਹਨਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਤਾਂ ਕਿ ਉਹਨਾਂ ਦੇ ਵਿਚਾਰ ਹਮੇਸ਼ਾ ਲਈ ਅਵਿਕਸਤ ਨਾ ਰਹਿ ਜਾਣ।

ਡਾ. ਬੋਸਾਰਡ ਦਾ ਕਹਿਣਾ ਹੈ ਕਿ, ''ਆਪ ਨੂੰ ਜੇ ਸਹੀ ਤਰੀਕਾ ਨਜ਼ਰ ਨਾ ਵੀ ਆਵੇ ਤਾਂ ਤੁਸੀਂ ਉਸ ਮਸ਼ਹੂਰ ਵਕੀਲ ਦਾ ਤਰੀਕਾ ਅਖਤਿਆਰ ਕਰੋ ਜੋ ਹਰ ਰੋਜ਼ ਆਪਣੀ ਪਰਿਵਾਰਕ ਗੋਸ਼ਟੀ 'ਚ ਪ੍ਰਸ਼ਨ ਉਠਾਉਂਦਾ ਹੈ। ਉਸ ਦੀ ਪਤਨੀ ਅਤੇ ਬੱਚੇ ਇਕ-ਇਕ ਕਰਕੇ ਉਸ ਦੇ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਖੀਰ 'ਚ ਉਹੀ ਵਕੀਲ ਉਸ ਦਾ ਠੀਕ ਉਤਰ ਦੱਸਦਾ ਹੈ। ਵਕੀਲ ਦੀ ਇਸ ਕੋਸ਼ਿਸ਼ ਨਾਲ ਬੱਚੇ ਦੀ ਤਰਕ ਬੁੱਧੀ ਤੇ ਗਿਆਨ ਦਾ ਵਿਕਾਸ ਤਾਂ ਹੁੰਦਾ ਹੀ ਹੈ ਪਰ ਇਸ ਦੇ ਨਾਲ ਹੀ ਪਰਿਵਾਰ 'ਚ ਨਿੰਦਿਆ-ਚੁਗਲੀ ਤੇ ਆਲੋਚਨਾ ਦੀ ਬੁਰੀ ਆਦਤ ਤੋਂ ਵੀ ਆਪਣੇ ਆਪ ਛੁਟਕਾਰਾ ਮਿਲ ਜਾਂਦਾ ਹੈ।

**ਬੱਚਿਆਂ 'ਚ ਚੰਗੇ ਗੁਣ ਉਜਾਗਰ ਕਰਕੇ ਉਹਨਾਂ ਦਾ ਵਿਕਾਸ ਕਰੋ:-**

ਸਭ ਮਾਤਾ-ਪਿਤਾ ਤੇ ਘਰ ਦੇ ਵੱਡੇ ਵਿਅਕਤੀਆਂ ਨੂੰ ਆਪਸੀ ਸਹਿਯੋਗ ਕਰਕੇ ਬੱਚਿਆਂ 'ਚ ਚੰਗੇ ਗੁਣਾਂ ਨੂੰ ਸਿੱਖਣ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਅਜਿਹੇ ਗੁਣ ਅਤੇ ਪ੍ਰਸਥਿਤੀਆਂ ਦਿੱਤੀਆਂ ਜਾਣ, ਜਿਹਨਾਂ ਨਾਲ ਉਸ 'ਚ ਚੰਗੇ ਗੁਣਾਂ ਦਾ ਵਾਧਾ ਹੋਵੇ ਤੇ ਉਹ ਚੰਗੇ ਗੁਣਾਂ ਦੀ ਮਹੱਤਤਾ ਨੂੰ ਸਮਝੇ, ਆਪਣੇ ਜੀਵਨ 'ਚ ਉਹ ਅੱਗੇ ਚੱਲ ਕੇ ਉਹ ਇਹਨਾਂ ਚੰਗੇ ਗੁਣਾਂ ਦੀ ਰੱਖਿਆ ਕਰਦਾ ਹੋਇਆ ਇਕ ਚੰਗਾ ਨਾਗਰਿਕ ਵੀ ਬਣ ਸਕੇ।

ਇਕ ਚੰਗੇ ਵਿਅਕਤਿਤਵ ਦਾ ਆਧਾਰ ਚੰਗੇ ਗੁਣ ਹੀ ਹਨ। ਪੈਸਾ-ਧੇਲਾ, ਜ਼ਮੀਨ-ਜਾਇਦਾਦ, ਵਿਉਪਾਰ, ਸੁੱਖ-ਸੁਵਿਧਾ, ਤਾਕਤ ਆਦਿ ਨੂੰ ਪ੍ਰਾਪਤ ਕਰ ਲੈਣ ਵਾਲੇ ਵਿਅਕਤੀ ਅਗਰ ਚੰਗਾ ਵਿਅਕਤਿਤਵ ਸਮਝਦੇ ਹਨ ਤਾਂ ਉਹ ਭੁਲੇਖੇ 'ਚ ਹਨ। ਇਹ ਸਭ ਚੀਜ਼ਾਂ ਤਾਂ ਇਸ ਦੁਰਾਚਾਰੀ ਇਨਸਾਨ ਵੀ ਪ੍ਰਾਪਤ ਕਰ ਲੈਂਦਾ ਹੈ ਪਰ ਇਹਨਾਂ ਚੀਜ਼ਾਂ ਦੀ ਪ੍ਰਾਪਤੀ ਨਾਲ ਉਹ ਇਕ ਉੱਚੇ ਵਿਅਕਤਿਤਵ ਦਾ ਮਾਲਕ ਨਹੀਂ ਬਣ ਸਕਦਾ। ਦੁਰਾਚਾਰੀ ਗੁਣਾਂ ਦਾ ਮਾਲਕ ਇਨਸਾਨ ਭਾਵੇਂ ਉਹ ਕਿੰਨਾ ਵੀ ਅਮੀਰ ਤੇ ਸ਼ਕਤੀਸ਼ਾਲੀ ਹੋਵੇ, ਉਹ ਉੱਚੇ ਚਰਿੱਤਰ ਤੇ ਵਧੀਆ ਵਿਅਕਤਿਤਵ ਦਾ ਕਦੀ ਮਾਲਕ ਨਹੀਂ ਬਣ ਸਕਦਾ। ਉਸ ਪ੍ਰਤੀ ਮਾਣ-ਸਨਮਾਨ, ਆਦਰ ਸਤਿਕਾਰ ਦੀ ਭਾਵਨਾ ਜਾਂ ਤਾਂ ਉਹੀ ਦਿਖਾ ਸਕਦਾ ਹੈ ਜੋ ਖੁਦ ਉਸ ਦੇ ਵਰਗਾ ਹੀ ਦੁਰਾਚਾਰੀ ਹੋਵੇ ਜਾਂ ਕੋਈ ਸੁਆਰਥੀ ਆਦਮੀ ਹੋਵੇ। ਕੋਈ ਭੱਦਰ-ਪੁਰਸ਼ ਜਾਂ ਚੰਗੇ ਗੁਣਾਂ ਦਾ ਮਾਲਕ ਇਨਸਾਨ ਕਦੀ ਵੀ ਦੁਰਾਚਾਰੀ ਇਨਸਾਨ ਦਾ ਆਦਰ-ਸਤਿਕਾਰ ਨਹੀਂ ਕਰ ਸਕਦਾ, ਭਾਵੇਂ ਉਹ ਜਿੰਨਾ ਮਰਜ਼ੀ ਤਕੜਾ ਜਾਂ ਅਮੀਰ ਹੀ ਕਿਉਂ ਨਾ ਹੋਵੇ?

ਚੰਗੇ ਆਦਰ-ਸਤਿਕਾਰ ਦਾ ਆਧਾਰ ਚੰਗੇ ਗੁਣ ਹੀ ਮੰਨੇ ਗਏ ਹਨ। ਇਸ ਤਰ੍ਹਾਂ ਦੇ ਇਕ ਨਹੀਂ, ਇਸ ਸੰਸਾਰ ਵਿਚ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਇਨਸਾਨ ਹੋਏ ਹਨ ਤੇ ਅੱਜ ਵੀ ਹਨ ਜੋ ਅਮੀਰੀ ਦੇ ਦ੍ਰਿਸ਼ਟੀਕੋਣ ਤੋਂ ਕੁਝ ਵੀ ਨਾ ਹੁੰਦੇ ਹੋਏ, ਸਿਰਫ ਆਪਣੇ ਚੰਗੇ ਗੁਣਾਂ ਤੇ ਉੱਚੇ ਵਿਅਕਤਿਤਵ ਦੇ ਕਾਰਨ ਹੀ ਲੋਕਾਂ ਨੇ ਉਹਨਾਂ ਨੂੰ ਆਪਣੇ ਸਿਰ 'ਤੇ, ਅੱਖਾਂ 'ਤੇ ਬਿਠਾਇਆ ਹੈ ਤੇ ਆਦਰ-ਸਤਿਕਾਰ ਦਿੱਤਾ ਹੈ। ਇਸ ਲਈ ਸਾਨੂੰ ਬੱਚਿਆਂ ਨੂੰ ਅਮੀਰ ਬਣਾਉਣ ਦੀ ਤਮੰਨਾ ਨਾ ਰੱਖਦੇ ਹੋਏ, ਸਗੋਂ ਗੁਣਵਾਨ ਤੇ ਚੰਗੇ ਸੰਸਕਾਰਾਂ ਦੇ ਧਾਰਨੀ ਬਣਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਬੱਚਿਆਂ 'ਚ ਚੰਗੇ ਗੁਣ ਪੈਦਾ ਕਰਨ ਲਈ ਸਾਨੂੰ ਕੁਝ ਨਿਮਨ-ਲਿਖਤ ਨੁਕਤਿਆਂ ਵੱਲ ਧਿਆਨ ਦੇਣ ਦੀ ਲੋੜ ਹੈ:-

**(1) ਮਿੱਠਾ ਬੋਲਣਾ:-** ਬੱਚਿਆਂ 'ਚ ਚੰਗੇ ਗੁਣ ਪੈਦਾ ਕਰਨ ਲਈ ਸਭ ਤੋਂ ਪਹਿਲਾ ਗੁਣ ਹੈ ਮਿੱਠਾ ਬੋਲਣਾ। ਇਹ ਗੁਣ ਉਹਨਾਂ 'ਚ ਇਕ ਅਲੰਕਾਰ ਬਣ ਜਾਣਾ ਚਾਹੀਦਾ ਹੈ। ਇਹੀ ਮਿੱਠਾ ਬੋਲਣ ਦਾ ਗੁਣ ਬੱਚਿਆਂ ਵੱਲ ਸਾਨੂੰ ਜ਼ਿਆਦਾ ਆਕਰਸ਼ਕ ਬਣਾਉਂਦਾ ਹੈ। ਇਹੀ ਮਿੱਠੀ ਬੋਲੀ ਬੋਲਣ ਵਾਲੇ ਤੇ ਆਦਰ-ਸਤਿਕਾਰ ਕਰਨ ਵਾਲੇ ਬੱਚੇ, ਆਪਣੇ ਮਾਤਾ-ਪਿਤਾ, ਅਧਿਆਪਕਾਂ ਤੇ ਆਮ ਸਭ ਲੋਕਾਂ ਨੂੰ ਪਿਆਰੇ ਲੱਗਦੇ ਹਨ। ਜਿਹੜਾ ਵੀ ਉਹਨਾਂ ਨੂੰ



ਦੇਖਦਾ ਹੈ ਉਹ ਪ੍ਰਸੰਨ ਹੋ ਜਾਂਦਾ ਹੈ। ਉਹ ਉਹਨਾਂ ਦੀ ਮਿੱਠੀ-ਬੋਲੀ ਸੁਣਨ ਲਈ ਸਦਾ ਤੱਤਪਰ ਰਹਿੰਦਾ ਹੈ। ਉਹਨਾਂ ਨੂੰ ਚੰਗੇ-ਚੰਗੇ ਪ੍ਰਸ਼ਨ ਪੁੱਛ ਕੇ ਚੰਗੇ-ਚੰਗੇ ਉਤਰ ਸੁਣਨ ਨੂੰ ਉਤਸੁਕ ਰਹਿੰਦਾ ਹੈ। ਸੁਣਨ ਵਾਲਾ ਇਨਸਾਨ ਉਹਨਾਂ ਨੂੰ ਸ਼ਾਬਾਸ਼ ਦਿੰਦਾ ਹੈ, ਉਸ ਦੀ ਪਿੱਠ ਤੇ ਸਿਰ 'ਤੇ ਹੱਥ ਫੇਰਦਾ ਹੈ, ਪਿੱਛੋਂ ਵੀ ਉਸ ਬੱਚੇ ਦੀ ਸਿਫ਼ਤ ਕਰਦਾ ਹੈ ਤੇ ਦੂਸਰੇ ਬੱਚਿਆਂ ਨੂੰ ਵੀ ਉਹਨਾਂ ਵਰਗਾ ਬਣਨ ਦੀ ਸਿੱਖਿਆ ਦਿੰਦਾ ਹੈ। ਮਿੱਠਾ ਬੋਲਣ ਵਾਲੇ ਬੱਚੇ ਸਭ ਲਈ ਆਕਰਸ਼ਕ, ਸਤਿਕਾਰਿਤ ਤੇ ਪਿਆਰੇ ਹੁੰਦੇ ਹਨ। ਇਹੀ ਬੱਚੇ ਦੀ ਮਿੱਠੀ ਬੋਲਣ ਦੀ ਲੋਕਪ੍ਰਿਅਤਾ, ਉਸ ਦੇ ਚੰਗੇ ਵਿਅਕਤਿਤਵ ਦਾ ਆਧਾਰ ਬਣਦੀ ਹੈ। ਇਸ ਲਈ ਸਾਨੂੰ ਬੱਚੇ ਦੇ ਇਸ ਮਿੱਠਾ ਬੋਲਣ ਦੇ ਗੁਣ ਨੂੰ ਇਕ ਅਜਿਹੇ ਸ਼ਿਸ਼ਟਾਚਾਰ ਦੇ ਸੰਚੇ 'ਚ ਢਾਲਣਾ ਚਾਹੀਦਾ ਹੈ ਜੋ ਉਸ ਲਈ ਸਦੀਵੀ ਗੁਣ ਬਣ ਸਕੇ।

**(2) ਮਿਹਨਤੀ ਤੇ ਪਰਉਪਕਾਰੀ ਬਣਨ ਦੀ ਸਿੱਖਿਆ:-** ਅਗਲਾ ਗੁਣ ਸਾਨੂੰ ਬੱਚੇ ਨੂੰ ਮਿਹਨਤੀ ਤੇ ਪਰਉਪਕਾਰੀ ਬਣਨ ਦਾ ਦੇਣਾ ਚਾਹੀਦਾ ਹੈ। ਮਿਹਨਤੀ ਬੱਚੇ ਹਮੇਸ਼ਾ ਤੰਦਰੁਸਤ ਰਹਿੰਦੇ ਹਨ, ਆਲਸੀ ਨਾ ਹੋਣ ਕਾਰਨ ਉਹ ਹਮੇਸ਼ਾ ਆਗਿਆਕਾਰੀ ਵੀ ਰਹਿੰਦੇ ਹਨ। ਉਹਨਾਂ 'ਚ ਫੁਰਤੀ, ਤਾਜਗੀ ਤੇ ਪ੍ਰਸੰਨਤਾ ਸਦਾ ਬਣੀ ਰਹਿੰਦੀ ਹੈ। ਇਸ ਨਾਲ ਉਹ ਸਿਰਫ ਆਪਣਾ ਮਨ ਲਗਾ ਕੇ ਪੜ੍ਹਦੇ ਹੀ ਨਹੀਂ ਹਨ, ਸਗੋਂ ਆਪਣੇ ਪਾਠਾਂ ਨੂੰ ਸਹਿਜ ਸੁਭਾਅ ਯਾਦ ਵੀ ਕਰ ਲੈਂਦੇ ਹਨ। ਜਿਹੜੇ ਬੱਚੇ ਪੜ੍ਹਨ 'ਚ ਤੇਜ਼ ਹੁੰਦੇ ਹਨ, ਆਗਿਆ ਦਾ ਤੁਰੰਤ ਪਾਲਣ ਕਰਨ ਵਾਲੇ ਹੁੰਦੇ ਹਨ, ਉਹ ਕਿਹੜਾ ਇਨਸਾਨ ਹੈ ਜਿਸਦਾ ਉਹ ਮਨ ਨਹੀਂ ਜਿੱਤ ਲੈਂਦੇ? ਅਜਿਹੇ ਬੱਚੇ ਜਿਸ ਦੇ ਵੀ ਸੰਪਰਕ 'ਚ ਆਉਂਦੇ ਹਨ, ਉਸ ਦਾ ਪਿਆਰ ਤੇ ਸਦਭਾਵਨਾ ਪ੍ਰਾਪਤ ਕਰ ਲੈਂਦੇ ਹਨ ਤੇ ਇਹਨਾਂ ਹੀ ਬੱਚਿਆਂ ਨੂੰ ਸਭ ਤੋਂ ਉੱਤਮ ਬੱਚੇ ਮੰਨਿਆ ਜਾਂਦਾ ਹੈ।

ਬੱਚਿਆਂ ਦਾ ਪਰਉਪਕਾਰ ਉਹਨਾਂ ਦੀ ਸੇਵਾ ਭਾਵਨਾ 'ਚ ਹੀ ਸਮਾਇਆ ਹੋਇਆ ਹੁੰਦਾ ਹੈ। ਇਸਦੇ ਲਈ ਇਹ ਜ਼ਰੂਰੀ ਨਹੀਂ ਕਿ ਉਹ ਦਾਨੀ ਹੋਣ, ਇਹ ਵੀ ਜ਼ਰੂਰੀ ਨਹੀਂ ਹੈ ਕਿ ਉਹ ਜ਼ਰੂਰਤ ਵਾਲੀਆਂ ਥਾਂਵਾਂ 'ਤੇ ਜਾ ਕੇ ਸਰੀਰਕ ਤੇ ਆਰਥਿਕ ਪਰਉਪਕਾਰ ਕਰਨ, ਨੰਗਿਆਂ-ਭੁੱਖਿਆਂ ਨੂੰ ਕੱਪੜੇ ਤੇ ਰੋਟੀ ਆਦਿ ਦੇਣ। ਬੱਚੇ ਇਸ ਅਵਸਥਾ 'ਚ ਨਹੀਂ ਹੁੰਦੇ। ਬੱਚਿਆਂ ਦਾ ਪਰਉਪਕਾਰ ਤਾਂ ਉਹਨਾਂ ਦੀ ਸੇਵਾ ਹੀ ਮੰਨਿਆ ਗਿਆ ਹੈ। ਘਰ 'ਚ ਬਜ਼ੁਰਗਾਂ ਦੀ ਸੁੱਖ-ਸਹੂਲਤ ਦਾ ਧਿਆਨ ਰੱਖਣਾ, ਛੋਟੇ ਭੈਣ-ਭਰਾਵਾਂ ਨੂੰ ਸਾਫ-ਸੁਥਰੇ ਰਹਿਣ ਤੇ ਪੜ੍ਹਨ-ਲਿਖਣ 'ਚ ਸਹਿਯੋਗ ਦੇਣਾ, ਆਪਣੇ ਗਰੀਬ ਸਾਥੀ ਵਿਦਿਆਰਥੀਆਂ ਨੂੰ ਆਪਣੀਆਂ ਪੁਸਤਕਾਂ ਤੇ ਪੜ੍ਹਾਈ ਦੀ ਹੋਰ ਸਮੱਗਰੀ ਦੇਣਾ, ਉਹਨਾਂ ਦਾ ਪਾਠ ਆਪ ਤਿਆਰ ਕਰਵਾ ਦੇਣਾ, ਅਗਰ ਕੋਈ ਸਾਥੀ ਬਿਮਾਰ ਹੋ ਗਿਆ ਤਾਂ ਉਸ ਦੀ ਦੇਖ-ਰੇਖ ਕਰਨਾ ਤੇ ਉਸ ਦੇ ਇਲਾਜ ਕਰਾਉਣ 'ਚ ਕੋਈ ਮਦਦ ਕਰਨਾ ਆਦਿ ਹੀ ਉਸ ਦੀਆਂ ਸੇਵਾਵਾਂ ਹਨ। ਇਸ ਤਰ੍ਹਾਂ ਕਰਨਾ ਵੀ ਉਹਨਾਂ ਦਾ ਪਰਉਪਕਾਰ ਹੀ ਮੰਨਿਆ ਜਾਂਦਾ ਹੈ। ਬਾਜ਼ਾਰ ਜਾਣ ਵੇਲੇ ਕਿਸੇ ਪੜੌਸੀ ਬਜ਼ੁਰਗ, ਤਾਈ, ਚਾਚੀ, ਨਾਨੀ ਆਦਿ ਦਾ ਸਮਾਨ ਲਿਆ ਦੇਣਾ, ਛੋਟੇ ਬੱਚਿਆਂ ਨੂੰ ਆਪਣੇ ਨਾਲ ਸਕੂਲ ਤੱਕ ਲੈ ਜਾਣਾ, ਇਸ ਤੋਂ ਇਲਾਵਾ ਜੋ ਬੱਚੇ ਪੜ੍ਹਨ ਲਈ ਸਕੂਲ ਨਹੀਂ ਜਾ ਸਕਦੇ, ਉਹਨਾਂ ਨੂੰ ਥੋੜ੍ਹਾ-ਬਹੁਤ ਪੜ੍ਹਾ ਦੇਣਾ ਆਦਿ ਵੀ ਪਰਉਪਕਾਰ ਹੀ ਹੈ। ਬੱਚਿਆਂ ਦਾ ਇਸ ਤਰ੍ਹਾਂ ਦਾ ਪਰਉਪਕਾਰ ਉਹਨਾਂ ਨੂੰ ਮਾਣ ਤੇ ਸਤਿਕਾਰ ਹੀ ਦਿਵਾ ਸਕਦਾ ਹੈ। ਜਦੋਂ ਸਾਡੇ ਬੱਚੇ ਇਸ ਤਰ੍ਹਾਂ ਦੇ ਪਰਉਪਕਾਰੀ ਬਣਨ ਤੇ ਇਸ ਤਰ੍ਹਾਂ ਦਾ ਪਰਉਪਕਾਰ ਕਰਦੇ ਨਜ਼ਰ ਆਉਣ, ਪਰਉਪਕਾਰੀ ਬੱਚੇ ਇਕ ਸਥਾਈ ਸੁਭਾਅ ਤੇ ਸਥਿਰ ਮਾਣ-ਸਤਿਕਾਰ, ਸਹਿਜ ਸੁਭਾਅ ਹੀ ਪ੍ਰਾਪਤ ਕਰ ਲੈਂਦੇ ਹਨ ਤੇ ਇਹ ਸੁਭਾਅ ਉਹਨਾਂ ਦਾ ਸਾਰੀ ਉਮਰ ਬਣਿਆ ਰਹਿੰਦਾ ਹੈ, ਜੋ ਉਹਨਾਂ ਦੇ ਇਕ ਚੰਗੇ ਨਾਗਰਿਕ ਬਣਨ 'ਚ ਸਹਾਈ ਹੁੰਦਾ ਹੈ।

**(3) ਬੱਚਿਆਂ 'ਚ ਸਾਫ-ਸੁਥਰੇ ਰਹਿਣ ਦੀ ਆਦਤ ਦਾ ਗੁਣ:-** ਬੱਚਿਆਂ ਦਾ ਮਾਣ-ਸਤਿਕਾਰ ਵਧਾਉਣ ਲਈ ਉਹਨਾਂ 'ਚ ਸਾਫ-ਸੁਥਰੇ ਰਹਿਣ ਦੀ ਆਦਤ ਦਾ ਗੁਣ ਪੈਦਾ ਕਰਨਾ ਚਾਹੀਦਾ ਹੈ। ਸ਼ਿਸ਼ਟਾਚਾਰੀ, ਸਦਾਚਾਰੀ ਤੇ ਸੇਵਾ ਭਾਵੀ ਬਣਾਉਣ 'ਤੇ ਵੀ ਜੇਕਰ ਤੁਸੀਂ ਬੱਚੇ ਨੂੰ ਸਾਫ-ਸੁਥਰਾ ਤੇ ਅੱਛੀ ਵਿਸਸਥਾ-ਪੂਰਨ ਪ੍ਰਸਥਿਤੀਆਂ ਵਾਲਾ ਨਾ ਬਣਾ ਸਕੇ ਤਾਂ ਸਮਝ ਲਓ ਕਿ ਤੁਸੀਂ ਬੱਚੇ ਨੂੰ ਬਹੁਤ ਕੁਝ ਦੇ ਕੇ ਵੀ ਕੁਝ ਨਹੀਂ ਦੇ ਸਕੇ। ਜਿੱਥੇ ਬੱਚੇ ਦੇ ਦੂਸਰੇ ਗੁਣ ਉਸ ਦੇ ਨੰਬਰ ਵਧਾਉਣਗੇ, ਉਥੇ ਗੰਦਗੀ ਤੇ ਅਸਭਿਅਤਾ ਉਸਦੇ ਨੰਬਰ ਕਟਵਾ ਦੇਵੇਗੀ। ਗੰਦੇ ਆਦਮੀ ਤੋਂ ਕੋਈ ਸੇਵਾ ਲੈਣ ਲਈ ਤਿਆਰ ਨਹੀਂ ਹੁੰਦਾ। ਗੰਦੇ ਰਹਿਣ ਵਾਲੇ ਬੱਚੇ ਗੁਣਵਾਨ ਹੋਣ ਦੇ ਬਾਵਜੂਦ ਵੀ ਘੱਟ ਹੀ ਪਸੰਦ ਕੀਤੇ ਜਾਂਦੇ ਹਨ। ਅਵਸਥਿਤ ਪ੍ਰਸਥਿਤੀਆਂ 'ਚ ਪਲੇ ਬੱਚਿਆਂ 'ਚ ਅਨੁਸ਼ਾਸਨਹੀਣਤਾ ਪੈਦਾ ਹੋ ਜਾਣ ਦਾ ਡਰ ਰਹਿੰਦਾ ਹੈ। ਸਭ ਕੁਝ ਚੰਗਾ ਕਰਦੇ ਹੋਇਆਂ ਵੀ ਅਗਰ ਉਹ ਸਹਿਜ-ਸੁਭਾਅ 'ਚ ਹੀ ਕੋਈ ਅਨੁਸ਼ਾਸਨਹੀਣਤਾ ਕਰ ਵੀ ਦੇਣ ਤਾਂ ਸਾਰੇ ਕੀਤੇ ਕਰਾਏ 'ਤੇ ਪਾਣੀ ਫਿਰ ਜਾਂਦਾ ਹੈ। ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ 'ਚ ਪਲੇ-ਵੱਡੇ ਹੋਏ ਬੱਚਿਆਂ ਤੋਂ ਕੰਮ ਲੈਂਦਿਆਂ ਹੋਇਆਂ ਵੀ ਡਰ ਲੱਗਾ ਰਹਿੰਦਾ ਹੈ ਕਿ ਉਹ ਕਿਤੇ ਕੰਮ ਵਿਗਾੜ ਨਾ ਦੇਣ। ਜੇਕਰ ਕਿਸੇ ਦਾ ਸੇਵਾ ਭਾਵਨਾ ਨਾਲ ਕੀਤਾ ਗਿਆ ਕੰਮ ਵਿਗੜ ਜਾਵੇ ਤਾਂ ਬੜਾ ਨੁਕਸਾਨ ਹੁੰਦਾ ਹੈ। ਚੰਗਿਆਈਆਂ 'ਚੋਂ ਬੁਰਾਈ ਪੈਦਾ ਹੋ ਜਾਂਦੀ ਹੈ।

ਲੋਕ ਇਹੀ ਸਮਝਦੇ ਹਨ ਕਿ ਇਹ ਤਾਂ ਵਗਾਰ ਕਰਵਾ ਕੇ ਹੀ ਸੇਵਾ ਕਰਨ ਦਾ ਝੂਠਾ ਨਾਟਕ ਕਰਦਾ ਹੈ। ਇਹ ਇਕ ਭਿਆਨਕ ਉਪਵਾਦ ਵਾਲੀ ਗੱਲ ਹੈ। ਇਸ ਨਾਲ ਬੱਚੇ ਦੀ ਸ਼ਖਸੀਅਤ ਵਧਣ ਦੀ ਥਾਂ ਦੂਸਰਿਆਂ ਦੀ ਨਜ਼ਰ 'ਚ ਗਿਰੇਗੀ ਹੀ, ਅਰਥਾਤ ਬੱਚੇ ਦੀ ਸ਼ਖਸੀਅਤ ਵਧਾਉਣ ਦੀ ਦਿਸ਼ਾ 'ਚ ਉਸ ਨੂੰ ਸਾਫ ਸਫਾਈ ਤੇ ਚੰਗੀਆਂ ਪ੍ਰਸਥਿਤੀਆਂ ਦਾ ਗੁਣ ਦੇਣਾ, ਇਕ ਵੱਡੀ ਸਹਾਇਤਾ ਹੈ।

**(4) ਬੱਚਿਆਂ ਦਾ ਸਨਮਾਨ:-** ਜਿਹੜੇ ਮਾਤਾ-ਪਿਤਾ ਜਾਂ ਵੱਡੇ ਆਪਣੇ ਬੱਚਿਆਂ ਦਾ ਆਪ ਸਨਮਾਨ ਨਹੀਂ ਕਰਦੇ, ਉਹਨਾਂ ਨੂੰ ਮਹੱਤਵ-ਪੂਰਨ ਨਾ ਸਮਝਦੇ ਹੋਏ, ਅੱਖੋਂ ਓਹਲੇ ਕਰ ਦਿੰਦੇ ਹਨ ਅਰਥਾਤ ਉਹਨਾਂ ਨੂੰ ਆਪਣੇ ਤੋਂ ਦੂਰ ਰੱਖਦੇ ਹਨ, ਉਹ ਸਮਾਜ 'ਚ ਵੀ ਬੱਚਿਆਂ ਨੂੰ ਇਸ ਭੂਮਿਕਾ ਤੋਂ ਦੂਰ ਕਰ ਦਿੰਦੇ ਹਨ, ਇੱਥੋਂ ਤੱਕ ਕਿ ਬੱਚਿਆਂ ਦੇ ਸਾਥੀਆਂ ਦੇ ਨਾਲ ਖੜ੍ਹਨ ਵਾਲੇ ਵਿਦਿਆਰਥੀਆਂ ਤੱਕ ਇਹ ਵਿਅੰਗ ਕਰਦੇ ਰਹਿੰਦੇ ਹਨ, ਕੀ ਗੱਲਾਂ ਬਣਾਉਂਦੇ ਹੋ, ਦਿਨ ਭਰ ਘਰ 'ਚ ਕੁੱਤੇ ਖਾਣੀ ਹੁੰਦੀ ਰਹਿੰਦੀ ਹੈ, ਕੋਈ ਦੋ ਟਕੇ ਦੀ ਕੀਮਤ ਨਹੀਂ ਪਾਉਂਦਾ, ਛੋਟੇ ਭਰਾ ਤੱਕ ਕੋਈ ਤੈਨੂੰ ਮੂੰਹ ਨਹੀਂ ਲਾਉਂਦਾ, ਘਰ ਦੀ ਕਿਸੇ ਗਿਣਤੀ 'ਚ ਨਹੀਂ ਆਉਂਦਾ ਤੇ ਇੱਥੇ ਸਾਡੇ ਸਾਰਿਆਂ 'ਚ ਸ਼ਾਨ ਦਿਖਾਉਂਦੇ ਹੋ, ਇਹ ਗੱਲਾਂ ਤਾਂ ਉਸ ਸਾਹਮਣੇ ਕਰੋ ਜਿਹੜਾ ਤੇਰੀ ਦਸ਼ਾ ਜਾਣਦਾ ਨਹੀਂ।

ਮਾਤਾ-ਪਿਤਾ ਜਾਂ ਵੱਡਿਆਂ ਤੋਂ ਬੇਇੱਜ਼ਤ ਬੱਚੇ ਸਮਾਜ 'ਚ ਐਵੇਂ ਹੀ ਬੇਇੱਜ਼ਤ ਹੋ ਜਾਂਦੇ ਹਨ। ਲੋਕ ਇਹ ਸਮਝ ਕੇ ਉਸ ਨੂੰ ਬੇਇੱਜ਼ਤ ਕਰਦੇ ਹਨ ਕਿ ਇਸ 'ਚ ਜ਼ਰੂਰ ਕੋਈ ਬੁਰਾਈਆਂ ਹੋਣਗੀਆਂ ਤਾਂ ਹੀ ਤਾਂ ਘਰ 'ਚ ਇਸ ਦਾ ਕੋਈ ਆਦਰ ਨਹੀਂ ਕਰਦਾ। ਬੱਚਿਆਂ ਦਾ ਮਾਣ-ਸਨਮਾਨ ਵਧਾਉਣ ਲਈ ਸਾਨੂੰ ਆਪ ਨੂੰ ਵੀ ਉਹਨਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਉਹਨਾਂ ਦੇ ਸੁਭਾਅ, ਵਿਵਹਾਰ, ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਤੇ ਉਹਨਾਂ ਨਾਲ ਪ੍ਰੇਮ ਭਾਵਨਾ ਨਾਲ ਬੋਲਣਾ ਹੀ ਉਹਨਾਂ ਦਾ ਆਦਰ-ਸਨਮਾਨ ਹੈ, ਜਿਹੜਾ ਕਿ ਹਰ ਮਾਤਾ-ਪਿਤਾ ਤੇ ਪਰਿਵਾਰ ਦੇ ਵੱਡਿਆਂ ਤੋਂ ਆਦਰ ਪ੍ਰਾਪਤ ਕਰਨ ਵਾਲੇ ਬੱਚੇ ਆਪਣੇ ਸਾਥੀਆਂ ਦੀ ਦ੍ਰਿਸ਼ਟੀ 'ਚ ਆਪਣੇ ਆਪ ਹੀ ਉੱਚੇ ਉਠ ਜਾਂਦੇ ਹਨ ਤੇ ਉਹ ਬੱਚੇ ਪ੍ਰਭਾਵਿਤ ਹੋ ਕੇ ਉਹਨਾਂ ਦਾ ਆਦਰ-ਸਤਿਕਾਰ ਕਰਨ ਲੱਗ ਜਾਂਦੇ ਹਨ।

**(5) ਚੰਗੀ ਸੰਗਤ-** ਬੱਚਿਆਂ ਦਾ ਆਦਰ-ਸਨਮਾਨ ਉਹਨਾਂ ਦੀ ਚੰਗੀ ਸੰਗਤ ਕਰਕੇ ਵੀ ਹੁੰਦਾ ਹੈ। ਜਿਸ ਬੱਚੇ ਦੀ ਸੰਗਤ ਖਰਾਬ ਹੈ, ਉਹ ਬੁਰਾ ਬਣੇਗਾ ਜੋ ਬੁਰਾ ਹੈ, ਉਸ ਨੂੰ ਮਾਣ-ਸਨਮਾਨ ਪਾਉਣ ਦਾ ਅਧਿਕਾਰ ਵੀ ਕੀ ਹੋ ਸਕਦਾ ਹੈ? ਭੈੜੀ ਸੰਗਤ ਵਾਲਾ ਬੱਚੇ ਜਿੱਥੇ ਵੀ ਜਾਏਗਾ, ਲੋਕ ਉਸ ਨੂੰ ਆਪਣੇ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨਗੇ। ਉਸ ਨਾਲ ਨਾ ਕੋਈ ਗੱਲ ਠੀਕ ਢੰਗ ਨਾਲ ਕਰਦਾ ਹੈ ਤੇ ਨਾ ਹੀ ਉਸ ਦੀ ਕਿਸੇ ਗੱਲ ਵੱਲ ਕੋਈ ਧਿਆਨ ਦਿੰਦਾ ਹੈ। ਜਦ ਕਦੀ ਉਹ ਠੀਕ ਵੀ ਹੁੰਦਾ ਹੈ ਤਾਂ ਭੈੜੀ ਸੰਗਤ ਦੇ ਕਲੰਕ ਕਾਰਨ ਲੋਕ ਉਸ ਦੀ ਗੱਲ ਦਾ ਵਿਸ਼ਵਾਸ ਨਹੀਂ ਕਰਦੇ।

ਸਭ ਲੋਕ ਆਪਣੇ ਬੱਚਿਆਂ ਦਾ ਉਸ ਨਾਲ ਮੇਲ-ਮਿਲਾਪ ਪਸੰਦ ਨਹੀਂ ਕਰਦੇ ਤੇ ਉਸ ਦੇ ਘਰ ਆਉਣ 'ਤੇ ਇਤਰਾਜ਼ ਕਰਦੇ ਹਨ। ਭੈੜੀ ਸੰਗਤ ਹੀ, ਆਦਰ-ਸਨਮਾਨ ਨਾ ਹੋਣ ਦਾ ਵੱਡਾ ਕਾਰਨ ਹੈ। ਇਸ ਤੋਂ ਸਾਨੂੰ ਬੱਚਿਆਂ ਨੂੰ ਜ਼ਰੂਰ ਬਚਾਅ ਕੇ ਰੱਖਣਾ ਚਾਹੀਦਾ ਹੈ। ਬੱਚਿਆਂ ਦਾ ਆਦਰ-ਮਾਣ ਵਧਾਉਣ ਲਈ ਮਾਤਾ6ਪਿਤਾ ਤੇ ਵੱਡਿਆਂ ਦਾ ਕਰਤੱਵ ਬਣਦਾ ਹੈ ਕਿ ਉਹ ਆਪਦੇ ਬੱਚਿਆਂ ਲਈ ਚੰਗੀ ਸੰਗਤ ਚੁਣਨ 'ਚ ਮਦਦ ਕਰਨ।

ਅਜਿਹੇ ਪਰਿਵਾਰਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਹਨਾਂ ਦੇ ਬੱਚੇ ਚੰਗੇ ਸੱਜਣ ਤੇ ਮਾਣ-ਸਨਮਾਨ ਵਾਲੇ ਹੋਣ। ਇਸ ਤਰ੍ਹਾਂ ਦੇ ਪਰਖੇ ਹੋਏ ਬੱਚਿਆਂ ਨੂੰ ਬੜੇ ਪਿਆਰ ਨਾਲ ਘਰ ਬੁਲਾਓ, ਜਿਹੜੇ ਪੜ੍ਹਨ-ਲਿਖਣ 'ਚ ਤੇਜ ਤੇ ਆਪਣੇ ਮਾਤਾ-ਪਿਤਾ ਦੁਆਰਾ ਚੰਗੇ ਸੰਸਕਾਰਾਂ 'ਚ ਢਾਲੇ ਗਏ ਹੋਣ। ਇਹਨਾਂ ਕੋਸ਼ਿਸ਼ਾਂ ਨਾਲ ਤੁਹਾਡੇ ਬੱਚੇ ਦਾ ਸੰਪਰਕ ਚੰਗੇ ਬੱਚਿਆਂ ਨਾਲ ਹੋ ਜਾਏਗਾ। ਮਾਤਾ-ਪਿਤਾ ਬੱਚਿਆਂ ਨਾਲ ਹੀ ਸੰਗਤ ਕਰੋ ਜੋ ਆਪ ਖੁਦ ਚੰਗੇ ਸਦਗੁਣਾਂ ਵਾਲੇ ਹੋਣ। ਚੰਗੀ ਸੰਗਤ ਨਾਲ ਹੀ ਮਨੁੱਖ ਗੁਣਵਾਨ ਬਣਦਾ ਹੈ ਤੇ ਗੁਣਾਂ ਦੇ ਆਧਾਰ 'ਤੇ ਹੀ ਉਸ ਦਾ ਆਦਰ ਮਾਣ ਵਧਦਾ ਹੈ, ਬੱਚਿਆਂ 'ਚ ਚੰਗੇ ਗੁਣ ਆਉਣ, ਇਸ ਲਈ ਮਾਤਾ-ਪਿਤਾ ਨੂੰ ਬੱਚੇ ਲਈ ਚੰਗੇ ਸਾਥੀ ਚੁਣਨ 'ਚ ਦੇਰ ਨਹੀਂ ਕਰਨੀ ਚਾਹੀਦੀ।

**(6) ਬੱਚੇ ਆਪਣੇ ਸਾਥੀਆਂ ਨਾਲ ਪਿਆਰ ਭਰਿਆ ਵਿਵਹਾਰ ਕਰਨ:-** ਬੱਚਿਆਂ 'ਚ ਚੰਗੇ ਗੁਣ ਭਰਨ ਲਈ ਉਹਨਾਂ ਨੂੰ ਆਪਣੇ ਸਾਥੀਆਂ ਨਾਲ ਚੰਗਾ ਵਿਵਹਾਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਬਹੁਤ ਸਾਰੇ ਮਾਤਾ-ਪਿਤਾ ਆਪਣੇ ਬੱਚਿਆਂ ਦੇ ਸਾਥੀਆਂ ਨੂੰ ਦੇਖ ਕੇ ਚੰਗਾ ਨਹੀਂ ਸਮਝਦੇ। ਜਦੋਂ ਕੋਈ ਉਹਨਾਂ 'ਚੋਂ ਘਰ ਆ ਜਾਂਦਾ ਹੈ ਤਾਂ ਮਾਤਾ-ਪਿਤਾ ਦੀ ਆਵਾਜ਼ 'ਚ ਨਰਾਜ਼ਗੀ ਤੇ ਗੁੱਸੇ ਦੀ ਤੀਖਣਤਾ ਆ ਜਾਂਦੀ ਹੈ। ਬੱਚਿਆਂ ਦੇ ਸਾਥੀਆਂ ਨਾਲ ਪਿਆਰ ਭਰਪੂਰ ਬੋਲਣਾ ਤਾਂ ਦੂਰ ਦੀ ਗੱਲ ਹੈ, ਉਸ ਨੂੰ ਪਿਆਰ ਨਾਲ ਜੀ ਆਇਆਂ ਵੀ ਨਹੀਂ ਕਹਿੰਦੇ।

ਅਗਰ ਕੋਈ ਬੱਚਾ ਆਪਣੇ ਸਾਥੀ ਨੂੰ ਪੁੱਛਣ ਲਈ ਆ ਜਾਂਦਾ ਹੈ ਤਾਂ ਉਸ ਨੂੰ ਇੰਨੇ ਰੁੱਖੇ ਤਰੀਕੇ ਨਾਲ ਜਵਾਬ ਦਿੰਦੇ ਹਨ ਕਿ ਵਿਚਾਰੇ ਦਾ ਦਿਲ ਹੀ ਟੁੱਟ ਜਾਂਦਾ ਹੈ ਅਤੇ ਉਹ ਰੋਂਦਾ ਹੋਇਆ ਵਿਚਾਰਾ ਵਾਪਸ ਚਲਾ ਜਾਂਦਾ ਹੈ। ਇੰਨਾ ਰੁੱਖਾ ਤੇ ਕੌੜਾ ਬੋਲਣ ਵਾਲੇ ਮਾਤਾ-ਪਿਤਾ ਦੇ ਬੱਚੇ ਆਪਣੇ ਸਾਥੀਆਂ ਕੋਲੋਂ ਇੰਨਾ ਮਾਣ ਤੇ ਸਤਿਕਾਰ ਨਹੀਂ ਪ੍ਰਾਪਤ ਕਰ ਸਕਦੇ। ਕਦੀ-ਕਦੀ ਉਹ ਉਹਨਾਂ ਦੇ ਮਾਤਾ-ਪਿਤਾ ਤੋਂ ਬੁਰਾ ਵਿਵਹਾਰ ਵੀ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਦੇ ਸੁਭਾਅ ਵਾਲੇ ਮਾਤਾ-ਪਿਤਾ ਦੂਸਰਿਆਂ ਦੇ ਬੱਚਿਆਂ ਨੂੰ ਆਪਣੇ ਬੱਚਿਆਂ ਵਰਗਾ ਪਿਆਰ ਕਰਦੇ ਹਨ, ਉਹਨਾਂ ਨੂੰ ਚੰਗੀ ਸਿੱਖਿਆ ਦਿੰਦੇ ਹਨ, ਉਹਨਾਂ ਦੀ ਸੋਚ ਨੂੰ ਅਗਾਂਹਵਧੂ ਬਣਾਉਂਦੇ ਹਨ, ਉਹਨਾਂ ਦੇ ਬੱਚਿਆਂ ਦਾ ਆਪਣੇ ਆਪ ਹੀ ਆਦਰ-ਸਤਿਕਾਰ ਹੁੰਦਾ ਹੈ।

ਸਾਥੀਆਂ ਦੇ ਮਾਤਾ-ਪਿਤਾ ਤੋਂ ਚੰਗਾ ਵਿਵਹਾਰ ਪ੍ਰਾਪਤ ਕਰਕੇ ਤੇ ਪ੍ਰਭਾਵਿਤ ਹੋ ਕੇ ਆਪਣੇ ਸਾਥੀਆਂ ਨੂੰ ਆਪਣੀਆਂ ਅੱਖਾਂ ਦਾ ਤਾਰਾ ਤੇ ਸਿਰ ਦਾ ਤਾਜ ਸਮਝਦੇ ਹਨ। ਇਸ ਲਈ ਬੱਚਿਆਂ ਦਾ ਆਦਰ ਮਾਣ ਵਧਾਉਣ ਲਈ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੇ ਸਾਥੀਆਂ ਨਾਲ ਚੰਗਾ ਵਿਵਹਾਰ ਹੀ ਕਰਨ।

ਥੋੜ੍ਹਾ ਜਿਹਾ ਪ੍ਰੇਮ, ਥੋੜ੍ਹੀ ਜਿਹੀ ਸਦਭਾਵਨਾ, ਥੋੜ੍ਹੀ ਜਿਹੀ ਮਧੁਰਤਾ ਤੇ ਦੋ ਪਿਆਰ ਭਰੇ ਸ਼ਬਦ ਹੀ ਆਪਣੇ ਬੱਚਿਆਂ ਦੇ ਸਾਥੀਆਂ ਨਾਲ ਵਰਤੇ ਗਏ, ਉਹਨਾਂ ਦੇ ਬੱਚਿਆਂ ਦਾ ਆਦਰ-ਸਨਮਾਨ ਵਧਾਉਣ ਲਈ ਹੀ ਕਾਫੀ ਹਨ। ਇਸ ਤਰ੍ਹਾਂ ਕਰਨ ਨਾਲ ਮਾਤਾ-ਪਿਤਾ ਦਾ ਕੀ ਜਾਂਦਾ ਹੈ? ਇਹ ਤਾਂ ਹਰ ਮਾਤਾ-ਪਿਤਾ ਜਾਂ ਘਰ ਦੇ ਵੱਡੇ ਆਦਮੀ ਕਰ ਹੀ ਸਕਦੇ ਹਨ। **(ਚਲਦਾ)**

# ਡਾ. ਅੰਬੇਡਕਰ ਅਤੇ ਦਲਿਤ ਮੁਕਤੀ ਅੰਦੋਲਨ



ਡਾ. ਰੌਣਕੀ ਰਾਮ
ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)



ਇਹ ਅੰਦੋਲਨ ਆਪਣੇ ਖਿਲਾਫ਼ ਹੋ ਰਹੇ ਭੇਦ-ਭਾਵ ਨੂੰ ਖਤਮ ਕਰਨ ਦੇ ਲਈ ਹੀ ਨਹੀਂ, ਇਹ ਇਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਵੀ ਹੈ। ਇਹ ਕ੍ਰਾਂਤੀ ਇਨਸਾਨ ਦੁਆਰਾ ਜਾਤ-ਪਾਤ ਦੇ ਬੰਧਨਾਂ ਨੂੰ ਖਤਮ ਕਰਨ ਦੇ ਲਈ ਵੀ ਹੈ। ਇਹ ਕ੍ਰਾਂਤੀ ਸਭ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੇ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ (ਕੰਟਰੋਲ) ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ।

**– ਡਾ. ਅੰਬੇਡਕਰ**

**(ਚੌਥੀ ਕਿਸਤ)**

ਦਲਿਤ ਮੁਕਤੀ ਅੰਦੋਲਨ ਨੂੰ ਲੈ ਕੇ ਸੰਭਾਵੀ ਮਹਾਡ ਸਤਿਆਗ੍ਰਹਿ ਬਾਰੇ ਸਵਰਨ ਹਿੰਦੂ ਸੰਸਥਾਵਾਂ ਅਤੇ ਅਖਬਾਰਾਂ ਨੇ ਬਹੁਤ ਤਿੱਖੇ ਪ੍ਰਤੀਕਰਮ ਪੇਸ਼ ਕੀਤੇ ਅਤੇ ਅੰਬੇਡਕਰ ਨੂੰ ਮੁੱਖ ਨਿਸ਼ਾਨਾ ਬਣਾਇਆ ਗਿਆ। ਡਾ. ਅੰਬੇਡਕਰ ਨੇ ਇਸ ਵਿਰੋਧਤਾ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਅਗਰ ਧਰਮ ਪ੍ਰਵਤਨ ਦੀ ਹੀ ਗੱਲ ਹੈ ਅਤੇ ਉਹ ਉਨ੍ਹਾਂ ਦੇ ਇੱਕਲੇ ਜੀਵਨ ਨਾਲ ਜੁੜੀ ਹੋਈ ਹੈ ਤਾਂ ਉਹ ਇਸ ਦਾ ਹੱਲ ਤੁਰੰਤ ਲੱਭ ਦਿੰਦੇ। ਲੇਕਿਨ ਇਹ ਸਵਾਲ ਤਾਂ ਸੰਪੂਰਨ ਪੱਛੜੇ ਹੋਏ ਵਰਗਾਂ ਨਾਲ ਸੰਬੰਧਤ ਹੈ ਅਤੇ ਇਹ ਵਰਗ ਹਿੰਦੂ ਘੇਰੇ ਤੋਂ ਬਾਹਰ ਆਉਣ ਲਈ ਤਿਆਰ ਨਹੀਂ ਸਗੋਂ ਹਿੰਦੂ ਘੇਰੇ ਵਿੱਚ ਰਹਿ ਕੇ ਹੀ ਬਰਾਬਰਤਾ ਅਤੇ ਸਿਵਲ ਅਧਿਕਾਰਾਂ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਨੇ ਦਲਿਤ ਮੁਕਤੀ ਅੰਦੋਲਨ ਦੇ ਨੁਕਤਾ-ਨਿਗਾਹ ਤੋਂ ਹਿੰਦੂ ਧਰਮ ਦੀ ਸਵਰਨਾਂ ਅਤੇ ਅਛੂਤਾਂ ਦੇ ਪ੍ਰਤੀ ਦੋਗਲੀ ਪਹੁੰਚ ਦਾ ਪਰਦਾਫਾਸ਼ ਕਰਦੇ ਹੋਏ ਕਿਹਾ, ''ਜੇ ਤੁਸੀਂ ਕਹਿੰਦੇ ਹੋ ਕਿ ਤੁਹਾਡਾ ਧਰਮ ਹੀ ਸਾਡਾ ਧਰਮ ਹੈ ਤਾਂ ਫਿਰ ਤੁਹਾਡੇ ਅਧਿਕਾਰ ਤੇ ਸਾਡੇ ਅਧਿਕਾਰ ਬਰਾਬਰ ਹੋਣੇ ਚਾਹੀਦੇ ਹਨ। ਕੀ ਅਜਿਹਾ ਹੈ? ਜੇ ਨਹੀਂ ਤਾਂ ਫਿਰ ਤੁਸੀਂ ਕਿਸ ਮੂੰਹ ਨਾਲ ਕਹਿੰਦੇ ਹੋ ਕਿ ਅਸੀਂ ਠੁੱਡੇ ਖਾ ਕੇ ਵੀ ਹਿੰਦੂ ਧਰਮ ਦੇ ਘੇਰੇ 'ਚ ਰਹੀ ਜਾਈਏ? ਜਿਹੜਾ ਧਰਮ ਆਪਣੇ ਦੋ ਪੈਰੋਕਾਰਾਂ ਵਿੱਚ ਭੇਦਭਾਵ ਕਰਦਾ ਹੈ ਉਹ ਵਿਤਕਰੇ ਵਾਲਾ ਹੈ''। ਉਨ੍ਹਾਂ ਨੇ ਗਰਜ ਕੇ ਕਿਹਾ, "ਜਿਹੜਾ ਧਰਮ ਆਪਣੇ ਕਰੋੜਾਂ ਪੈਰੋਕਾਰਾਂ ਨੂੰ ਕੁੱਤਿਆਂ ਅਤੇ ਅਪਰਾਧੀਆਂ ਤੋਂ ਭੈੜਾ ਸਮਝਦਾ ਹੈ ਅਤੇ ਉਨ੍ਹਾਂ ਤੇ ਅਸਹਿ ਅਤਿਆਚਾਰ ਢਾਉਂਦਾ ਹੈ ਉਹ ਕਿਸੇ ਵੀ ਤਰ੍ਹਾਂ ਧਰਮ ਨਹੀਂ ਅਖਵਾਵੇਗਾ। ਅਜਿਹੀ ਅਨਿਆਂਪੂਰਵਕ ਵਿਵਸਥਾ ਨੂੰ ਧਰਮ ਕਦਾਚਿਤ ਨਹੀਂ ਕਿਹਾ ਜਾ ਸਕਦਾ। ਧਰਮ ਅਤੇ ਗ਼ੁਲਾਮੀ ਪਰਸਪਰ ਵਿਰੋਧੀ ਹਨ। ਦਲਿਤ ਮੁਕਤੀ ਅੰਦੋਲਨ ਨੂੰ ਪਰਿਭਾਸ਼ਤ ਕਰਦੇ ਹੋਏ ਡਾ. ਅੰਬੇਡਕਰ ਧਰਮ ਦੀ ਜੋ ਪਰਿਭਾਸ਼ਾ ਪੇਸ਼ ਕਰਦੇ ਹਨ ਉਸ ਅਨੁਸਾਰ ਹਿੰਦੂ ਧਰਮ ਦਾ ਅਛੂਤਾਂ ਪ੍ਰਤੀ ਜੋ ਰਵੱਈਆ ਹੈ ਉਹ ਉਸ ਨੂੰ ਧਰਮ ਤੋਂ ਥੱਲੇ ਖਿੱਚ ਕੇ ਸ਼ੈਤਾਨ ਦੇ ਨਾਲ ਲਿਆ ਬਿਠਾਉਂਦੀ ਹੈ। ਉਨ੍ਹਾਂ ਅਨੁਸਾਰ ਧਰਮ ਉਹ ਹੈ ਜੋ ਪਹਿਲਾਂ ਇਨਸਾਨ ਨੂੰ ਉਸ ਦੇ ਯਥਾਰਥਕ ਜੀਵਨ ਵਿੱਚ ਉੱਨਤੀ ਜਾਂ ਤਰੱਕੀ ਮੁਹੱਈਆ ਕਰਵਾਉਂਦਾ ਹੈ ਅਤੇ ਉਸ ਤੋਂ ਬਾਅਦ ਮੁਕਤੀ। ਹਰੇਕ ਮਨੁੱਖ ਦੇ ਯਥਾਰਥਕ ਜੀਵਨ ਲਈ ਉਨਤੀ ਮੁਹੱਈਆ ਕਰਵਾਉਣਾ ਹਰੇਕ ਧਰਮ ਦਾ ਸਭ ਤੋਂ ਪਹਿਲਾ ਵਿਸ਼ਵਾਸ ਦਾ ਆਧਾਰ ਹੈ। ਛੂਤਛਾਤ ਅਛੂਤਾਂ ਲਈ ਉਨਤੀ ਦੇ ਸਾਰੇ ਰਸਤੇ ਬੰਦ ਕਰ ਦਿੰਦੀ ਹੈ। ਇਹ ਅਛੂਤ ਨੂੰ ਅਜਿਹਾ ਕੋਈ ਅਵਸਰ ਪ੍ਰਦਾਨ ਨਹੀਂ ਕਰਦੀ ਜਿਥੇ ਉਹ ਸਮਾਜ ਵਿੱਚ ਸੀਨਾ ਤਾਣ ਕੇ ਚੱਲ ਸਕੇ। ਇਹ ਉਸ ਨੂੰ ਅੰਧੇਰ ਕੋਠੜੀਆਂ ਵਿੱਚ ਇਕੱਲਿਆਂ ਰਹਿਣ ਲਈ ਮਜਬੂਰ ਕਰਦੀ ਹੈ, ਇਹ ਉਸ ਨੂੰ ਪੜ੍ਹਨ ਤੋਂ ਵਾਂਝਿਆ ਰੱਖਦੀ ਹੈ ਅਤੇ ਉਸ ਨੂੰ ਆਪਣੀ ਮਨਪਸੰਦ ਦਾ ਕੰਮ-ਧੰਦਾ ਕਰਨ ਤੋਂ ਰੋਕਦੀ ਹੈ। ਅੰਬੇਡਕਰ ਅੱਗੇ ਕਹਿੰਦੇ ਹਨ ਕਿ ਮੌਤ ਜਾਂ ਮੁਕਤੀ ਤੋਂ ਬਾਅਦ ਸੰਸਾਰ ਕਿਸ ਨੇ ਦੇਖਿਆ ਹੈ? ਆਪਣੀ ਗੱਲ ਨੂੰ ਅੱਗੇ ਤੋਰਦੇ ਹੋਏ ਉਹ ਕਹਿੰਦੇ ਹਨ ਕਿ ਇਸ ਤੋਂ ਵੀ ਅੱਗੇ ਹਿੰਦੂ ਸ਼ਾਸਤਰ ਛਲ-ਕਪਟ ਤਹਿਤ ਇਹ ਪ੍ਰਚਾਰ ਕਰਦੇ ਹਨ ਕਿ ਅਗਰ ਸ਼ੂਦਰਾਂ ਨੂੰ ਮੁਕਤੀ ਮਿਲਣੀ ਹੈ ਤਾਂ ਉਹ ਉਨ੍ਹਾਂ ਤੋਂ ਉਚੇ ਤਿੰਨੋਂ ਵਰਨਾਂ ਦੀ ਸੇਵਾ ਕਰਨ ਨਾਲ। ਉਨ੍ਹਾਂ ਅਨੁਸਾਰ ਛੂਤਛਾਤ ਗ਼ੁਲਾਮੀ ਦਾ ਦੂਜਾ ਨਾਂ ਹੈ। ਕੋਈ ਕੌਮ ਵੀ ਆਪਣਾ ਸਵੈਮਾਣ ਗਵਾ ਕੇ ਉਨਤੀ ਨਹੀਂ ਕਰ ਸਕਦੀ। ਇਸ ਲਈ ਜੇ ਤੁਸੀਂ ਸੱਚੀ-ਮੁਚੀ ਅਛੂਤਾਂ ਦਾ ਉਧਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਨੂੰ ਆਪਣੇ ਸਮਾਜੀ ਢਾਂਚੇ ਵਿੱਚ ਆਜ਼ਾਦ ਨਾਗਰਿਕਾਂ ਦੀ ਤਰ੍ਹਾਂ ਉਨ੍ਹਾਂ ਨਾਲ ਪੇਸ਼ ਆਉਣਾ ਪਵੇਗਾ ਤਾਂ ਜੋ ਉਹ ਆਪਣੇ ਤਰੱਕੀ ਦੇ ਰਸਤੇ ਖੁਦ ਉਲੀਕ ਸਕਣ। ਛੂਤਛਾਤ ਨੇ ਅਛੂਤਾਂ ਨੂੰ, ਹਿੰਦੂਆਂ ਨੂੰ ਅਤੇ ਅੰਤ ਵਿੱਚ ਪੂਰੇ ਰਾਸ਼ਟਰ ਨੂੰ ਬਰਬਾਦ ਕਰ ਦਿੱਤਾ ਹੈ। ਦੱਬੇ ਕੁਚਲੇ ਲੋਕਾਂ ਦੀ ਤਰੱਕੀ ਵਿੱਚ ਹੀ ਰਾਸ਼ਟਰ ਦੀ ਤਰੱਕੀ ਹੈ''। ਇਸ ਸੰਦਰਭ ਵਿੱਚ ਦਲਿਤ ਮੁਕਤੀ ਅੰਦੋਲਨ ਨੂੰ ਰੱਖ ਕੇ ਉਸ ਦੀਆਂ ਬਹੁਪੱਖੀ ਡਾਇਮੈਂਸਨਜ਼ ਦਾ ਜਾਇਜ਼ਾ ਲੈਂਦੇ ਹੋਏ ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਇਹ ਅੰਦੋਲਨ ਸਿਰਫ਼ ਦਲਿਤ ਸਮਾਜ ਦੀ ਉਨਤੀ ਤਕ ਨਾ ਸੀਮਤ ਹੋ ਕੇ ਪੂਰੇ ਭਾਰਤੀ ਰਾਸ਼ਟਰ ਦੀ ਉਨਤੀ ਦੀ ਸਾਰ ਛੁਪਾਈ ਬੈਠਾ ਹੈ। ਇਸ ਲਈ ਦਲਿਤ ਮੁਕਤੀ ਅੰਦੋਲਨ ਦੇਸ਼ ਭਗਤੀ ਅੰਦੋਲਨ ਤੋਂ ਕਿਸੇ ਤਰ੍ਹਾਂ ਵੀ ਅਲੱਗ ਨਹੀਂ ਹੈ। ਅਗਰ ਹੁਣ ਤੱਕ ਹੋਈਆਂ ਸਾਰੀਆਂ ਸੰਸਦੀ ਅਤੇ ਸੂਬਾਈ ਵਿਧਾਨਕ ਚੋਣਾਂ ਵਿੱਚ ਪਈਆਂ ਹੋਈਆਂ ਵੋਟਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਆਜ਼ਾਦ ਭਾਰਤ ਦੀ ਲੋਕਤੰਤਰਿਕ ਚੋਣ ਪ੍ਰਣਾਲੀ ਵਿੱਚ ਸਭ ਤੋਂ ਜ਼ਿਆਦਾ ਸ਼ਿੱਦਤ ਨਾਲ ਹਿੱਸਾ ਲੈਣ ਵਾਲੀ ਅਗਰ ਕੋਈ ਧਿਰ ਹੈ ਤਾਂ ਉਹ ਹਨ ਦਲਿਤ ਜਿਨ੍ਹਾਂ ਨੂੰ ਡਾ. ਅੰਬੇਡਕਰ ਨੇ ਸੰਸਦੀ ਲੋਕਤੰਤਰ ਦੀ ਗੁੜ੍ਹਤੀ ਦਿੱਤੀ ਹੋਈ ਹੈ।

ਮਹਾਡ ਅੰਦੋਲਨ ਨੂੰ ਦੂਸਰੀ ਵਾਰ ਸ਼ੁਰੂ ਕਰਨ ਤੋਂ ਪਹਿਲਾਂ ਡਾ. ਅੰਬੇਡਕਰ ਨੇ ਅਛੂਤ ਨੌਜਵਾਨਾਂ ਨੂੰ ਦਲਿਤ ਮੁਕਤੀ ਅੰਦੋਲਨ ਵਾਸਤੇ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਸੰਦਰਭ ਵਿੱਚ ਉਨ੍ਹਾਂ ਨੇ 2 ਅਕਤੂਬਰ 1927 ਨੂੰ ਪੂਨਾ ਵਿਖੇ ਅਛੂਤ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀਆਂ ਪ੍ਰਤੀ ਜਾਣੂ ਕਰਵਾਇਆ। ਉਹ ਪੂਨੇ ਡਿਪਰੈਸਡ ਕਲਾਸਿਜ਼ ਸਟੂਡੈਂਟਸ ਕਾਨਫਰੰਸ ਦੀ ਪ੍ਰਧਾਨਗੀ ਕਰਨ ਗਏ ਸਨ ਜਿਸ ਦਾ ਮੰਤਵ ਸੀ ਪੱਛੜੇ ਵਰਗ ਦੀਆਂ ਬੁੱਧੀਜੀਵੀ ਸ਼ਕਤੀਆਂ ਨੂੰ ਇੱਕਠੇ ਕਰਕੇ ਡਾ. ਅੰਬੇਡਕਰ ਦੀ ਵਿਚਾਰਧਾਰਾ ਅਤੇ ਸ਼ਖ਼ਸੀਅਤ ਨਾਲ ਤੁਆਰਫ਼ ਕਰਾਉਣਾ। ਇਹ ਕਾਨਫਰੰਸ ਬਹੁਤ ਹੀ ਉਤਸ਼ਾਹ ਨਾਲ ਆਯੋਜਿਤ ਕੀਤੀ ਗਈ ਸੀ ਅਤੇ ਇਸ ਦੇ ਪੰਡਾਲ ਨੂੰ ਬਹੁਤ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ। ਇਸ ਕਾਨਫਰੰਸ ਵਿੱਚ ਲੋਕਮਾਨਯ ਤਿਲਕ ਦੇ ਪੁੱਤਰ ਸ਼੍ਰੀਧਰਪੰਥ ਤਿਲਕ, ਜੋ ਕਿ ਡਾ. ਅੰਬੇਡਕਰ ਦੇ ਮਿਤਰ ਅਤੇ ਪ੍ਰਸ਼ੰਸਕ ਸਨ ਅਤੇ ਇਕ ਨਾਮੀ ਸਮਾਜ ਸੁਧਾਰਕ ਵੀ ਸਨ, ਨੇ ਵੀ ਸ਼ਿਰਕਤ ਕੀਤੀ ਸੀ। ਇਸ ਕਾਨਫਰੰਸ ਵਿੱਚ ਉਨ੍ਹਾਂ ਨੇ ਪੱਛੜੇ ਵਰਗ ਦੀਆਂ ਔਰਤਾਂ ਨੂੰ ਵੀ ਆਪਣਾ ਬਣਦਾ-ਸਰਦਾ ਯੋਗਦਾਨ ਪਾਉਣ ਦੀ ਗੱਲ ਕਹੀ। ਜਿਉਂ ਹੀ ਮਹਾਡ ਅੰਦੋਲਨ ਨਾਲ ਸੰਬੰਧਤ ਸੰਭਾਵੀ ਕਾਨਫਰੰਸ ਦੀ ਤਰੀਕ ਨਜ਼ਦੀਕ ਆਉਣ ਲੱਗੀ ਉਸ ਬਾਰੇ ਹਲਚਲ ਹੋਣੀ ਸ਼ੁਰੂ ਹੋ ਗਈ। ਇਸ ਅੰਦੋਲਨ ਦੇ ਵਿਰੋਧੀਆਂ ਨਵੰਬਰ 27, 1927 ਨੂੰ ਵੀਰੇਸ਼ਵਰ ਮੰਦਰ ਵਿਖੇ ਇਕ ਮੀਟਿੰਗ ਕਰਕੇ ਇਸ ਕਾਨਫਰੰਸ ਨੂੰ ਫੇਲ੍ਹ ਕਰਨ ਦੀ ਤਰਕੀਬ ਬਣਾਉਣੀ ਚਾਹੀ, ਜੋ ਪੱਛੜੀਆਂ ਸ਼੍ਰੇਣੀਆਂ ਦੇ ਹਿਮਾਇਤੀਆਂ ਦੇ ਉਸ ਮੀਟਿੰਗ ਵਿੱਚ ਹਾਜ਼ਰ ਹੋਣ ਕਾਰਨ, ਸਿਰੇ ਨਾ ਚੜ੍ਹ ਸਕੀ। ਦਸੰਬਰ 7, 1927 ਨੂੰ ਜ਼ਿਲ੍ਹਾ ਮੈਜਿਸਟਰੇਟ ਨੇ ਮਹਾਡ ਦਾ ਦੌਰਾ ਕੀਤਾ ਅਤੇ ਦੋਨਾਂ ਧਿਰਾਂ ਦੇ ਪਤਵੰਤਿਆਂ ਨਾਲ ਸੰਭਾਵੀ ਅੰਦੋਲਨ ਬਾਰੇ ਵਿਚਾਰ ਵਟਾਂਦਰਾ ਕੀਤਾ। ਉਸ ਨੇ ਸਵਰਨ ਹਿੰਦੂਆਂ ਨੂੰ ਕਾਨੂੰਨ ਦੀ ਲੜਾਈ ਲੜਨ ਲਈ ਕਿਹਾ ਅਤੇ ਅਜਿਹਾ ਕੋਈ ਹੁਕਮ ਲਗਾਉਣ ਤੋਂ ਨਾਂਹ ਕਰ ਦਿਤੀ। ਜਿਸ ਤਹਿਤ ਅਛੂਤਾਂ ਨੂੰ ਚੋਦਾਰ ਤਲਾਬ ਤੋਂ ਪਾਣੀ ਲੈਣ ਦੀ ਮਨਾਹੀ ਹੋਵੇ। ਜਿਲ੍ਹਾ ਮੈਜਿਸਟਰੇਟ ਦੀ ਰਾਏ ਤੇ ਚਲਦੇ ਹੋਏ ਹਿੰਦੂ ਕੱਟੜਵਾਦੀ ਧੜੇ ਨੇ ਦਸੰਬਰ 12, 1927 ਨੂੰ ਮਹਾੜ ਦੀ ਦੀਵਾਨੀ ਅਦਾਲਤ ਵਿੱਚ ਅੰਬੇਡਕਰ, ਸ਼ਿਵਤਾਰਕਰ, ਕ੍ਰਿਸ਼ਨਾ ਜੀ, ਐਸ. ਕਦਮ, ਮਹਾਡ ਦੇ ਗਨਿਆ, ਮਾਲੂ, ਚੰਭਰ ਵਿਰੁੱਧ ਦਾਅਵਾ ਦਰਜ ਕਰ ਦਿੱਤਾ ਜਿਸ ਤੇ ਅਦਾਲਤ ਨੇ ਦਸੰਬਰ 11, 1927 ਤਕ ਫੈਸਲਾ ਰੋਕਣ ਦਾ ਹੁਕਮ ਜਾਰੀ ਕਰ ਦਿੱਤਾ। ਮਹਾਡ ਅੰਦੋਲਨ ਦੀ ਪਹਿਲੀ ਕਾਨਫਰੰਸ ਦੀ ਤਰ੍ਹਾਂ ਇਸ ਵਾਰੀ ਵੀ ਕਾਨਫਰੰਸ ਦੀ ਤਿਆਰੀ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲਾਂ ਦੀ ਤਰ੍ਹਾਂ ਇਸ ਵਾਰੀ ਵੀ ਪੰਡਾਲ ਲਈ ਜ਼ਮੀਨ ਇਕ ਮੁਸਲਮਾਨ ਤੋਂ ਪ੍ਰਾਪਤ ਕਰਨੀ ਪਈ। ਡਾ. ਅੰਬੇਡਕਰ ਮਹਾਡ ਪਹੁੰਚਣ ਲਈ 200 ਡੈਲੀਗੇਟਾਂ ਸਮੇਤ ਇਕ ਦਿਨ ਪਹਿਲਾਂ 24 ਦਸੰਬਰ 1927 ਨੂੰ ਬੰਬਈ ਤੋਂ ਚੱਲੇ। ਉਹ ਦੂਸਰੇ ਦਿਨ ਦੁਪਿਹਰ ਨੂੰ ਦਾਸਗਾਓਂ ਜੋ ਮਹਾਡ ਤੋਂ ਪੰਜ ਮੀਲ ਤੇ ਸੀ ਪਹੁੰਚੇ। ਜਿਥੇ ਉਨ੍ਹਾਂ ਨੂੰ ਜਿਲ੍ਹਾ ਮੈਜਿਸਟਰੇਟ ਨੂੰ ਮਿਲਣਾ ਪਿਆ ਅਤੇ ਉਨ੍ਹਾਂ ਨੇ ਗੱਲਬਾਤ ਦੌਰਾਨ ਆਪਣੇ ਮੋਰਚੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਸਮੇਂ ਦੌਰਾਨ ਦਾਸਗਾਓਂ 3000 ਹਜ਼ਾਰ ਸਤਿਆਗ੍ਰਹਿਆ ਦਾ ਇੱਕਠ, ਜੋ ਆਪਣੇ ਨੇਤਾ ਦੀ ਉਡੀਕ ਵਿੱਚ ਸੀ, ਉਨ੍ਹਾਂ ਨੂੰ ਮਿਲਣ ਉਪਰੰਤ ਮਹਾਡ ਪਹੁੰਚ ਗਿਆ। ਜਲੂਸ ਦੀ ਹਿਫ਼ਾਜ਼ਤ ਲਈ ਪੁਲਿਸ ਵਾਲੇ ਨਾਲ ਸਨ। ਕਾਨਫਰੰਸ ਦੀ ਕਾਰਵਾਈ ਸ਼ਾਮ ਨੂੰ ਸਾਢੇ ਚਾਰ ਵਜੇ ਸ਼ੁਰੂ ਹੋਈ। ਡਾ. ਅੰਬੇਡਕਰ ਨੇ ਆਪਣਾ ਭਾਸ਼ਣ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਸ਼ੁਰੂ ਕੀਤਾ। ਉਨ੍ਹਾਂ ਨੇ ਕਿਹਾ, ''ਮੈਂ ਸ਼ੁਰੂ ਵਿੱਚ ਹੀ ਉਨ੍ਹਾਂ ਸਾਰਿਆਂ ਨੂੰ ਜੋ ਸਾਡਾ ਵਿਰੋਧ ਕਰਦੇ ਹਨ, ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਚੋਦਾਰ ਤਲਾਬ ਦਾ ਪਾਣੀ ਨਾ ਪੀਣ ਤੇ ਮਰਦੇ ਨਹੀਂ। ਅਸੀਂ ਹੁਣ ਚੋਦਾਰ ਤਲਾਬ ਤੇ ਜਾ ਕੇ ਇਹ ਸਾਬਤ ਕਰਨਾ ਚਾਹੁੰਦੇ ਹਾਂ ਕਿ ਬਾਕੀ ਇਨਸਾਨਾਂ ਦੀ ਤਰ੍ਹਾਂ ਅਸੀਂ ਵੀ ਇਨਸਾਨ ਹਾਂ''। ਡਾ. ਅੰਬੇਡਕਰ ਦੇ ਇਨ੍ਹਾਂ ਸੰਖੇਪ ਸ਼ਬਦਾਂ ਨੇ ਮਹਾਡ ਅੰਦੋਲਨ ਦੀ ਸਾਰਥਕਤਾ ਨੂੰ ਦਰਸਾਉਂਦੇ ਹੋਏ ਦਲਿਤ ਮੁਕਤੀ ਅੰਦੋਲਨ ਨੂੰ ਦਲਿਤਾਂ ਦੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਅੰਦੋਲਨ ਦਾ ਨਾਂ ਦਿੱਤਾ''। ਉਨ੍ਹਾਂ ਨੇ ਆਪਣੀ ਗੱਲ ਨੂੰ ਜਾਰੀ ਰੱਖਦੇ ਹੋਏ ਕਿਹਾ ਕਿ ਇਹ ਕਾਨਫਰੰਸ ਕਰਨ ਦਾ ਮਤਲਬ ਹੈ ਬਰਾਬਰਤਾ ਦੇ ਯੁੱਗ ਦੀ ਸ਼ੁਰੂਆਤ। ਉਨ੍ਹਾਂ ਨੇ ਦਲਿਤ ਮੁਕਤੀ ਅੰਦੋਲਨ ਨੂੰ ਮਨੁੱਖੀ ਅਧਿਕਾਰਾਂ ਦੇ ਅੰਦੋਲਨ ਵਿੱਚ ਪਰਿਵਰਤਿਤ ਕਰਦੇ ਹੋਏ ਜੋਰ ਦੇ ਕੇ ਕਿਹਾ, ''ਸਿਰਫ ਛੂਤਛਾਤ ਦਾ ਖਾਤਮਾ ਅਤੇ ਅੰਤਰਜਾਤੀ ਭੋਜ ਸਾਡੀਆਂ ਅਲਾਮਤਾਂ ਦਾ ਪਤਨ ਨਹੀਂ ਕਰ ਸਕਦੇ। ਨੌਕਰੀਆਂ ਦੇ ਸਾਰੇ ਅਦਾਰੇ ਜਿਵੇਂ ਕਿ ਅਦਾਲਤਾਂ, ਫ਼ੌਜ, ਪੁਲਿਸ ਅਤੇ ਵਪਾਰ ਸਾਡੇ ਵਾਸਤੇ ਖੁਲ੍ਹਣੇ ਚਾਹੀਦੇ ਹਨ''। ਆਪਣੇ ਭਾਸ਼ਣ ਨੂੰ ਸਮੇਟਦੇ ਹੋਏ ਉਨ੍ਹਾਂ ਕਿਹਾ, ''ਹਿੰਦੂ ਸਮਾਜ ਨੂੰ ਜਿਨ੍ਹਾਂ ਦੋ ਮੁੱਖ ਸਿਧਾਂਤਾਂ ਤੇ ਦੁਬਾਰਾ ਸੰਗਠਤ ਕਰਨਾ ਹੋਵੇਗਾ ਉਹ ਹਨ: ਸਮਾਨਤਾ ਅਤੇ ਜਾਤਪਾਤ ਦੀ ਅਣਹੋਂਦ''। ਮਹਾਡ ਕਾਨਫਰੰਸ ਵਿੱਚ ਚਾਰ ਮਤੇ ਪਾਸ ਕੀਤੇ ਗਏ। ਇਹ ਮਤੇ ਇਸ ਤਰ੍ਹਾਂ ਸਨ: ਮਨੁੱਖੀ ਅਧਿਕਾਰਾਂ ਦਾ ਐਲਾਨ; ਮਨੂੰ ਸਿਮਰਤੀ ਨੂੰ ਜਲਾਉਣ ਦਾ ਫੈਸਲਾ; ਹਿੰਦੂ ਸਮਾਜ ਨੂੰ ਇੱਕ ਸ਼੍ਰੇਣੀ ਵਿੱਚ ਢਾਲਣਾ; ਅਤੇ ਮੌਜੂਦਾ ਪ੍ਰੋਹਤ ਕਿੱਤੇ ਨੂੰ ਜਮਹੂਰੀ ਪ੍ਰਣਾਲੀ ਵਿੱਚ ਬਦਲਣਾ। ਇਹ ਚਾਰੋ ਮਤੇ ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀ ਸਾਫ਼-ਸਾਫ਼ ਸ਼ਬਦਾਂ ਵਿੱਚ ਤਰਜਮਾਨੀ ਕਰਦੇ ਪ੍ਰਤੀਤ ਹੁੰਦੇ ਹਨ। ਇਹ ਮਤੇ ਭਾਰਤੀ ਸਮਾਜ ਵਿੱਚ ਸਮਾਜਿਕ ਬਰਾਬਰਤਾ ਨੂੰ ਕਾਇਮ ਕਰਨ ਅਤੇ ਅਨਿਆਏ ਦੇ ਪਤਨ ਦੇ ਲਈ ਗਰੰਟੀ ਹਨ। ਡਾ. ਅੰਬੇਡਕਰ ਨੇ ਇਸ ਅੰਦੋਲਨ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਕਿਹਾ, ''ਇਹ ਅੰਦੋਲਨ ਆਪਣੇ ਖ਼ਿਲਾਫ ਹੋ ਰਹੇ ਭੇਦ-ਭਾਵ ਨੂੰ ਖ਼ਤਮ ਕਰਨ ਦੇ ਲਈ ਹੀ ਨਹੀਂ, ਇਹ ਇੱਕ ਸਮਾਜਿਕ ਕ੍ਰਾਂਤੀ ਲਈ ਵੀ ਹੈ। ਵਰਤਮਾਨ ਜਾਤ-ਪਾਤ ਵਿਵਸਥਾ ਸਾਡੇ ਰਾਸ਼ਟਰ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਸਾਡਾ ਅੰਦੋਲਨ ਸ਼ਕਤੀ ਅਤੇ ਭਾਈਚਾਰੇ ਦੇ ਲਈ ਹੈ। ਅਸੀਂ ਉਨ੍ਹਾਂ ਸ਼ਾਸਤਰਾਂ ਅਤੇ ਸਿਮਰਤੀਆਂ ਦੁਆਰਾ ਨਿਯੰਤਰਿਤ ਹੋਣ ਅਤੇ ਬੰਨ੍ਹੇ ਜਾਣ ਤੋਂ ਇਨਕਾਰ ਕਰਦੇ ਹਾਂ ਜੋ ਕਾਲੇ ਕਾਨੂੰਨ ਅੰਧਕਾਰਮਈ ਅਤੇ ਅਗਿਆਨੀ ਯੁੱਗਾਂ ਵਿੱਚ ਤਿਆਰ ਕੀਤੇ ਗਏ ਸਨ। ਸਾਡੀ ਸਫ਼ਲਤਾ ਦੇਸ਼ ਦੀ ਮਹਾਨ ਸੇਵਾ ਹੋਵੇਗੀ''। ਮਨੁੱਖੀ ਅਧਿਕਾਰਾਂ ਦੀ ਘੋਸ਼ਣਾ ਬਾਰੇ ਪਾਸ ਕੀਤੇ ਗਏ ਮਤੇ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਸਾਰੇ ਇਨਸਾਨ ਪੈਦਾਇਸ਼ੀ ਤੌਰ ਤੇ ਬਰਾਬਰ ਹਨ ਅਤੇ ਉਹ ਮਰਨ ਤੱਕ ਇਸ ਤਰ੍ਹਾਂ ਹੀ ਰਹਿੰਦੇ ਹਨ। ਇਸ ਕਾਨਫਰੰਸ ਵਿੱਚ ਉਨ੍ਹਾਂ ਸਾਰੀਆਂ ਪ੍ਰਾਚੀਨ ਅਤੇ ਵਰਤਮਾਨ ਹਿੰਦੂ ਧਾਰਮਿਕ ਲਿਖਤਾਂ ਨੂੰ ਰੱਦ ਕੀਤਾ ਗਿਆ ਜੋ ਸਮਾਜਿਕ ਅਸਮਾਨਤਾਂ ਦੇ ਸਿਧਾਂਤ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਇਹ ਪ੍ਰਸਤਾਵ ਸ਼ਿਵਤਾਰਕਰ ਨੇ ਪੇਸ਼ ਕੀਤਾ ਸੀ ਅਤੇ ਜਿਸਦੀ ਹਮਾਇਤ ਬੀ.ਕੇ. ਗਾਇਕਵਾੜ, ਐਨ.ਟੀ. ਜਾਦਵ ਅਤੇ ਸ਼੍ਰੀਮਤੀ ਗੰਗੂਬਾਈ ਸਾਵੰਤ ਨੇ ਕੀਤੀ ਸੀ। ਮਨੂੰ ਸਿਮਰਤੀ ਨੂੰ ਜਲਾਉਣ ਦੇ ਪ੍ਰਸਤਾਵ ਨੂੰ ਚਿਤਪਾਵਨ ਬ੍ਰਾਹਮਣ ਵਿਦਵਾਨ ਸਹਸਤਬੁੱਧੇ ਨੇ ਪੇਸ਼ ਕੀਤਾ ਸੀ ਜੋ ਕਿ ਅੰਬੇਡਕਰ ਨਾਲ ਕਾਫ਼ੀ ਸਾਲਾਂ ਤੋਂ ਜੁੜੇ ਹੋਏ ਸਨ। ਐਸ.ਐਨ. ਟਿਪਨਸ ਦਾ ਮੰਨਣਾ ਹੈ ਅਗਰ ਸਹਸਤ੍ਰਬੁੱਧੇ ਮਨੂੰ ਸਿਮਰਤੀ ਨੂੰ ਜਲਾਉਣ ਦੀ ਗੱਲ ਨਾ ਕਰਦੇ ਤਾਂ ਅੰਬੇਡਕਰ ਨੇ ਇਸਨੂੰ ਨਹੀਂ ਜਲਾਉਣਾ ਸੀ। ਸਹਸਤ੍ਰਬੁੱਧੇ ਨੇ ਕਿਹਾ ਮਨੂੰ ਸਿਮਰਤੀ ਅਸਮਾਨਤਾ, ਤਸ਼ੱਦਦ ਅਤੇ ਅਨਿਆਏ ਦੇ ਚਿੰਨ੍ਹ ਹਨ, ਖਾਸ ਕਰਕੇ ਪਿੱਛੜੇ ਵਰਗ ਦੇ ਨਜ਼ਰੀਏ ਤੋਂ।

25 ਦਸੰਬਰ 1927 ਦੀ ਰਾਤ ਨੂੰ ਨੌਂ ਬਜੇ ਪੰਡਾਲ ਦੇ ਸਾਹਮਣੇ ਇੱਕ ਵਿਸ਼ੇਸ਼ ਟੋਏ ਵਿੱਚ ਮਨੂੰ ਸਿਮਰਤੀ ਨੂੰ ਸਾੜਿਆ ਗਿਆ। ਧਨੰਜੇ ਕੀਰ ਨੇ ਇਸ ਘਟਨਾ ਬਾਰੇ ਟਿੱਪਣੀ ਕਰਦਿਆ ਕਿਹਾ ਪ੍ਰੋਹਤਸ਼ਾਹੀ ਦੇ ਪੜਛੇ ਉਡਾਉਣ ਵਾਲੇ ਜਰਮਨ ਦੇ ਮਾਰਟਨ ਲੂਥਰ ਤੋਂ ਪਿੱਛੋਂ ਰੂੜੀਵਾਦੀਆਂ ਅਤੇ ਰੀਤੀ-ਰਿਵਾਜਾਂ ਦੇ ਗੁਲਾਮੀ ਵਿਰੁੱਧ ਇਹ ਕਮਰ ਤੋੜ ਹਮਲਾ ਸੀ। ਉਸ ਅਨੁਸਾਰ 25 ਦਸੰਬਰ 1927 ਦਾ ਦਿਨ ਭਾਰਤ ਦੇ ਇਤਿਹਾਸ ਵਿੱਚ ਸਦਾ ਯਾਦ ਰਹਿਣ ਵਾਲਾ ਦਿਨ ਹੈ, ਕਿਉਂਕਿ ਇਸ ਦਿਨ ਅੰਬੇਡਕਰ ਨੇ ਮਨੂੰ ਸਿਮਰਤੀ ਸਾੜੀ ਸੀ ਅਤੇ ਇਸਦੀ ਥਾਂ ਨਵਾਂ ਧਰਮ ਸ਼ਾਸਤਰ ਬਣਾਉਣ ਦੀ ਮੰਗ ਕੀਤੀ ਸੀ, ਜਿਸ ਦੁਆਰਾ ਹਿੰਦ ਵਿਧਾਨ ਨੂੰ ਦੁਬਾਰਾ ਚਿਤਰਿਆ ਜਾਵੇ ਜਿਹੜਾ ਕਿ ਵਿਸ਼ਾਲ ਲੋਕਾਂ ਦੇ ਜੀਵਨ ਨੂੰ ਗਵਰਨ (ਚਲਾਉਂਦਾ) ਕਰਦਾ ਹੈ। ਐਲੈਨੌਰ ਜੇਲੀਅਤ ਅਨੁਸਾਰ ਮਨੂੰ ਸਿਮਰਤੀ ਨੂੰ ਸਾੜਨਾ ਇੱਕ ਕ੍ਰਾਂਤੀਕਾਰੀ ਕਦਮ ਸੀ ਜਿਸਨੂੰ ਯਾਦ ਕਰਕੇ ਅੱਜ ਵੀ ਸਵਰਨ ਹਿੰਦੂ ਬੁਰਾ ਮੰਨਦੇ ਹਨ।

ਅਗਲੇ ਦਿਨ ਕਾਨਫਰੰਸ ਨੇ ਆਪਣੀ ਕਾਰਵਾਈ ਫੇਰ ਸ਼ੁਰੂ ਕੀਤੀ। ਇਹ ਦਿਨ ਬੜਾ ਚੁਣੌਤੀ ਭਰਿਆ ਸੀ। ਇੱਕ ਪਾਸੇ ਸੱਤਿਆਗ੍ਰਹ ਅੰਦੋਲਨ ਦਾ ਸਵਾਲ ਸੀ ਅਤੇ ਦੂਜੇ ਪਾਸੇ ਕਾਨੂੰਨੀ ਵਿਵਸਥਾ ਦੀ ਉਲੰਘਣਾ ਕਰਕੇ ਅਮਨ ਦੇ ਉੱਲਟ ਇਸ ਅੰਦੋਲਨ ਦਾ ਸ਼ੁਰੂ ਕਰਨ ਦਾ ਸਵਾਲ। ਪਰ ਮੁੱਖ ਸਵਾਲ ਤਾਂ ਆਖ਼ਰਕਾਰ ਸਵੈਮਾਣ ਅਤੇ ਪੱਛੜੇ ਵਰਗ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਦਾ ਸੀ। ਡਾ. ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਦੀ ਵਿਚਾਰਧਾਰਾ ਅਨੁਸਾਰ ਸਵੈਮਾਣ ਅਤੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਅਗਰ ਲੋਕਤੰਤਰਿਕ ਅਤੇ ਸੰਵਿਧਾਨਿਕ ਤੌਰ-ਤਰੀਕਿਆਂ ਨਾਲ ਹੁੰਦੀ ਹੈ ਤਦ ਹੀ ਉਹ ਸਦੀਵੀਂ ਤੌਰ ਤੇ ਆਪਣੇ ਆਪ ਨੂੰ ਬਰਕਰਾਰ ਰੱਖ ਪਾਵੇਗੀ। ਇਸ ਸੰਦਰਭ ਵਿੱਚ ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਜੱਦੋਜਹਿਦ ਦੀ ਮਹੱਤਤਾ ਤੇ ਜੋਰ ਦੇਣ ਦੇ ਨਾਲ-ਨਾਲ ਇਸ ਗੱਲ ਤੇ ਵੀ ਜੋਰ ਦਿੱਤਾ ਕਿ ਕੋਈ ਵੀ ਸੱਤਿਆਗ੍ਰਹੀ ਮਹਾਡ ਅੰਦੋਲਨ ਵਿੱਚ ਆਪਣੇ ਹੱਥ ਵਿੱਚ ਲਾਠੀ ਨਾ ਲੈ ਕੇ ਸ਼ਾਮਿਲ ਹੋਵੇ ਅਤੇ ਹਰ ਕੋਈ ਅਨੁਸ਼ਾਸਨ ਨੂੰ ਬਣਾਏ ਰੱਖਣ ਵਿੱਚ ਪੂਰਾ ਯੋਗਦਾਨ ਪਾਵੇ। ਮਹਾਡ ਅੰਦੋਲਨ ਦੇ ਮੋਰਚੇ ਬਾਰੇ ਜ਼ਿਲ੍ਹਾ ਮੈਜਿਸਟਰੇਟ ਨੇ ਆਪਣੀ ਰਾਏ ਦਿੰਦੇ ਹੋਏ ਕਿਹਾ ਕਿ ''ਬੰਬਈ ਵਿਧਾਨ ਪ੍ਰੀਸ਼ਦ ਦੇ ਮਤੇ ਅਨੁਸਾਰ ਤਲਾਬ, ਸਕੂਲ ਅਤੇ ਸੜਕਾਂ ਆਦਿ ਸਭ ਸਰਬਜਨਕ ਸੰਸਥਾਵਾਂ ਅਤੇ ਸਥਾਨ ਹਰ ਇੱਕ ਲਈ ਖੁੱਲੇ ਹਨ। ਪਰ 12 ਪੁਰਸ਼ਾਂ ਨੇ ਅਦਾਲਤ ਵਿੱਚ ਕੇਸ ਦਰਜ ਕੀਤਾ ਹੈ ਕਿ ਤਲਾਬ ਇੱਕ ਨਿੱਜੀ ਜਾਇਦਾਦ ਹੈ। ਇਸ ਲਈ ਤੁਹਾਨੂੰ ਅਦਾਲਤ ਦੇ ਫੈਸਲੇ ਦੀ ਉਡੀਕ ਕਰਨੀ ਚਾਹੀਦੀ ਹੈ। ਤੁਸੀਂ ਜਾਣਦੇ ਹੀ ਹੋ ਕਿ ਪਿਛਲੀ ਵਾਰੀ ਜਿਨ੍ਹਾਂ ਨੇ ਤੁਹਾਡੇ ਉੱਪਰ ਹਮਲਾ ਕੀਤਾ ਸੀ ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਚੁੱਕੀ ਹੈ ਜੇਕਰ ਤੁਸੀਂ ਕਾਨੂੰਨ ਨੂੰ ਆਪਣੇ ਹੱਥ ਵਿੱਚ ਲਉਗੇ ਤੁਹਾਡੇ ਤੇ ਵੀ ਅਜਿਹਾ ਕੁਝ ਲਾਗੂ ਹੋਵੇਗਾ। ਇੱਕ ਮਿੱਤਰ ਦੇ ਤੌਰ ਤੇ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਇਸ ਮੁੱਦੇ ਨੂੰ ਤਦ ਤੱਕ ਨਾ ਉਠਾਓ ਜਦ ਤੱਕ ਅਦਾਲਤ ਫੈਸਲਾ ਨਹੀਂ ਸੁਣਾ ਦਿੰਦੀ''। ਗ਼ੈਰ ਬ੍ਰਾਹਮਣ ਨੇਤਾ ਜਵੱਲਕਰ ਨੇ ਸੱਤਿਆਗ੍ਰਹਿ ਦੀ ਪੁਸ਼ਟੀ ਕੀਤੀ ਪਰੰਤੂ ਉਸਨੇ ਵੀ ਇਸ ਨੂੰ ਅੱਗੇ ਪਾਉਣ ਦੀ ਰਾਏ ਦਿੱਤੀ। ਕਾਨੂੰਨ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਾਨਫਰੰਸ ਦੇ ਪਤਵੰਤੇ ਸੱਜਣਾਂ ਨੇ ਅਖੀਰ ਸੱਤਿਆਗ੍ਰਹਿ ਅੰਦੋਲਨ ਨੂੰ ਤਦ ਤੱਕ ਅੱਗੇ ਪਾਉਣ ਦਾ ਫ਼ੈਸਲਾ ਲੈ ਲਿਆ ਜਦ ਤੱਕ ਅਦਾਲਤ ਦਾ ਫੈਸਲਾ ਨਹੀਂ ਆਉਂਦਾ। ਇਸਦੇ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਜਲੂਸ ਤਲਾਬ ਤੋਂ ਚੱਕਰ ਲਗਾ ਕੇ ਆਵੇਗਾ ਅਤੇ ਅੰਦੋਲਨ ਨੂੰ ਅਦਾਲਤ ਦਾ ਫੈਸਲਾ ਹੋਣ ਤੱਕ ਨਹੀਂ ਚਲਾਇਆ ਜਾਵੇਗਾ। ਇਹ ਫੈਸਲਾ ਜ਼ਿਲ੍ਹਾ ਮੈਜਿਸਟਰੇਟ ਨੂੰ ਵੀ ਦੱਸਿਆ ਗਿਆ। 27 ਦਸੰਬਰ 1927 ਦੀ ਸਵੇਰ ਨੂੰ ਅੰਬੇਡਕਰ ਨੇ ਇਸ ਫੈਸਲੇ ਬਾਰੇ ਪੰਡਾਲ ਵਿੱਚ ਪਹੁੰਚੇ ਸੱਤਿਆਗ੍ਰਹੀਆਂ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਦੱਸਦੇ ਹੋਏ ਕਿਹਾ, ''ਤੁਸੀਂ ਚੰਗੀ ਤਰ੍ਹਾਂ ਜਾਣਦੇ ਹੀ ਹੋ ਕਿ ਗਾਂਧੀ ਵੱਲੋਂ ਸ਼ੁਰੂ ਕੀਤੀ ਸੱਤਿਆਗ੍ਰਹਿ ਲਹਿਰ ਨੂੰ ਲੋਕਾਂ ਦੀ ਸਹਾਨਭੂਤੀ ਪ੍ਰਾਪਤ ਹੈ। ਕਿਉਂਕਿ ਇਹ ਲਹਿਰ ਵਿਦੇਸ਼ੀ ਰਾਜ ਦੇ ਵਿਰੋਧ ਵਿੱਚ ਹੈ। ਸਾਡਾ ਅੰਦੋਲਨ ਸਵਰਨ ਹਿੰਦੂਆਂ ਦੇ ਵਿਰੁੱਧ ਹੈ ਅਤੇ ਸੁਭਾਵਿਕ ਹੀ ਸਾਨੂੰ ਬਾਹਰੋਂ ਕੋਈ ਮਦਦ ਨਹੀਂ ਮਿਲ ਰਹੀ। ਇਨ੍ਹਾਂ ਤੱਥਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਾਨੂੰ ਮੌਕੇ ਦੀ ਸਰਕਾਰ ਨੂੰ ਨਾਰਾਜ਼ ਨਹੀਂ ਕਰਨਾ ਚਾਹੀਦਾ ਤਾਂ ਕਿ ਇਹ ਸਾਡੇ ਵਿਰੋਧੀਆਂ ਦੇ ਹੱਕ ਵਿੱਚ ਨਾ ਹੋ ਜਾਵੇ। ਇਹ ਸਾਡੇ ਵਾਸਤੇ ਕਿਸੇ ਵੀ ਤਰ੍ਹਾਂ ਸਾਡੇ ਫਾਇਦੇ ਲਈ ਨਹੀਂ ਹੋਵੇਗਾ'' ਉਨ੍ਹਾਂ ਨੇ ਆਪਣੇ ਭਾਸ਼ਨ ਵਿੱਚ ਇਹ ਵੀ ਕਿਹਾ "ਤੁਸੀਂ ਬਹਾਦਰ ਲੋਕ ਹੋ। ਜੋ ਲੋਕ ਆਪਣੇ ਅਧਿਕਾਰਾਂ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਹਨ ਉਹੀ ਉੱਨਤੀ ਕਰਦੇ ਹਨ। ਤੁਸੀਂ ਇਹ ਨਾ ਖਿਆਲ ਕਰੋ ਕਿ ਫੈਸਲਾ ਮੁਲਤਵੀ ਕਰਕੇ ਤੁਸੀਂ ਕੋਈ ਨੀਵੇਂ ਹੋਣ ਵਾਲਾ ਕੰਮ ਕਰ ਰਹੇ ਹੋ। ...ਇਸ ਮੋਰਚੇ ਦੇ ਮੁਲਤਵੀ ਕੀਤੇ ਜਾਣ ਦਾ ਇਹ ਭਾਵ ਕਦਾਚਿਤ ਨਹੀਂ ਹੈ ਕਿ ਅਸੀਂ ਜੱਦੋ ਜਹਿਦ ਛੱਡ ਦਿੱਤੀ ਹੈ। ਘੋਲ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਅਸੀਂ ਚੋਦਾਰ ਤਲਾਬ 'ਤੇ ਆਪਣਾ ਅਧਿਕਾਰ ਨਹੀਂ ਜਿਤਲਾ ਲੈਂਦੇ'' ਅੰਦੋਲਨਕਾਰੀਆਂ ਨੇ ਭਾਵੇਂ ਇਸ ਫੈਸਲੇ 'ਤੇ ਹੈਰਾਨੀ ਦਿਖਾਈ ਪਰੰਤੂ ਉਨ੍ਹਾਂ ਨੇ ਆਪਣੇ ਆਗੂ ਦੀ ਹਿਦਾਇਤ ਤੇ ਚੱਲਣਾ ਠੀਕ ਸਮਝਿਆ। ਮੋਰਚਾ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ, ਜਿਸ ਤਰ੍ਹਾਂ ਕਿ ਨਿਰਧਾਰਿਤ ਕੀਤਾ ਗਿਆ ਸੀ। ਡਾ. ਅੰਬੇਡਕਰ ਦੀ ਅਗਵਾਈ ਵਿੱਚ ਇੱਕ ਸ਼ਾਨਦਾਰ ਜਲੂਸ ਕੱਢਿਆ ਗਿਆ ਜੋ ਪੂਰੇ ਮਹਾਡ ਵਿੱਚ ਘੁੰਮਦਿਆਂ ਸ਼ਾਂਤੀਪੂਰਵਕ ਦੋ ਘੰਟਿਆ ਮਗਰੋਂ ਪੰਡਾਲ ਵਿੱਚ ਵਾਪਿਸ ਪਰਤ ਆਇਆ। ਉਸੇ ਦਿਨ ਰਾਤ 10 ਵਜੇ ਕਾਨਫਰੰਸ ਦੀ ਰਸਮੀ ਤੌਰ ਤੇ ਸਮਾਪਤੀ ਹੋ ਗਈ।

ਉਪਰੋਕਤ ਚਰਚਿਤ ਮਹਾਡ ਅੰਦੋਲਨ ਦੀ ਅੰਬੇਡਕਰ ਦੇ ਦਲਿਤ ਮੁਕਤੀ ਅੰਦੋਲਨ ਨੂੰ ਸਮਝਣ ਵਿੱਚ ਅਹਿਮ ਭੂਮਿਕਾ ਹੈ। ਇਸਦਾ ਪਹਿਲਾ ਪਹਿਲੂ ਹੈ ਛੂਤ-ਛਾਤ ਨੂੰ ਖ਼ਤਮ ਕਰਕੇ ਸਮਾਜਿਕ ਬਰਾਬਰਤਾ ਲਈ ਸਮਾਜ ਦਾ ਸੰਗਠਨ ਕਰਨਾ, (ਚਲਦਾ)

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ




## ਡਾ. ਰੌਣਕੀ ਰਾਮ

ਡੀਨ, ਆਰਟਸ ਫੈਕਲਟੀ
ਆਨਰੇਰੀ ਡਾਇਰੈਕਟਰ, ਆਈ. ਸੀ. ਐਸ. ਐਸ. ਆਰ
ਸ਼ਹੀਦ ਭਗਤ ਸਿੰਘ ਪ੍ਰੋਫੈਸਰ ਆਫ ਪੋਲੀਟੀਕਲ ਸਾਇੰਸ
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ (91-977-914-2308)


-ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਪ੍ਰੇਰਿਤ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਜਿਹੜੇ ਇਸ ਬਗੈਰ ਹੋਰ ਕਿਸੇ ਚੀਜ਼ ਤੇ ਜੀਵਨ ਨਹੀਂ ਲਗਾ ਸਕਦੇ। ਉਸ ਦਿਨ ਤੋਂ ਮੁਕਤੀ ਦਾ ਯੁੱਗ ਸ਼ੁਰੂ ਹੋਵੇਗਾ। ਉਹ ਦਮਨਕਾਰੀ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗੱਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿੱਚ ਜਾਂ ਮੌਤ ਮਗਰੋਂ ਬਹਿਸ਼ਤ ਵਿੱਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਵੇਗਾ, ਸਗੋਂ ਮਨੁੱਖਤਾ ਦੀ ਧੌਣ ਤੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ ਇਕ ਸ਼ਾਨਦਾਰ ਮਾਰਗ ਉਤੇ ਚਲਣਗੇ।

**-ਸ਼ਹੀਦ ਭਗਤ ਸਿੰਘ**



ਭਾਰਤੀ ਇਤਿਹਾਸ ਦੇ (ਅਤੇ ਵਿਸ਼ਵ ਇਤਿਹਾਸ ਦੇ ਵੀ) ਇਕ ਅਣਕਿਆਸੇ ਮੁਸ਼ਕਲ ਦੌਰ ਵਿੱਚ ਇਨਸਾਨੀਅਤ ਦੀ ਰੂਹ ਵਿੱਚ ਹਰਕਤ ਪੈਦਾ ਕਰਨ ਦੇ ਲਈ, ਇਨਕਲਾਬ ਸਪਿਰਟ ਤਾਜ਼ਾ ਕਰਨ ਦੇ ਲਈ, ਭਾਰਤੀ ਲੋਕ-ਮੁਕਤੀ ਸੰਘਰਸ਼ ਦੇ ਮਹਾਨ ਨਾਇਕ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਨੂੰ ਅੱਜ ਵਾਰ-ਵਾਰ ਪੜ੍ਹਨ ਦੀ ਜ਼ਰੂਰਤ ਹੈ; ਉਹਨਾਂ ਨੂੰ ਹਰ ਧੜਕਦੇ ਦਿਲ ਤਕ ਪਹੁੰਚਾਉਣ ਦੀ ਵੀ ਜ਼ਰੂਰਤ ਹੈ। ... ਨਵੇਂ ਇਨਕਲਾਬ ਦੇ ਰਾਹ ਚੱਲਣ ਲਈ ਭਗਤ ਸਿੰਘ ਦੇ ਵਿਚਾਰਾਂ ਨਾਲ ਇਨਕਲਾਬੀ ਇਤਿਹਾਸ ਦੀ ਉਸ ਗੌਰਵਮਈ ਵਿਰਾਸਤ ਤੋਂ ਜਾਣੂ ਹੋਣਾ ਵੀ ਜ਼ਰੂਰੀ ਹੈ ਜਿਸ ਨੂੰ ਆਮ ਲੋਕਾਈ ਤੱਕ ਪਹੁੰਚਾਉਣ ਤੋਂ ਰੋਕਣ ਦੀ ਹਰ ਕੋਸ਼ਿਸ਼ ਦੇਸੀ ਹੁਕਮਰਾਨਾਂ ਦੇ ਹਮੇਸ਼ਾ ਤੋਂ ਕੀਤੀ ਹੈ ਅਤੇ ਇਹ ਸੱਚ ਹੈ ਕਿ ਅੱਜ ਦੇ ਜ਼ਿਆਦਾਤਰ ਨੌਜਵਾਨ ਨਹੀਂ ਜਾਣਦੇ ਕਿ 23 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਉਹ ਜਾਂ-ਬਾਜ਼ ਨੌਜਵਾਨ ਇਕ ਦੂਰਦਰਸ਼ੀ ਵਿਚਾਰਕ ਸੀ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਭੁੱਲਾ ਦੇਣ ਦੀ ਸਾਜ਼ਿਸ਼ ਦੇ ਵਿਰੁੱਧ ਸੰਘਰਸ਼ ਕਰਨਾ ਹੈ। ਵਿਰਾਸਤ ਨੂੰ ਭੁਲਾਉਣ ਵਿਰੁੱਧ ਸਾਡਾ ਇਹ ਸੰਘਰਸ਼ ਫਿਰ ਤੋਂ ਸਾਨੂੰ ਸੁਪਨੇ ਵੇਖਣ ਦੀ ਸਮਰੱਥਾ ਦੇਵੇਗਾ, ਸਾਡੇ ਕਲਪਨਾਲੋਕ ਨੂੰ ਮੁਕਤ ਕਰੇਗਾ ਅਤੇ ਸਾਡੇ ਹਾਰ-ਬੋਧ ਨੂੰ ਸਮਾਪਤ ਕਰੇਗਾ।

**-ਸੱਤਿਅਮ**

ਭਾਰਤ ਦੀਆਂ ਗ਼ੈਰ-ਦਲਿਤ ਸਮਾਜ ਸੁਧਾਰਕ ਅਤੇ ਕੌਮੀ ਮੁਕਤੀ ਲਹਿਰਾਂ ਵਿੱਚੋਂ ਕੇਵਲ ਅਜਿਹੀਆਂ ਦੋ ਹੀ ਤਹਿਰੀਕਾਂ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਦੇ ਦੋ ਅਹਿਮ ਮੁੱਦਿਆਂ-ਧਰਮ ਅਤੇ ਜਾਤ 'ਤੇ ਲੋਕਤਾਂਤਰਿਕ ਅਤੇ ਧਰਮ ਨਿਰਪੱਖ ਸੋਚ ਨੂੰ ਅਪਣਾ ਕੇ ਕੌਮੀ ਮੁਕਤੀ ਦੇ ਨਾਲ-ਨਾਲ ਦਲਿਤ ਮੁਕਤੀ ਦੇ ਸਵਾਲ ਨੂੰ ਵੀ ਛੂਹਿਆ। ਇਹ ਦੋਵੇਂ ਤਹਿਰੀਕਾਂ ਇਨਕਲਾਬੀ ਜਦੋਜਹਿਦ ਅਤੇ ਵਿਚਾਰਧਾਰਾ ਨਾਲ ਸੰਬੰਧਤ ਸਨ। ਇਨ੍ਹਾਂ ਵਿੱਚੋਂ ਪਹਿਲੀ ਤਹਿਰੀਕ ਸੀ ਗ਼ਦਰ ਲਹਿਰ। ਗ਼ਦਰ ਲਹਿਰ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਸ਼ੁਰੂਆਤ ਉੱਤਰੀ ਅਮਰੀਕਾ ਦੇ ਜਮਹੂਰੀ ਵਾਤਾਵਰਣ ਤੋਂ ਪ੍ਰੇਰਨਾ ਲੈਂਦੇ ਹੋਏ ਹਥਿਆਰਬੰਦ ਤਰੀਕਾ ਅਪਣਾ ਕੇ ਕੀਤੀ। ਗ਼ਦਰ ਪਾਰਟੀ ਨੇ ਧਰਮ ਅਤੇ ਰਾਜਨੀਤੀ ਨੂੰ ਵੱਖ-ਵੱਖ ਰੱਖਕੇ ਸੰਪਰਦਾਇਕ ਸਦਭਾਵਨਾ ਦਾ ਪ੍ਰਚਾਰ ਕਰਦੇ ਹੋਏ ਛੂਤ-ਛਾਤ ਨੂੰ ਪੂਰਨ ਤੌਰ ਤੇ ਰੱਦ ਕੀਤਾ ਅਤੇ ਕਿਸੇ ਵੀ ਤਰ੍ਹਾਂ ਦੇ ਜਾਤੀ, ਨਸਲ ਅਤੇ ਧਰਮ ਆਦਿ ਦੇ ਭੇਦਭਾਵ ਦਾ ਪੁਰਜ਼ੋਰ ਖੰਡਨ ਕੀਤਾ। ਇਸ ਲਹਿਰ ਨੂੰ ਪਰਣਾਏ ਹੋਏ ਇਨਕਲਾਬੀਆਂ ਦੀ ਇਹ ਮਨਸ਼ਾ ਸੀ ਕਿ ਭਾਰਤ ਵਿੱਚ ਅਮਰੀਕਾ ਵਰਗੇ ਲੋਕਤੰਤਰੀ ਰਾਜ ਦੀ ਸਥਾਪਨਾ ਹੋਵੇ ਜਿਥੇ ਸਭ ਲੋਕਾਂ ਵਿੱਚ ਸਮਾਜਿਕ ਬਰਾਬਰਤਾ ਦਾ ਬੋਲਬਾਲਾ ਹੋਵੇ। ਉਹ ਆਰਥਿਕ ਖੇਤਰ ਵਿੱਚ ਵੀ ਬਰਾਬਰਤਾ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਚਾਹੁੰਦੇ ਸਨ।

ਗ਼ਦਰ ਲਹਿਰ ਦੀ ਕੇਂਦਰੀ ਜਥੇਬੰਦੀ ਦਾ ਨਾਂ 'ਹਿੰਦੀ ਐਸੋਸ਼ੀਏਸ਼ਨ ਆਫ਼ ਪੈਸੇਫਿਕ ਕੋਸਟ' ਸੀ ਅਤੇ ਇਸ ਦਾ ਆਪਣਾ ਇਕ ਬਹੁ-ਚਰਚਿਤ ਉਰਦੂ ਅਤੇ ਪੰਜਾਬੀ ਹਫਤਾਵਾਰ ਅਖ਼ਬਾਰ 'ਗ਼ਦਰ' ਸੀ। ਇਸ ਸੰਸਥਾ ਦਾ ਕੇਂਦਰੀ ਦਫ਼ਤਰ ਸਨਫਰਾਂਸਿਸਕੋ ਵਿਖੇ ਸਥਾਪਿਤ ਕੀਤਾ ਗਿਆ ਸੀ ਜਿਸ ਦਾ ਨਾਂ ਯੁਗਾਂਤਰ ਆਸ਼ਰਮ ਰੱਖਿਆ ਗਿਆ ਸੀ। 21 ਅਪ੍ਰੈਲ 1913 ਨੂੰ ਅਸਟੋਰੀਆ ਵਿੱਚ ਹੋਏ ਹਿੰਦ ਪ੍ਰਵਾਸੀਆਂ ਦੇ ਇਜਲਾਸ ਦੌਰਾਨ ਇਸ ਕੇਂਦਰੀ ਜਥੇਬੰਦੀ ਦੇ ਸਰਬਸੰਪੱਤੀ ਨਾਲ ਬਾਬਾ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਲਾਲ ਹਰਦਿਆਲ ਨੂੰ ਜਨਰਲ ਸਕੱਤਰ ਅਤੇ ਕਾਂਸ਼ੀ ਰਾਮ ਮੜੌਲੀ ਨੂੰ ਖਜ਼ਾਨਚੀ ਚੁਣਿਆ ਗਿਆ ਸੀ। ਬਾਬਾ ਭਗਤ ਸਿੰਘ ਬਿਲਗਾ ਦੇ ਸ਼ਬਦਾਂ ਵਿੱਚ, ''ਇਸ ਜਥੇਬੰਦੀ ਦਾ ਮੰਤਵ ਹਿੰਦੋਸਤਾਨ ਵਿੱਚ ਹਥਿਆਰਬੰਦ ਇਨਕਲਾਬ ਕਰਕੇ ਜਮਹੂਰੀ ਰੀਪਬਲਿਕ ਕਾਇਮ ਕਰਨਾ ਸੀ। ਇਸ ਜਥੇਬੰਦੀ ਦੇ ਵਿਧਾਨ ਵਿੱਚ ਦਰਜ ਸੀ ਕਿ ਇਸ ਦੀਆਂ ਮੀਟਿੰਗਾਂ ਵਿੱਚ ਕੋਈ ਵੀ ਮਜ਼ਹਬੀ ਬਹਿਸ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਆਪਣਾ ਨਿੱਜੀ ਮਾਮਲਾ ਹੈ। ਛੂਤਛਾਤ ਵਿੱਚ ਯਕੀਨ ਰੱਖਣ ਵਾਲਾ ਆਦਮੀ ਇਸ ਦਾ ਮੈਂਬਰ ਨਹੀਂ ਬਣ ਸਕਦਾ''। ਗ਼ਦਰ ਪਾਰਟੀ ਦੇ ਮਨੋਰਥ ਬਾਰੇ ਗੱਲ ਕਰਦਿਆਂ ਉਹ ਅੱਗੇ ਲਿਖਦੇ ਹਨ, ''ਗ਼ਦਰੀ ਹਿੰਦੋਸਤਾਨ ਵਿੱਚ ਇੱਕ ਰੀਪ-ਬਲਿਕ, ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਡੈਮੋਕਰੈਟਿਕ ਹਕੂਮਤ ਸਥਾਪਤ ਕਰਨੀ ਚਾਹੁੰਦੇ ਸਨ। ਛੂਤ-ਛਾਤ ਨੂੰ ਉਹ ਸਮਾਜ ਦਾ ਕੋਹੜ ਸਮਝਦੇ ਸਨ। ਉਨ੍ਹਾਂ ਦੀ ਰਾਜਸੀ ਸੋਚ ਧਰਮਨਿਰਲੇਪ ਸੀ, ਨਿਰੋਲ ਸੈਕੂਲਰ, ਜਿਸ ਉਤੇ ਉਹ ਜ਼ਿੰਦਗੀ ਭਰ ਖੜੇ ਰਹੇ। ਸੂਬਾਵਾਦ ਜਾਂ ਜਾਤ ਤੁਅੱਸਬ ਉਨ੍ਹਾਂ ਦੇ ਨੇੜਿਉਂ ਵੀ ਨਹੀਂ ਸੀ ਲੰਘਿਆ ਹੋਇਆ। ...ਗ਼ਦਰ ਪਾਰਟੀ ਨੇ ਮਜ਼ਹਬੀ ਫਸਾਦ ਕਰਾਉਣ ਵਾਲੇ ਪੰਡਤਾਂ, ਮੁਲਾਣਿਆਂ ਅਤੇ ਭਾਈਆਂ ਦੇ ਪਰਦੇ ਫਾਸ਼ ਕੀਤੇ ਸਨ।

ਗ਼ਦਰੀ ਬਾਬਿਆਂ ਨੇ ਗ਼ਦਰ ਲਹਿਰ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਆਖਰੀ ਸਾਹਾਂ ਤੱਕ ਨਿਭਾਇਆ। ਗ਼ਦਰੀ ਬਾਬਿਆਂ ਨੇ ਜਾਤਪਾਤ ਦੇ ਵਿਧਾਨ ਨੂੰ ਆਪਣੀ ਕਾਰਗੁਜ਼ਾਰੀ ਅਤੇ ਆਪਸੀ ਸੰਬੰਧ ਦੇ ਖੇਤਰ ਵਿੱਚ ਪੂਰੀ ਤਰ੍ਹਾਂ ਰੱਦ ਕੀਤਾ ਹੋਇਆ ਸੀ। ਬਾਬਾ ਬਿਲਗਾ ਦੀ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਪੁਸਤਕ ਵਿਚਲੇ ਇਕ ਉਲੇਖ ਤੋਂ ਗ਼ਦਰੀ ਬਾਬਿਆਂ ਦੀ ਜਾਤਪਾਤੀ ਵਿਤਕਰੇ ਪ੍ਰਤੀ ਅਣਹੋਂਦ ਦਾ ਜੋ ਜ਼ਿਕਰ ਮਿਲਦਾ ਹੈ ਉਸ ਨੂੰ ਦਰਸਾਉਣਾ ਇਥੇ ਪ੍ਰਸੰਗਕ ਹੈ। ਇਹ ਉਲੇਖ ਅੰਡੇਮਾਨ ਜੇਲ੍ਹ ਵਿੱਚ ਹਵਾਲਾਤੀ ਗ਼ਦਰੀ ਬਾਬਿਆਂ ਦੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਦਾਸਤਾਂ ਨਾਲ ਸੰਬੰਧਤ ਹੈ ਜਿਸ ਵਿੱਚ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਪ੍ਰਿਥਵੀ ਸਿੰਘ ਦੀ ਭੁੱਖ ਹੜਤਾਲ ਦਾ ਵੇਰਵਾ ਮਿਲਦਾ ਹੈ। ਜਦੋਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਦੀ ਭੁੱਖ ਹੜਤਾਲ ਦੌਰਾਨ ਹਾਲਤ ਨਾਜ਼ਕ ਹੋ ਜਾਂਦੀ ਹੈ ਤਾਂ ਇਨ੍ਹਾਂ ਨੂੰ ਜਬਰੀ ਖੁਰਾਕ ਦਿਤੀ ਜਾਣ ਲਗਦੀ ਹੈ। ਜਬਰੀ ਖੁਰਾਕ ਜੇਲ੍ਹ ਦੇ ਹੀ ਭੰਗੀਆਂ ਤੋਂ ਦੁਆਈ ਜਾਂਦੀ ਸੀ, ਜੋ ਆਪਣੇ-ਆਪ ਦੇ ਵਿੱਚ ਵੀ ਇਕ ਸਜ਼ਾ ਸੀ ਕਿਉਂਕਿ ਭੰਗੀਆਂ ਨੂੰ ਤਾਂ ਅਪਵਿੱਤਰ ਮੰਨਿਆ ਜਾਂਦਾ ਸੀ ਅਤੇ ਸਵਰਨ ਲੋਕੀ ਉਨ੍ਹਾਂ ਨੂੰ ਆਪਣੇ ਤੋਂ ਭਿੱਟ ਹੋ ਜਾਣ ਦੇ ਡਰ ਕਾਰਨ ਦੂਰ ਰੱਖਦੇ ਸਨ। ਇਸ ਲਈ ਉਨ੍ਹਾਂ ਤੋਂ ਖੁਰਾਕ ਖਾਣਾ, ਇਸ ਨੁਕਤਾ-ਨਿਗਾਹ ਤੋਂ, ਸਜ਼ਾ ਮੰਨਿਆ ਜਾਂਦਾ ਸੀ। ਜਦੋਂ ਬਾਬਾ ਸੋਹਣ ਸਿੰਘ ਭਕਨਾ ਤੇ ਬਾਬਾ ਪ੍ਰਿਥਵੀ ਸਿੰਘ ਨੂੰ ਭੰਗੀਆਂ ਤੋਂ ਜਬਰੀ ਖੁਰਾਕ ਦੇਣ ਦਾ ਵੇਲਾ ਆਇਆ ਤਾਂ ਇਨ੍ਹਾਂ ਦੋਨਾਂ ਗ਼ਦਰੀ ਬਾਬਿਆਂ ਨੇ ਭੰਗੀਆਂ ਨੂੰ ਦੇਖ ਕੇ ''ਉਨ੍ਹਾਂ ਨੂੰ ਜੱਫੀਆਂ ਪਾ ਲਈਆਂ ਅਤੇ ਕਿਹਾ ਕਿ ਧੰਨਭਾਗ ਹਨ ਸਾਡੇ ਕਿ ਤੁਹਾਡੇ ਪਵਿੱਤਰ ਹੱਥ ਸਾਨੂੰ ਲੱਗੇ ਹਨ''।

ਗ਼ਦਰ ਲਹਿਰ ਦੌਰਾਨ ਕੌਮੀ ਮੁਕਤੀ ਅੰਦੋਲਨ ਦੇ ਨਾਲ-ਨਾਲ ਸ਼ਾਇਦ ਇਹ ਪਹਿਲ ਕਦਮੀ ਸੀ ਜਦੋਂ ਇਸ ਪੱਧਰ ਉੱਤੇ ਅਤੇ ਇਨਕਲਾਬੀ ਤੌਰ ਤੇ ਜਾਤਪਾਤ ਦੇ ਖੰਡਨ ਅਤੇ ਪਤਨ ਦੀ ਗੱਲ ਤੁਰੀ ਹੋਵੇ। ਗ਼ਦਰ ਲਹਿਰ ਦੀ ਇਸ ਪਹਿਲ-ਕਦਮੀ ਦਾ ਦਲਿਤ ਮੁਕਤੀ ਅੰਦੋਲਨ ਵਿੱਚ ਹਮੇਸ਼ਾ ਜ਼ਿਕਰ ਹੁੰਦਾ ਰਵੇਗਾ। ਗ਼ਦਰ ਲਹਿਰ ਤੋਂ ਬਾਅਦ ਦੂਸਰੀ ਇਨਕਲਾਬੀ ਤਹਿਰੀਕ ਜਿਸ ਦੌਰਾਨ ਇਕ ਵਾਰ ਫਿਰ ਦਲਿਤ ਮੁਕਤੀ ਅੰਦੋਲਨ ਦੀ ਗੱਲ ਤੁਰਦੀ ਹੈ ਉਹ ਹੈ-ਸ਼ਹੀਦ-ਏ-ਆਜ਼ਮ ਭਗਤ ਸਿੰਘ ਹੁਰਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਪਾਰਟੀ'। ਇਹ ਤਹਿਰੀਕ ਰਣਜੀਤ ਲਹਿਰਾ ਦੇ ਸ਼ਬਦਾਂ ਵਿੱਚ ਜਾਤਪਾਤੀ ''ਸਵਾਲਾਂ ਨੂੰ ਹੋਰ ਵੀ ਵਧੇਰੇ ਜਮਹੂਰੀ ਤੇ ਵਿਗਿਆਨਿਕ ਦ੍ਰਿਸ਼ਟੀ ਕੋਣ ਤੋਂ ਸੰਬੋਧਤ'' ਹੁੰਦੀ ਹੈ। ਭਗਤ ਸਿੰਘ ਦੇ ਜਾਤਪਾਤੀ ਮਸਲਿਆਂ ਨਾਲ ਸੰਬੰਧਤ ਵਿਚਾਰਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਬਣਦਾ ਹੈ ਕਿ ਉਨ੍ਹਾਂ ਦੇ ਜੀਵਨ ਉਤੇ ਪਏ ਸਕਾਰਾਤਮਕ ਪ੍ਰਭਾਵਾਂ ਦਾ ਵੀ ਵਰਣਨ ਕੀਤਾ ਜਾਵੇ ਜਿਸ ਤੋਂ ਉਨ੍ਹਾਂ ਦੀ ਜਾਤ ਪ੍ਰਤੀ ਇਨਕਲਾਬੀ ਸੋਚ ਨੂੰ ਸਮਝਣ ਵਿੱਚ ਕਾਫ਼ੀ ਮੱਦਦ ਮਿਲੇਗੀ।

ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ, ਚੱਕ ਨੰਬਰ 105 ਜੀ. ਬੀ., ਜ਼ਿਲ੍ਹਾ ਲਾਇਲਪੁਰ (ਅੱਜ ਕੱਲ੍ਹ ਪਾਕਿਸਤਾਨ ਵਿੱਚ ਫੈਸਲਾਬਾਦ) ਵਿਖੇ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਖਟਕੜ ਕਲਾਂ (ਨੇੜੇ ਬੰਗਾ) ਹੈ ਜਿਥੋਂ ਉਨ੍ਹਾਂ ਦੇ ਦਾਦਾ ਜੀ ਨਵੀਂ ਆਬਾਦ ਕੀਤੀ ਉਪਜਾਊ ਧਰਤੀ ਝਨਾਬ ਕਨਾਲ ਕਲੋਨੀ ਜਾ ਕੇ ਵਸ ਗਏ ਸਨ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਅੰਗਰੇਜ਼ ਹਕੂਮਤ ਦੇ ਵਿਰੁੱਧ ਚੱਲ ਰਹੇ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਸੀ। ਉਨ੍ਹਾਂ ਦੇ ਚਾਚਾ ਅਜੀਤ ਸਿੰਘ ਨੇ ਲਾਲਾ ਲਾਜਪਤ ਰਾਏ ਅਤੇ ਬੰਕੇ ਦਿਆਲ ਨਾਲ ਮਿਲ ਕੇ ਅੰਗਰੇਜ਼ ਸਰਕਾਰ ਦੇ 'ਬਸਤੀਵਾਦ ਸੰਬੰਧੀ ਬਿੱਲ' ਦੀ ਮੁਖ਼ਾਲਫ਼ਤ ਕੀਤੀ। ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਨੇ ਵੀ ਇਸ ਸੰਘਰਸ਼ ਵਿੱਚ ਹਿੱਸਾ ਪਾਇਆ। ਇਸ ਸੰਘਰਸ਼ ਕਰਕੇ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਮਾਂਡਲੇ ਜ਼ੇਲ੍ਹ ਭੇਜ ਦਿਤਾ ਗਿਆ ਅਤੇ ਕਿਸ਼ਨ ਸਿੰਘ ਨੂੰ ਵੀ ਜ਼ੇਲ੍ਹ ਵਿੱਚ ਭੇਜ ਦਿੱਤਾ। ਉਨ੍ਹਾਂ ਵੱਲੋਂ ਸ਼ੁਰੂ ਕੀਤਾ ਸੰਘਰਸ਼ ਸਫਲ ਹੋ ਗਿਆ ਅਤੇ ਉਹ ਬਿੱਲ 1907 ਵਿੱਚ ਵਾਪਸ ਲੈ ਲਿਆ ਗਿਆ ਅਤੇ ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਅਜੀਤ ਸਿੰਘ, ਲਾਲਾ ਲਾਜਪਤ ਰਾਏ ਅਤੇ ਕਿਸ਼ਨ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਭਗਤ ਸਿੰਘ ਦੇ ਚਾਚਾ ਤੇ ਪਿਤਾ ਜੀ ਨੇ 1906 ਦੇ ਕੱਲਕਤਾ ਵਾਲੇ ਕਾਂਗਰਸ ਦੇ ਇਜਲਾਸ ਵਿੱਚ ਵੀ ਸ਼ਮੂਲੀਅਤ ਕੀਤੀ ਸੀ ਜਿਥੇ ਉਨ੍ਹਾਂ ਨੂੰ ਬਾਲ ਗੰਗਾਧਰ ਤਿਲਕ ਦੇ ਵਿਚਾਰਾਂ ਨੇ ਕਾਫ਼ੀ ਪ੍ਰਭਾਵਿਤ ਕੀਤਾ। ਉਨ੍ਹਾਂ ਨੇ ਕਾਂਗਰਸ ਵਲੋਂ ਦਿਤੇ ਗਏ 'ਵਿਦੇਸ਼ੀ ਵਸਤਾਂ ਦੇ ਬਾਈਕਾਟ' ਦੇ ਬੁਲਾਵੇ ਨੂੰ ਲਾਗੂ ਕਰਨ ਵਿੱਚ ਕਾਫੀ ਯੋਗਦਾਨ ਪਾਇਆ ਅਤੇ ਅੰਗਰੇਜ਼ ਸਰਕਾਰ ਵਿਰੁੱਧ ਆਪਣੀ ਆਵਾਜ਼ ਨੂੰ ਦੂਰ ਤਕ ਪਹੁੰਚਾਉਣ ਹਿਤ ਕੁਝ ਸਮੇਂ ਲਈ 'ਭਾਰਤ ਮਾਤਾ' ਨਾਂ ਦਾ ਅਖਬਰ ਵੀ ਕੱਢਿਆ। ਬਾਅਦ ਵਿੱਚ ਉਨ੍ਹਾਂ ਦੇ ਉਦਮਾਂ ਸਦਕਾਂ 'ਭਾਰਤ ਮਾਤਾ' ਨਾਂ ਦੀ ਸੰਸਥਾ ਦੀ ਸਥਾਪਨਾ ਕੀਤੀ ਗਈ। ਇਨ੍ਹਾਂ ਸਾਰੀਆਂ ਪਰਿਵਾਰਕ ਗਤੀਵਿਧੀਆਂ ਦਾ ਭਗਤ ਸਿੰਘ ਉਤੇ ਬਹੁਤ ਸਾਰਥਕ ਪ੍ਰਭਾਵ ਪਿਆ।

ਪਰਿਵਾਰ ਤੋਂ ਬਾਅਦ ਭਗਤ ਸਿੰਘ ਤੇ ਜਿਸ ਸ਼ਖ਼ਸੀਅਤ ਨੇ ਬਹੁਤ ਪ੍ਰਭਾਵ ਪਾਇਆ ਅਤੇ ਜਿਸ ਨੂੰ ਉਹ ਆਪਣਾ ਪ੍ਰੇਰਨਾ ਸਰੋਤ ਸਮਝਦੇ ਸਨ ਉਹ ਸੀ ਸ਼ਹੀਦ ਕਰਤਾਰ ਸਿੰਘ ਸਰਾਭਾ। ਉਹ ਆਪਣੀ ਮਾਤਾ ਜੀ ਵਿਦਿਆਵਤੀ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਵਿਖਾ ਕੇ ਕਿਹਾ ਕਰਦੇ ਸਨ, ''ਪਿਆਰੀ ਬੇਬੇ ਜੀ, ਇਹ ਹੈ ਮੇਰਾ ਗੁਰੂ, ਮੇਰਾ ਸਾਥੀ ਅਤੇ ਮੇਰਾ ਭਰਾ।'' ਉਹ ਆਪਣੀ ਹੀ ਮਸਤੀ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਵਲੋਂ ਲਿਖਿਆ ਗਿਆ ਬੈਂਤ ਗਾਉਂਦਾ ਰਹਿੰਦਾ ਸੀ:

''ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਵੀ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ''।

ਜਗਮੋਹਨ ਸਿੰਘ ਅਨੁਸਾਰ ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰਾਜਨੀਤਕ ਗੁਰੂ, ਆਗੂ ਤਸੱਵਰ ਕਰਦਾ ਸੀ। ਭਗਤ ਸਿੰਘ ਦੇ ਜੀਵਨ ਤੇ ਗ਼ਦਰ ਲਹਿਰ ਦਾ ਸਿੱਧਾ ਪ੍ਰਭਾਵ ਪਿਆ। ''1914-15 ਵਿੱਚ ਗ਼ਦਰ ਪਾਰਟੀ ਦੇ ਗ਼ਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ ਜਾਣ ਬਣਿਆ ਹੋਇਆ ਸੀ। ਤੇ ਉਸ ਤੋਂ ਬਾਅਦ ਵੀ ਘਰ ਵਿੱਚ ਗ਼ਦਰ ਪਾਰਟੀ ਦੀਆਂ ਗੱਲਾਂ ਚਲਦੀਆਂ ਸਨ। ਇਸ ਤਰ੍ਹਾਂ ਅੱਠ-ਨੌਂ ਸਾਲ ਦੇ ਭਗਤ ਸਿੰਘ ਨੂੰ ਗ਼ਦਰ ਲਹਿਰ ਦਾ ਸਿੱਧਾ ਸੰਪਰਕ ਵੀ ਪ੍ਰਾਪਤ ਹੋਇਆ''। ਜਿਥੋਂ ਤਕ ਜਾਤਪਾਤ ਦੇ ਵਿਰੋਧ ਦਾ ਸਵਾਲ ਹੈ ਇਸ ਦੇ ਪ੍ਰਭਾਵ ਦਾ ਸੰਬੰਧ ਭਗਤ ਸਿੰਘ ਦੇ ਪਰਿਵਾਰ ਵਿੱਚ ਜਾਤਪਾਤ ਦੀ ਅਣਹੋਂਦ ਨਾਲ ਹੈ। ਭਗਤ ਸਿੰਘ ਦੇ ਦਾਦਾ ਜੀ ਸਰਦਾਰ ਅਰਜਨ ਸਿੰਘ ''ਆਰੀਆ ਸਮਾਜੀ ਪ੍ਰਭਾਵ ਹੇਠ ਆ ਕੇ ਅੰਧ-ਵਿਸ਼ਵਾਸਾਂ ਅਤੇ ਛੂਤਛਾਤ ਤੋਂ ਮੁਕਤ ਹੋ ਗਏ ਸਨ ਅਤੇ ਪੇਂਡੂ ਦੱਬੇ-ਕੁਚਲੇ ਵਰਗ ਦੇ ਬਹੁਤ ਨੇੜੇ ਆ ਕੇ ਸਹਾਰਾ ਬਣ ਗਏ ਸੀ। ...ਪਿੰਡ ਵਿੱਚ ਹੀ ਨਹੀਂ ਇਲਾਕੇ ਭਰ ਵਿੱਚ ਵਿਚਾਰੇ ਸਿੱਧੇ-ਸਾਧੇ ਪੇਂਡੂਆਂ ਵਾਸਤੇ ਜ਼ੁਲਮ, ਦਬਾਅ ਅਤੇ ਲੁੱਟ ਦੇ ਉਲਟ ਲੜਨ ਲਈ ਉਹ ਇਕ ਸਹਾਰਾ ਸਨ।'' ਜ

ਗਮੋਹਨ ਸਿੰਘ ਅਗੇ ਲਿਖਦੇ ਹਨ, ''ਬਚਪਨ ਵਿੱਚ ਭਗਤ ਸਿੰਘ ਨੂੰ ਕਾਮੇ, ਕਿਰਤੀ ਤੇ ਕਿਸਾਨਾਂ ਲਈ ਪਿਆਰ, ਅੰਧ-ਵਿਸ਼ਵਾਸੀ ਤੋਂ ਮੁਕਤੀ ਅਤੇ ਹਰ ਚੀਜ਼ ਨੂੰ ਤਰਕਸ਼ੀਲਤਾ ਨਾਲ ਘੋਖਣਾ ਬਾਬਾ ਜੀ ਤੋਂ ਮਿਲਿਆ ਸੀ''। ਭਗਤ ਸਿੰਘ ਨੇ ਆਪਣੇ ਪਿਤਾ ਕਿਸ਼ਨ ਸਿੰਘ ਤੋਂ ਵੀ ਆਜ਼ਾਦੀ ਦੇ ਸੰਘਰਸ਼ ਵਿੱਚ ਕੁੱਦਣ ਦੀ ਪ੍ਰੇਰਨਾ ਲਈ। ਜਗਮੋਹਨ ਸਿੰਘ ਦੇ ਸ਼ਬਦਾਂ ਵਿੱਚ, ''ਸ. ਕਿਸ਼ਨ ਸਿੰਘ ਜਦ ਕਦੇ ਕਿਸੇ ਜਨਤਕ ਜਲਸੇ ਵਿੱਚ ਜਾਂਦੇ ਤਾਂ ਸ. ਭਗਤ ਸਿੰਘ ਵੀ ਨਾਲ ਹੁੰਦੇ ਅਤੇ ਕਈ ਵਾਰ 10 ਤੋਂ 12 ਸਾਲ ਦਾ ਭਗਤ ਸਿੰਘ ਤਕਰੀਰ ਵੀ ਕਰਦਾ। ਇਸ ਤਰ੍ਹਾਂ ਭਗਤ ਸਿੰਘ ਉਸ ਵਕਤ ਦੀਆਂ ਚੱਲ ਰਹੀਆਂ ਜਨਤਕ ਲਹਿਰ ਦਾ ਤਜਰਬਾ ਹਾਸਲ ਕਰਦੇ ਰਹੇ। ... 17-19 ਜਨਵਰੀ 1921 ਨਾਮਧਾਰੀ ਲਹਿਰ ਤੋਂ ਪਾਬੰਦੀ ਉਠਾਈ ਗਈ ਤਾਂ ਮੁੱਠਡੇ (ਜਲੰਧਰ) ਇੱਕਠ ਹੋਇਆ। ਆਪਣੇ ਪਿਤਾ ਨਾਲ ਭਗਤ ਸਿੰਘ ਨਾਲ ਇਥੇ ਆਏ ਤੇ ਤਕਰੀਰ ਵੀ ਕੀਤੀ''। ਸ਼ਹੀਦ ਭਗਤ ਸਿੰਘ ਦੇ ਆਪਣੇ ਸ਼ਬਦਾਂ ਵਿੱਚ, ''...ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿੱਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ''। ਭਗਤ ਸਿੰਘ ਨੇ ਆਪਣੀ ਪ੍ਰਾਇਮਰੀ ਤਕ ਦੀ ਪੜ੍ਹਾਈ ਪਿੰਡ ਬੰਗਾਂ ਤੋਂ ਹੀ ਕੀਤੀ ਤੇ 1916 ਵਿੱਚ ਲਾਹੌਰ ਦੇ ਡੀ. ਏ. ਵੀ. ਸਕੂਲ ਬੋਰਡਿੰਗ ਵਿੱਚ ਦਾਖਲਾ ਲੈ ਲਿਆ। 1917 ਵਿੱਚ ਉਨ੍ਹਾਂ ਦੇ ਪਿਤਾ ਸ. ਕਿਸ਼ਨ ਸਿੰਘ ਨੇ ਆਪਣਾ ਘਰ ਲਾਹੌਰ ਲੈ ਆਂਦਾ ਤਾਂ ਕਿ ਭਗਤ ਸਿੰਘ ਦੀ ਪੜ੍ਹਾਈ-ਲਿਖਾਈ ਅਤੇ ਸਿਹਤ ਦੀ ਦੇਖ-ਰੇਖ ਚੰਗੀ ਹੋ ਸਕੇ। ਉਨ੍ਹਾਂ ਦੇ ਲਾਹੌਰ ਦੇ ਵਿੱਚ ਮਕਾਨ ਦੇ ਕੋਲ ਹੀ ਇਕ ਵੱਡੀ ਹਵੇਲੀ ਵਿੱਚ ਨਾਮਧਾਰੀ ਗੁਰੂ ਆ ਕੇ ਠਹਿਰਿਆ ਕਰਦੇ ਸਨ ਜਿਸ ਕਰਕੇ ਭਗਤ ਸਿੰਘ ਹੁਰਾਂ ਨੂੰ ਨਾਮਧਾਰੀ ਲਹਿਰ ਨੂੰ ਵੀ ਬਹੁਤ ਨੇੜਿਓਂ ਹੋ ਕੇ ਜਾਣਨ ਦਾ ਮੌਕਾ ਮਿਲਿਆ। ਜਿਸ ਬਾਰੇ ਫਰਵਰੀ 1928 ਵਿੱਚ ਦਿਲੀ ਤੋਂ ਛਪਣ ਵਾਲੇ ਹਿੰਦੀ ਦੇ ਰਸਾਲੇ 'ਮਹਾਂਰਥੀ' ਵਿੱਚ ਉਨ੍ਹਾਂ ਨੇ ਬੀ. ਐਸ. ਸੰਧੂ ਦੇ ਕਲਮੀ ਨਾਂ ਹੇਠਾਂ ਕੂਕਾ ਲਹਿਰ ਤੇ ਲੇਖ ਲਿਖਿਆ। ਜਦੋਂ ਭਗਤ ਸਿੰਘ ਨੇ ਇਹ ਲੇਖ ਲਿਖਿਆ ਉਸ ਵੇਲੇ ਉਹ ਮਸਾਂ 20 ਸਾਲ ਦੇ ਸਨ। ਇਸ ਲੇਖ ਨੂੰ ਪੜ੍ਹਦਿਆਂ ਇਹ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਉਸ ਵੇਲੇ ਉਨ੍ਹਾਂ ਦੀ ਜਾਣਕਾਰੀ ਦਾ ਪੱਧਰ ਅਤੇ ਵਿਸ਼ਲੇਸ਼ਣ ਕਰਨ ਦੀ ਸੋਝੀ ਕਿੰਨੀ ਤੀਬਰ ਸੀ ਜੋ ਉਨ੍ਹਾਂ ਦੀ ਆਪਣੇ ਆਲੇ-ਦੁਆਲੇ ਦੇ ਹਾਲਾਤਾਂ ਨੂੰ ਸਮਝਣ ਲਈ ਕੀਤੇ ਬੌਧਿਕ ਅਤੇ ਯਥਾਰਥਕ ਯਤਨ ਉਸ ਦੀ ਮੂੰਹ ਬੋਲਦੀ ਤਸਵੀਰ ਹੈ। ਅਕਤੂਬਰ 1928 ਦੇ 'ਕਿਰਤੀ' ਮਾਸਿਕ ਪੱਤਰ ਵਿੱਚ ਉਨ੍ਹਾਂ ਨੇ ਇਕ ਵਾਰ ਫਿਰ 'ਕੂਕਾ ਬਗ਼ਾਵਤ' ਤੇ ਵਿਦਰੋਹੀ ਦੇ ਕਲਮੀ ਨਾਂ ਹੇਠ ਲੇਖ ਲਿਖ ਕੇ ਇਸ ਲਹਿਰ ਦੇ ਬਾਰੇ ਆਪਣੀ ਵਿਸਥਾਰ ਪੂਰਵਕ ਜਾਣਕਾਰੀ ਅਤੇ ਵਿਸ਼ਲੇਸ਼ਣ ਦੇ ਰਾਹੀਂ ਪੰਜਾਬ ਦੀਆਂ ਰਾਜ ਪਲਟਾਉ ਲਹਿਰਾਂ ਬਾਰੇ ਰੌਸ਼ਨੀ ਪਾਈ। ਉਨ੍ਹਾਂ ਨੇ ਜਵਾਨ ਹੁੰਦਿਆਂ ਹੀ ਬਹੁਤ ਸਾਰੀਆਂ ਇਤਿਹਾਸ ਪੂਰਵਕ ਘਟਨਾਵਾਂ ਅਤੇ ਗਤੀਵਿਧੀਆਂ ਵਿੱਚ ਹਾਜ਼ਰੀ ਲਗਵਾਈ। ਜਦੋਂ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋਇਆ ਉਸ ਸਮੇਂ ਉਹ ਮਸਾਂ 12 ਸਾਲ ਦੇ ਸਨ। ਉਹ ਦੂਸਰੇ ਦਿਨ ਜਲ੍ਹਿਆਂ ਵਾਲੇ ਬਾਗ਼ ਪੁੱਜੇ ਅਤੇ ਉਥੋਂ ਦੀ ਖ਼ੂਨ ਨਾਲ ਲੱਥਪੱਥ ਮਿੱਟੀ ਨੂੰ ਆਪਣੇ ਘਰ ਲੈ ਆਏ। ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ ਦਾ ਹਾਲ ਵੀ ਲਾਹੌਰ ਤੋਂ ਲਾਇਲਪੁਰ ਜਾਂਦੇ ਹੋਏ ਉਥੇ ਰੁਕ ਕੇ ਦੇਖਿਆ। ਨਵੰਬਰ 1921 ਵਿੱਚ ਸ਼ੁਰੂ ਹੋਈ ਨਾ-ਮਿਲਵਰਤਨ ਲਹਿਰ ਵਿੱਚ ਉਨ੍ਹਾਂ ਨੇ ਡੀ.ਏ.ਵੀ. ਸਕੂਲ ਲਾਹੌਰ ਵਿਖੇ ਦਸਵੀਂ ਜਮਾਤ ਨੂੰ ਵਿਚੇ ਛੱਡ ਕੇ ਕੌਮੀ ਲਹਿਰ ਵਿੱਚ ਹਿੱਸਾ ਲਿਆ ਇਸ ਸਮੇਂ ਦੌਰਾਨ ਹੀ ਉਨ੍ਹਾਂ ਨੇ 14 ਨਵੰਬਰ 1921 ਲਾਹੌਰ ਤੋਂ ਆਪਣੇ ਦਾਦਾ ਜੀ ਨੂੰ ਲਿਖੇ ਖ਼ਤ ਵਿੱਚ ਆਪਣੇ ਪਿੰਡ ਦੇ ਮੰਗੂ ਚਮਾਰ ਬਾਰੇ ਪੁੱਛਿਆ ਅਤੇ ਨਾਲ ਹੀ ਰੇਲਵੇ ਹੜਤਾਲ ਬਾਰੇ ਜਾਣਕਾਰੀ ਦਿਤੀ ਜੋ ਕਿ ਸ਼ਹੀਦ ਭਗਤ ਸਿੰਘ ਦੇ ਕੌਮੀ ਸੰਘਰਸ਼ ਬਾਰੇ ਅਤੇ ਉਸ ਦੀ ਅਖੌਤੀ ਅਛੂਤ ਜਾਣੇ-ਜਾਂਦੇ ਲੋਕਾਂ ਬਾਰੇ ਸਨੇਹ ਦੀ ਦੱਸ ਪਾਉਂਦਾ ਹੈ।

ਗ਼ਦਰ ਲਹਿਰ ਤੋਂ ਬਾਅਦ ਦੂਸਰੀ ਤਹਿਰੀਕ ਜਿਸ ਨੇ ਜਾਤਪਾਤੀ ਵਿਤਕਰੇ ਦੇ ਵਿਰੁੱਧ ਇਨਕਲਾਬੀ ਸੋਚ ਅਪਣਾਈ ਉਹ ਸੀ ਭਗਤ ਸਿੰਘ ਹੁਰਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਪਾਰਟੀ'। ਫਿਰੋਜ਼ਸ਼ਾਹ ਕੋਟਲਾ ਦਿੱਲੀ ਵਿਖੇ 1928 ਵਿੱਚ ਹੋਏ 'ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ' ਦੇ ਇਜਲਾਸ ਤੋਂ ਪਹਿਲਾਂ ਇਸ ਐਸੋਸ਼ੀਏਸ਼ਨ ਦੇ ਨਾਂ ਵਿੱਚ 'ਸੋਸ਼ਲਿਸਟ' ਦਾ ਸ਼ਬਦ ਨਹੀਂ ਹੁੰਦਾ ਸੀ। ਇਸ ਸ਼ਬਦ ਨੂੰ ਭਗਤ ਸਿੰਘ ਦੇ ਹਿੰਦੋਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਵਿੱਚ ਸ਼ਾਮਲ ਹੋਣ ਦੇ ਬਾਅਦ ਹੀ ਇਸ ਨਾਂ ਵਿੱਚ ਜੋੜਿਆ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਮਿਲ ਕੇ 1926 ਵਿੱਚ ਲਾਹੌਰ ਵਿਖੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਵੀ ਕੀਤੀ। ਇਹ ਸਭਾ ਉਸ ਵਕਤ ਦੀ ਸਾਰੀ ਦੀ ਸਾਰੀ ਅਛੂਤ ਅਤੇ ਧਾਰਮਿਕ ਰਾਜਨੀਤੀ ਤੋਂ ਪਰ੍ਹਾਂ ਸੀ ਅਤੇ ਧਰਮ ਨਿਰਪੱਖਤਾ ਦੇ ਪੱਖ ਵਿੱਚ ਖੜ੍ਹੀ ਸੀ। ਜਿਸ ਤਰ੍ਹਾਂ ਕਿ ਉਪਰ ਚਰਚਾ ਕਰ ਆਏ ਹਾਂ ਕਿ ਭਗਤ ਸਿੰਘ ਦੀ ਸੋਚ ਤੇ ਗ਼ਦਰ ਲਹਿਰ ਦਾ ਬਹੁਤ ਡੂੰਘਾ ਅਸਰ ਸੀ, ਤਾਂ ਜਦੋਂ ਉਨ੍ਹਾਂ ਨੇ ਨਿਰੰਤਰ ਤੌਰ ਤੇ ਲਿਖਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦੀਆਂ ਜ਼ਿਆਦਾਤਰ ਲਿਖਤਾਂ ਇਸ ਲਹਿਰ ਤੋਂ ਪ੍ਰੇਰਤ 'ਕਿਰਤੀ' ਰਸਾਲੇ ਵਿੱਚ ਪ੍ਰਕਾਸ਼ਤ ਹੋਈਆਂ। ਜਿਥੋਂ ਤਕ ਅਛੂਤ ਦਾ ਸਵਾਲ ਅਤੇ ਮਜ਼ਹਬੀ ਕੱਟੜਪੰਥੀ ਅੰਧਵਿਸ਼ਵਾਸ ਆਦਿ ਅਲਾਮਤਾਂ ਦਾ ਸੰਬੰਧ ਹੈ। ਇਨ੍ਹਾਂ ਬਾਰੇ ਤਿੰਨ ਮੁੱਖ ਲੇਖਾਂ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਇਹ ਲੇਖ ਹਨ- 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ', 'ਮਜ਼ਹਬ ਤੇ ਸਾਡੀ ਆਜ਼ਾਦੀ ਦੀ ਜੰਗ', ਅਤੇ 'ਅਛੂਤ ਦਾ ਸਵਾਲ', ਇਨ੍ਹਾਂ ਤਿੰਨਾਂ ਲੇਖਾਂ ਚੋਂ ਪਹਿਲੇ ਦੋ ਲੇਖ ਜੋ ਕਿ

(ਬਾਕੀ ਅਗਲੇ ਸਫੇ ਤੇ)

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ

ਕ੍ਰਮਵਾਰ ਜੂਨ 1927 ਅਤੇ ਮਈ 1928 ਦੇ 'ਕਿਰਤੀ' ਵਿੱਚ ਛਪੇ ਸਨ, ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਵਿਚਾਰ ਦਾ ਪ੍ਰਗਟਾਵਾ ਕਰਦੇ ਹਨ। ਤੀਸਰਾ ਲੇਖ 'ਅਛੂਤ ਦਾ ਸਵਾਲ' 'ਕਿਰਤੀ' ਦੇ ਜੂਨ 1928 ਦੇ ਅੰਕ ਵਿੱਚ ਭਗਤ ਸਿੰਘ ਵਲੋਂ ਵਿਦਰੋਹੀ ਦੇ ਕਲਮੀ ਨਾਂ ਹੇਠ ਛਪਵਾਇਆ ਗਿਆ ਸੀ।

ਮਜ਼ਹਬ ਅਤੇ ਜਾਤਪਾਤ ਬਾਰੇ ਭਗਤ ਸਿੰਘ ਅਤੇ ਉਸ ਦੇ ਸਾਥੀ ਅੰਮ੍ਰਿਤਸਰ ਵਿਖੇ 11, 12 ਤੇ 13 ਅਪ੍ਰੈਲ 1928 ਨੂੰ ਹੋਈ ਪੰਜਾਬ ਪੋਲੀਟੀਕਲ ਕਾਨਫਰੰਸ ਅਤੇ ਨੌਜਵਾਨਾਂ ਦੀ ਕਾਨਫਰੰਸ ਦੌਰਾਨ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਹਿੰਦੇ ਹਨ, ''ਮਜ਼ਹਬ ਸਾਡੇ ਰਸਤੇ ਵਿੱਚ ਇਕ ਬੜਾ ਭਾਰੀ ਰੋੜਾ ਹੈ, ਮਸਲਨ ਅਸੀਂ ਚਾਹੁੰਦੇ ਹਾਂ ਕਿ ਸਭੇ ਲੋਕੀ ਇਕੋ ਜਿਹੇ ਹਨ। ਇਹਨਾਂ ਵਿੱਚ ਸਰਮਾਏਦਾਰਾਂ ਦੇ ਉਚ-ਨੀਚ ਦੀ, ਛੂਤ ਅਛੂਤ ਦੀ ਕੋਈ ਵੰਡ ਨਾ ਰਹੇ ਪਰ ਸਨਾਤਨ ਧਰਮ ਤੇ ਇਸ ਭਿੰਨ ਭੇਦ ਦੇ ਹੱਕ ਵਿੱਚ ਹੈ। ...ਜੇ ਇਸ ਮਜ਼ਹਬ ਦੇ ਵਿਰੁੱਧ ਕੁਝ ਨਾ ਕਹਿਣ ਦੀ ਸੌਂਹ ਖਾ ਲਈਏ ਤਾਂ ਚੁੱਪ ਕਰਕੇ ਘਰ ਬੈਠ ਜਾਣਾ ਚਾਹੀਦਾ ਹੈ। ਨਹੀਂ ਤਾਂ ਮਜ਼ਹਬ ਦੀ ਮੁਖਾਲਫ਼ਿਤ ਹੋਵੇਗੀ। ਲੋਕੀ ਇਹ ਵੀ ਕਹਿੰਦੇ ਹਨ ਕਿ ਇਨ੍ਹਾਂ ਬੁਰਾਈਆਂ ਦਾ ਸੁਧਾਰ ਕੀਤਾ ਜਾਵੇ। ਬਹੁਤ ਖ਼ੂਬ! ਛੂਤ ਅਛੂਤ ਨੂੰ ਜੋ ਸਵਾਮੀ ਦਯਾਨੰਦ ਹੁਰਾਂ ਮਿਟਾਇਆ ਤੇ ਚਾਰ ਵਰਨਾਂ ਤੋਂ ਅੱਗੇ ਉਹ ਵੀ ਨਾ ਵਧ ਸਕੇ। ਭਿੰਨ ਭੇਦ ਤਾਂ ਫਿਰ ਵੀ ਰਹਿ ਗਿਆ। ਗੁਰਦੁਆਰੇ ਵਿੱਚ ਜਾ ਕੇ ਜੋ ਸਿੱਖ 'ਰਾਜ ਕਰੇਗਾ ਖਾਲਸਾ' ਗਾ ਲੈਣ ਤੇ ਬਾਹਰ ਆ ਕੇ ਪੰਚਾਇਤੀ ਰਾਜ ਦੀਆਂ ਗੱਲਾਂ ਕਰਨ 'ਤੇ ਕੀ ਮਤਲਬ ਹੋਵੇਗਾ?'' ਨੌਜਵਾਨ ਭਾਰਤ ਸਭਾ ਦੇ ਮੈਨੀਫੈਸਟੋ ਵਿੱਚ, ਜਿਸ ਦੇ ਭਗਤ ਸਿੰਘ ਪਹਿਲੇ ਜਨਰਲ ਸੈਕਟਰੀ ਤੇ ਭਗਵਤੀ ਚਰਨ ਵੋਹਰਾ ਪ੍ਰਾਪੇਗੰਡਾ ਸਕੱਤਰ ਸਨ, ਮਜ਼ਹਬੀ ਵਹਿਮ ਅਤੇ ਕੱਟੜਪੰਥੀ ਦਾ ਵਿਰੋਧ ਕਰਦੇ ਹੋਏ ਜੋ ਵਿਚਾਰ ਪ੍ਰਗਟਾਏ ਗਏ ਹਨ ਉਨ੍ਹਾਂ ਦੀ ਮਹੱਤਤਾ ਅੱਜ ਵੀ ਉਸੇ ਤਰ੍ਹਾਂ ਹੀ ਜਾਪਦੀ ਹੈ। ਪੇਸ਼ ਹਨ ਕੁਝ ਸਤਰਾਂ, ''ਮਜ਼੍ਹਬੀ ਵਹਿਮ ਅਤੇ ਤੁਅੱਸਬ ਸਾਡੀ ਤਰੱਕੀ ਦੇ ਰਾਹ ਵਿੱਚ ਵੱਡੀ ਰੁਕਾਵਟ ਹਨ। ਇਹ ਹਮੇਸ਼ਾ ਸਾਡੇ ਰਾਹ ਵਿੱਚ ਰੋੜ੍ਹਾ ਸਾਬਤ ਹੋਏ ਹਨ ਅਤੇ ਸਾਨੂੰ ਇਨ੍ਹਾਂ ਨੂੰ ਪਰ੍ਹੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰਦੀ ਅਵੱਸ਼ ਖ਼ਤਮ ਹੋ ਜਾਂਦੀ ਹੈ''।

ਧਰਮ ਅਤੇ ਸਿਆਸਤ ਨੂੰ ਅਲੱਗ-ਅਲੱਗ ਰੱਖਣ ਵਾਸਤੇ ਭਗਤ ਸਿੰਘ ਅਤੇ ਉਸ ਦੇ ਸਾਥੀ 'ਧਰਮਵਾਰ (ਫ਼ਿਰਕੂ) ਫ਼ਸਾਦ ਤੇ ਉਨ੍ਹਾਂ ਦਾ ਇਲਾਜ' ਲੇਖ ਵਿੱਚ ਗ਼ਦਰ ਲਹਿਰ ਦਾ ਹਵਾਲਾ ਦਿੰਦੇ ਹੋਏ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ, ''1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿੱਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਆਪਣਾ ਵੱਖਰਾ ਕਰਤੱਵ ਹੈ, ਤੇ ਇਸ ਵਿੱਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਸ ਨੂੰ ਰਾਜਨੀਤੀ ਵਿੱਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਨੂੰ ਸਾਂਝੇ ਇਕ ਥਾਂ ਮਿਲ ਕੇ ਕੰਮ ਨਹੀਂ ਕਰਨ ਦੇਂਦਾ ਹੈ। ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿੱਚ ਵੀ ਇਕ-ਮੁੱਠ ਤੇ ਇਕ ਜਾਨ ਰਹੇ ਸਨ ਤੇ ਜਿਥੇ ਸਿੱਖ ਵਧ ਵਧ ਕੇ ਫਾਂਸੀਆਂ ਤੇ ਟੰਗੇ ਗਏ ਸਨ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ ਸੀ''।

ਸ਼ਹੀਦ ਭਗਤ ਸਿੰਘ ਭਾਰਤ ਵਿਚਲੀ ਜਾਤਪਾਤੀ ਅਲਾਮਤ ਨੂੰ ਵੀ ਧਰਮ ਦੀ ਹੀ ਦੇਣ ਮੰਨਦੇ ਸਨ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਭਾਰਤ ਵਿੱਚ ਨੀਵੀਆਂ ਸਮਝੀਆਂ ਜਾਣ ਵਾਲੀਆਂ ਜਾਤਾਂ ਤੋਂ, ਜੋ ਅਖੌਤੀ ਨੀਵੇਂ ਕੰਮ ਕਰਿਆ ਕਰਦੀਆਂ ਹਨ, ਨੂੰ ਪੁਸ਼ਤ-ਦਰ-ਪੁਸ਼ਤ ਇਨ੍ਹਾਂ ਹੀ ਕੰਮਾਂ ਵਿੱਚ ਲਗਾਏ ਰੱਖਣ ਲਈ ਉਚ ਜਾਤੀ ਦੇ ਲੋਕਾਂ ਨੇ ਧਾਰਮਿਕ ਫਲਸਫੇ ਰਾਹੀਂ ਉਨ੍ਹਾਂ ਨੂੰ ਅੰਧਵਿਸ਼ਵਾਸ ਵਿੱਚ ਫਸਾ ਕੇ ਉਨ੍ਹਾਂ ਦੇ ਇਨ੍ਹਾਂ ਗੰਦੇ ਕੰਮਾਂ ਵਿੱਚ ਫਸੇ ਰਹਿਣ ਨੂੰ ਹੀ ਮੁਕਤੀ ਦਾ ਦੁਆਰ ਦਰਸਾਇਆ। ਇਸ ਵਿਸ਼ੇ ਤੇ ਵਿਸਥਾਰ ਪੂਰਵਕ ਆਪਣੇ ਵਿਚਾਰ ਪੇਸ਼ ਕਰਦਿਆਂ ਉਹ 'ਅਛੂਤ ਦਾ ਸਵਾਲ' ਦੇ ਲੇਖ ਵਿੱਚ ਲਿਖਦੇ ਹਨ, ''ਸਭ ਤੋਂ ਪਹਿਲਾਂ ਇਹ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਸਭ ਇਨਸਾਨ ਇਕੋ ਜਿਹੇ ਹਨ ਅਤੇ ਨਾ ਤੇ ਜਨਮ ਨਾਲ ਕੋਈ ਭਿੰਨ ਭੇਦ ਪੈਂਦਾ ਹੈ ਤੇ ਨਾ ਕੰਮਕਾਜ ਨਾਲ। ਯਾਨੀ ਚੂੰਕਿ ਇਕ ਆਦਮੀ ਗ਼ਰੀਬ ਭੰਗੀ ਦੇ ਘਰ ਪੈਦਾ ਹੋ ਗਿਆ ਹੈ, ਇਸ ਕਰਕੇ ਸਾਰੀ ਉਮਰ ਟੱਟੀਆਂ ਹੀ ਸਾਫ਼ ਕਰੇਗਾ ਤੇ ਦੁਨੀਆਂ ਵਿੱਚ ਕਿਸੇ ਕਿਸਮ ਦੀ ਤਰੱਕੀ ਦਾ ਉਸ ਨੂੰ ਕੋਈ ਹੱਕ ਨਹੀਂ। ਇਹ ਗੱਲਾਂ ਫਜ਼ੂਲ ਹਨ। ਇਨ੍ਹਾਂ ਵਰਗਿਆਂ ਆਦਮੀਆਂ ਨਾਲ ਜਦੋਂ ਸਾਡੇ ਬਜ਼ੁਰਗ ਆਰੀਅਨ ਲੋਕਾਂ ਨੇ ਇਹ ਜ਼ੁਲਮ ਕੀਤਾ ਅਤੇ ਉਨ੍ਹਾਂ ਨੂੰ ਨੀਚ ਕਹਿ ਕੇ ਪਰ੍ਹੇ ਕਰ ਦਿੱਤਾ ਅਤੇ ਨੀਚ ਕੰਮ ਕਰਾਉਣ ਲੱਗ ਪਏ ਅਤੇ ਨਾਲ ਹੀ ਇਹ ਵੀ ਫ਼ਿਕਰ ਪਿਆ ਕਿ ਇਹ ਬਗ਼ਾਵਤ ਨਾ ਕਰ ਦੇਣ, ਤਦੋਂ ਪੁਨਰ ਜਨਮ ਦੀ ਫਿਲੋਸਫੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਤੁਹਾਡੇ ਪੁਰਾਣੇ ਜਨਮ ਦੇ ਪਾਪਾਂ ਦਾ ਫਲ ਹੈ। ਕੀ ਹੋ ਸਕਦਾ ਹੈ? ਚੁੱਪ ਕਰਕੇ ਗੁਜ਼ਾਰਾ ਕਰੋ। ਇਸ ਤਰ੍ਹਾਂ ਉਨ੍ਹਾਂ ਨੂੰ ਸਬਰ ਦਾ ਸਬਕ ਪੜ੍ਹਾ ਕੇ ਉਹ ਲੋਕੀ ਇਨ੍ਹਾਂ ਨੂੰ ਚਿਰ ਵਾਸਤੇ ਚੁੱਪ ਕਰਾ ਗਏ। ਪਰ ਉਨ੍ਹਾਂ ਬੜਾ ਪਾਪ ਕੀਤਾ। ਇਨਸਾਨਾਂ ਦੇ ਅੰਦਰੋਂ ਇਨਸਾਨੀਅਤ ਦਾ ਮਾਦਾ ਆਤਮਵਿਸ਼ਵਾਸ ਅਤੇ ਆਤਮ-ਨਿਰਭਰਤਾ ਦਾ ਭਾਵ ਮਾਰ ਸੁੱਟਿਆ ਬੜਾ ਜ਼ੁਲਮ ਤੇ ਕਹਿਰ ਕਮਾਇਆ ਖ਼ੈਰ ਅੱਜ ਉਸ ਦੇ ਪ੍ਰਾਸ਼ਚਿਤ ਦਾ ਵੇਲਾ ਹੈ। ...

ਇਸ ਦੇ ਨਾਲ ਹੀ ਇਕ ਹੋਰ ਖ਼ਰਾਬੀ ਪੈਦਾ ਹੋ ਗਈ। ਲੋਕਾਂ ਦੇ ਦਿਲਾਂ ਵਿੱਚ ਜ਼ਰੂਰੀ ਕੰਮਾਂ ਵਾਸਤੇ ਘਿਰਣਾ ਪੈਦਾ ਹੋ ਗਈ। ਅਸੀਂ ਜੁਲਾਹੇ ਨੂੰ ਵੀ ਪਰ੍ਹੇ ਦੁਰਕਾਰ ਦਿੱਤਾ ਤੇ ਅੱਜ ਕੱਪੜਾ ਬੁਣਨ ਵਾਲੇ ਅਛੂਤ ਸਮਝੇ ਜਾਂਦੇ ਹਨ। ਯੂ. ਪੀ. ਵੱਲ ਕਹਾਰ (ਝੀਰ) ਨੂੰ ਵੀ ਅਛੂਤ ਸਮਝਿਆ ਜਾਂਦਾ ਹੈ। ਇਸ ਨਾਲ ਬੜੀ ਖਰਾਬੀ ਪੈਦਾ ਹੋ ਗਈ ਜਿਸ ਨਾਲ ਕਿ ਸਾਡੀ ਤਰੱਕੀ ਵਿੱਚ ਬੜੀ ਰੁਕਾਵਟ ਪੈਂਦੀ ਹੈ''।

ਉਪਰੋਕਤ ਵਰਣਿਤ ਵਿਚਾਰਾਂ ਤੋਂ ਇਹ ਸਾਫ-ਸਾਫ ਜ਼ਾਹਿਰ ਹੁੰਦਾ ਹੈ ਕਿ ਅਛੂਤ ਵਰਗ ਦੀ ਦਾਸਤਾਂ ਪਿਛੇ ਧਰਮ ਦੀ ਕਿੰਨੀ ਵੱਡੀ ਘਿਨਾਉਣੀ ਭੂਮਿਕਾ ਹੈ ਜਿਸ ਦੇ ਤਹਿਤ ਉਹ ਅਖੌਤੀ ਘਟੀਆ ਤੋਂ ਘਟੀਆ ਕੰਮ ਵਿੱਚ ਆਪਣੀ ਖ਼ੂਨ ਪਸੀਨੇ ਦੀ ਮਿਹਨਤ ਦੇ ਬਾਵਜੂਦ ਵੀ ਜ਼ਿੰਦਗੀ ਦੀ ਸੁੱਖ-ਸੁਵਿਧਾ ਦਾ ਕੋਈ ਲਾਭ ਨਹੀਂ ਉਠਾ ਸਕਦਾ ਅਤੇ ਬਜਾਏ ਕਿ ਉਹ ਆਪਣੀ ਇਸ ਤਰਾਸਦੀ ਵਾਲੀ ਜ਼ਿੰਦਗੀ ਲਈ ਕਿਸੇ ਨੂੰ ਜ਼ਿੰਮੇਵਾਰ ਠਹਿਰਾਵੇ ਉਹ ਇਸ ਨੂੰ ਆਪਣੀ ਕਿਸਮਤ ਹੀ ਸਮਝ ਬੈਠਦਾ ਹੈ।

ਭਾਰਤ ਵਿੱਚ ਮਜ਼ਹਬ ਦੀ ਗੱਲ ਕਰਦਿਆਂ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿੱਚ ਕਟਾਸਮਈ ਤਰੀਕੇ ਨਾਲ ਅਗਾਂਹ ਲਿਖਦੇ ਹਨ, ''ਸਾਡਾ ਮੁਲਕ ਬੜਾ ਅਧਿਆਤਮਵਾਦੀ ਯਾਨੀ ਰੂਹਾਨੀਅਤ ਪਸੰਦ ਹੈ, ਅਸੀਂ ਮਨੁੱਖ ਨੂੰ ਮਨੁੱਖ ਦਾ ਦਰਜਾ ਦੇਣੋਂ ਵੀ ਝਕਦੇ ਹਾਂ ਤੇ ਉਹ ਬਿਲਕੁਲ ਹੀ ਮਾਇਆਵਾਦੀ ਯੂਰੋਪ ਕਈ ਸਦੀਆਂ ਤੋਂ ਇਕ-ਮਈ ਦਾ ਸ਼ੋਰ ਮਚਾ ਰਿਹਾ ਹੈ। ਉਨ੍ਹਾਂ ਥ਼ਰ਼ਚ.;ਜਵਖ (ਬਰਾਬਰੀ) ਦਾ ਐਲਾਨ ਅਮਰੀਕਾ ਅਤੇ ਫ਼ਰਾਂਸ ਦੇ ਇਨ-ਕਲਾਬ ਵਿੱਚ ਹੀ ਕਰ ਦਿੱਤਾ ਸੀ ਤੇ ਅੱਜ ਰੂਸ ਨੇ ਹੋਰ ਵੀ ਕਿਸੇ ਕਿਸਮ ਭਿੰਨ ਭੇਦ ਮਿਟਾਉਣ ਦੀ ਖਾਤਰ ਇਕਮਈ ਦੇ ਅਸੂਲ ਤੇ ਲੱਕ ਬੱਧਾ ਹੋਇਆ ਹੈ ਤੇ ਅਸੀਂ ਸਦਾ ਹੀ ਆਤਮਾ ਪਰਮਾਤਮਾ ਦੇ ਰੋਣੇ ਰੋਣ ਵਾਲੇ ਅੱਜ ਵੀ ਅਸੀਂ ਇਸ ਗੱਲ ਤੇ ਜ਼ੋਰ ਨਾਲ ਬਹਿਸ ਕਰਕੇ ਕਿ ਅਛੂਤਾਂ ਨੂੰ ਜਨੇਊ ਦੇ ਦਿੱਤਾ ਜਾਵੇਗਾ, ਕੀ ਉਹ ਵੇਦ ਸਾਸ਼ਤਰ ਪੜ੍ਹਨ ਦੇ ਹੱਕਦਾਰ ਹਨ ਕਿ ਨਹੀਂ! ਅਸੀਂ ਨਾ ਮਨਜ਼ੂਰ ਕਰ ਦਿੰਦੇ ਹਾਂ ਤੇ ਸਾਨੂੰ ਸ਼ਿਕਾਇਤ ਇਹ ਹੈ ਕਿ ਦੂਜੇ ਮੁਲਕਾਂ ਵਿੱਚ ਸਾਡੇ ਨਾਲ ਸਲੂਕ ਚੰਗਾ ਨਹੀਂ ਹੁੰਦਾ। ਗੋਰੇਸ਼ਾਹੀ ਵਿੱਚ ਸਾਨੂੰ ਗੋਰੇ ਦੇ ਬਰਾਬਰ ਨਹੀਂ ਸਮਝਿਆ ਜਾਂਦਾ ਹੈ ਸਾਨੂੰ ਇਹ ਸ਼ਿਕਾਇਤ ਕਰਨ ਦਾ ਹੱਕ ਹੀ ਕੀ ਹੈ?'' ਸਿੰਧ ਦੇ ਇਕ ਮੁਸਲਮਾਨ ਸੱਜਣ ਮਿ. ਨੂਰ ਮੁਹੰਮਦ ਮੈਂਬਰ ਬੰਬਈ ਕੌਂਸਲ ਦੇ 1926 ਵਿੱਚ ਇਸ ਮਸਲੇ ਤੇ ਹਵਾਲੇ ਨਾਲ ਗੱਲ ਕਰਦੇ ਹੋਏ ਭਗਤ ਸਿੰਘ ਲਿਖਦੇ ਹਨ ਕਿ, ''ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਇਕ ਇਨਸਾਨ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਇਨਕਾਰੀ ਹੋ, ਜਾਂ ਜਦੋਂ ਤੁਸੀਂ ਉਨ੍ਹਾਂ ਨੂੰ ਮਦਰੱਸੇ ਵਿੱਚ ਪੜ੍ਹਨ ਹੀ ਨਹੀਂ ਦੇਂਦੇ, ਤਾਂ ਤੁਹਾਡਾ ਕੀ ਹੱਕ ਹੈ ਕਿ ਆਪਣੇ ਵਾਸਤੇ ਹੋਰ ਹਕੂਕ ਮੰਗੋ? ਜਦ ਤੁਸੀਂ ਇਕ ਇਨਸਾਨ ਦੇ ਸਾਧਾਰਨ ਅਧਿਕਾਰ ਦੇਣ ਤੋਂ ਵੀ ਇਨਕਾਰੀ ਹੋ ਤਾਂ ਤੁਸੀਂ ਹੋਰ ਪੋਲੀਟੀਕਲ ਹੱਕ ਮੰਗਣ ਦੇ ਅਧਿਕਾਰੀ ਕਿਥੋਂ ਬਣ ਗਏ? ਗੱਲ ਬੜੀ ਸੱਚੀ ਹੈ, ਪਰ ਇਹ ਚੂੰਕਿ ਇਕ ਮੁਸਲਮਾਨ ਨੇ ਕਹੀ ਹੈ, ਇਸ ਵਾਸਤੇ ਹਿੰਦੂ ਕਹਿਣ ਲੱਗ ਪੈਂਦੇ ਹਨ, ਦੇਖੋ ਜੀ, ਉਹ ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਵਿੱਚ ਮਿਲਾਉਣਾ ਚਾਹੁੰਦੇ ਹਨ। ਉਨ੍ਹਾਂ ਤੇ ਸਾਫ ਮੰਨ ਲਿਆ ਹੈ ਕਿ ਜਦੋਂ ਤੁਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਪਸ਼ੂਆਂ ਨਾਲੋਂ ਵੀ ਗਿਆ ਗੁਜ਼ਰਿਆ ਸਮਝੋਗੇ ਤੇ ਉਹ ਜ਼ਰੂਰ ਹੀ ਦੂਜਿਆਂ ਮਜ਼੍ਹਬਾਂ ਵਿੱਚ ਜਾ ਸ਼ਾਮਲ ਹੋਣਗੇ। ਜਿਨ੍ਹਾਂ ਵਿੱਚ ਕਿ ਉਨ੍ਹਾਂ ਨੂੰ ਵਧੇਰੇ ਅਧਿਕਾਰ ਮਿਲਣਗੇ, ਜਿਥੇ ਕਿ ਉਨ੍ਹਾਂ ਨਾਲ ਆਦ-ਮੀਆਂ ਵਾਲਾ ਸਲੂਕ ਕੀਤਾ ਜਾਵੇਗਾ। ਫੇਰ ਇਹ ਕਹਿਣਾ ਕਿ ਦੇਖੋ ਜੀ ਈਸਾਈ ਤੇ ਮੁਸਲਮਾਨ ਹਿੰਦੂ ਕੌਮ ਨੂੰ ਨੁਕਸਾਨ ਪੁਚਾ ਰਹੇ ਹਨ, ਫਜ਼ੂਲ ਹੋਵੇਗਾ''।

ਜਿਸ ਸਮੇਂ ਸ਼ਹੀਦ ਭਗਤ ਸਿੰਘ ਦਾ 'ਅਛੂਤ ਦਾ ਸਵਾਲ' ਲੇਖ ਛਪਦਾ ਹੈ ਉਸ ਸਮੇਂ ਤਕ ਪੰਜਾਬ ਦਾ ਰਾਜਨੀਤਕ ਅਖਾੜਾ ਮਘ ਚੁੱਕਾ ਹੁੰਦਾ ਹੈ। ਪੰਜਾਬ ਦੇ ਸਿਆਸੀ ਅਖਾੜੇ ਵਿੱਚ ਮੁਸਲਿਮ ਲੀਗ, ਅਹਿਮਦੀਆਂ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜੀ, ਕਾਂਗਰਸ ਪਾਰਟੀ ਆਦਿ ਸਭ ਧਰਮ ਦੇ ਆਧਾਰ ਤੇ ਆਪਣੀਆਂ-ਆਪਣੀਆਂ ਵੋਟਾਂ ਮਗਰ ਲੱਗੇ ਹੋਏ ਸਨ। ਹਰ ਇਕ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਸੰਪ੍ਰਦਾਇਕ ਆਧਾਰਤ ਰਾਜਨੀਤੀ ਵਿੱਚ ਉਹ ਕਿਤੇ ਪਿਛੇ ਨਾ ਰਹਿ ਜਾਏ। ਇਸ ਮਾਮਲੇ ਵਿੱਚ ਅੰਗਰੇਜ਼ ਆਪਣੀ 'ਪਾੜੋ ਅਤੇ ਰਾਜ ਕਰੋ' ਦੀ ਕੂਟਨੀਤੀ ਵਿੱਚ ਖੂਬ ਸਫਲ ਹੋ ਰਹੇ ਸਨ। ਇਸ ਮਸਲੇ ਨਾਲ ਸੰਬੰਧਤ ਕਾਕੀਨਾੜਾ ਵਿਖੇ 1923 ਵਿੱਚ ਕਾਂਗਰਸ ਦੇ ਇਜਲਾਸ ਦੌਰਾਨ ਮੁਹੰਮਦ ਅਲੀ ਨੇ ਅਛੂਤਾਂ ਨੂੰ ਹਿੰਦੂ ਅਤੇ ਮੁਸਲਮਾਨ ਮਿਸ਼ਨਰੀ ਸੰਸਥਾਵਾਂ ਵਿੱਚ ਵੰਡ ਦੇਣ ਦਾ ਵੀ ਸੁਝਾਅ ਦਿੱਤਾ। ਅਮੀਰ ਮੁਸਲਮਾਨ ਪੈਸੇ ਦੇ ਜ਼ੋਰ ਨਾਲ ਵੀ ਅਛੂਤਾਂ ਨੂੰ ਆਪਣੇ ਵੱਲ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ ਅਤੇ ਇਸੇ ਤਰ੍ਹਾਂ ਹਿੰਦੂ ਵੀ ਦਲਿਤ ਉਧਾਰ ਸੰਸਥਾਵਾਂ ਬਣਾ ਕੇ ਅਛੂਤਾਂ ਨੂੰ ਆਪਣੇ ਵਿੱਚ ਹੀ ਅੰਕਿਤ ਕਰਵਾ ਰਹੇ ਸਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਜਿਥੇ ਅਛੂਤਾਂ ਦੀ ਖਿੱਚਧੂਹ ਕਰ ਰਹੀਆਂ ਸਨ ਉਥੇ ਇਹ ਮਜ਼੍ਹਬੀ ਵੰਡਾ ਨੂੰ ਵੀ ਖ਼ੂਬ ਤੂਲ ਦੇ ਰਹੀਆਂ ਸਨ। ਇਸ ਮਸਲੇ ਨੂੰ ਮੱਦੇਨਜ਼ਰ ਰੱਖਦੇ ਹੋਏ ਭਗਤ ਸਿੰਘ ਆਪਣੇ ਇਸ ਲੇਖ ਵਿੱਚ ਅੱਗੇ ਲਿਖਦੇ ਹਨ, ''ਮੁਲਕ ਵਿੱਚ ਆਜ਼ਾਦੀ ਦਾ ਜੋ ਵਿਕਾਸ ਹੋ ਰਿਹਾ ਹੈ, ਉਸ ਵਿੱਚ ਫ਼ਿਰਕਾਵਾਰਾਨਾ ਨਿਆਬੁਤ ਨੇ ਹੋਰ ਕੋਈ ਫਾਇਦਾ ਕੀਤਾ ਹੋਵੇ ਜਾਂ ਨਾ ਕੀਤਾ ਹੋਵੇ, ਇਹ ਫਾਇਦਾ ਜ਼ਰੂਰ ਕੀਤਾ ਹੈ ਕਿ ਵਧੀਕ ਹਕੂਕ ਮੰਗਣ ਵਾਸਤੇ ਆਪਣੀ ਕੌਮ ਦੀ ਗਿਣਤੀ ਵਧਾਉਣ ਦਾ ਫਿਕਰ ਸਭਨਾਂ ਨੂੰ ਪਿਆ ਮੁਸਲਮਾਨਾਂ ਨੇ ਜ਼ਰਾ ਵਧੇਰੇ ਜ਼ੋਰ ਦਿੱਤਾ। ਉਨ੍ਹਾਂ ਅਛੂਤਾਂ ਨੂੰ ਮੁਸਲਮਾਨ ਬਣਾ ਕੇ ਆਪਣੇ ਬਰਾਬਰ ਦਾ ਇਨਸਾਨ ਬਣਾ ਕੇ ਉਨ੍ਹਾਂ ਨੂੰ ਆਦਮੀ ਦੇ ਹਕੂਕ ਦੇਣੇ ਸ਼ੁਰੂ ਕਰ ਦਿੱਤੇ। ਹੁਣ ਹਿੰਦੂਆਂ ਦੇ ਵੀ ਸੱਟ ਵੱਜੀ। ਜ਼ਿੱਦ ਵਧੀ। ਫਸਾਦ ਵੀ ਹੋਏ। ਖ਼ੈਰ! ਹੌਲੀ-ਹੌਲੀ ਸਿੱਖਾਂ ਵਿੱਚ ਵੀ ਖ਼ਿਆਲ ਪੈਦਾ ਹੋਇਆ ਕਿ ਅਸੀਂ ਨਾ ਪਿੱਛੇ ਰਹਿ ਜਾਈਏ ਉਹਨਾਂ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਹਿੰਦੂਆਂ ਸਿੱਖਾਂ ਵਿੱਚ ਅਛੂਤਾਂ ਦੇ ਜਨੇਊ ਲਾਹੁਣ ਜਾਂ ਕੇਸ ਕਟਾਉਣ ਦੇ ਸਵਾਲਾਂ ਤੇ ਝਗੜੇ ਹੋਏ। ਹੁਣ ਤਿੰਨੇ ਕੌਮਾਂ ਉਨ੍ਹਾਂ ਨੂੰ ਆਪਣੇ-ਆਪਣੇ ਵੱਖ ਖਿੱਚ ਰਹੀਆਂ ਹਨ ਤੇ ਬੜਾ ਸ਼ੋਰ ਸ਼ਰਾਬਾ ਹੈ। ਉਧਰ ਈਸਾਈ ਚੁੱਪ ਚਾਪ ਉਨ੍ਹਾਂ ਦਾ ਰੁਤਬਾ ਵਧਾ ਰਹੇ ਹਨ। ਇਸ ਸਾਰੀ ਹਲਚਲ ਨਾਲ ਹਿੰਦੋਸਤਾਨ ਦੀ ਲਾਅਨਤ ਦੂਰ ਹੋ ਰਹੀ ਹੈ''।

ਇਕ ਪਾਸੇ ਅਛੂਤਾਂ ਨਾਲ ਰਾਜਨੀਤਿਕ ਪੈਂਤੜੇ ਤੇ ਆਧਾਰਤ ਉਤੋਂ-ਉਤੋਂ ਨੇੜਤਾ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਬ੍ਰਾਹਮਣਵਾਦੀ ਵਰਨ ਵਿਵਸਥਾ ਨੂੰ ਕੁਦਰਤ ਦੀ ਦੇਣ ਮੰਨ ਕੇ ਉਨ੍ਹਾਂ ਤੇ ਅਣਮਨੁੱਖੀ ਤਸ਼ੱਦਦ ਦਾ ਕਹਿਰ ਢਾਹਿਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਆਪਣੇ ਇਸ ਲੇਖ ਵਿੱਚ ਇਸ ਵਿਰੋਧਾਭਾਸ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ, ''ਸਾਡੇ ਮੁਲਕ ਜਿੰਨੀ ਭੈੜੀ ਹਾਲਤ ਕਿਸੇ ਹੋਰ ਮੁਲਕ ਦੀ ਨਹੀਂ ਹੋਣੀ। ਇਥੇ ਅਜੀਬ ਤੋਂ ਅਜੀਬ ਸਵਾਲ ਪੈਦਾ ਹੋਏ ਹੁੰਦੇ ਹਨ। ਇਕ ਬੜਾ ਭਾਰੀ ਸਵਾਲ ਅਛੂਤ ਦਾ ਹੈ। ਸਵਾਲ ਇਹ ਕੀਤਾ ਜਾਂਦਾ ਹੈ ਕਿ 30 ਕਰੋੜ ਦੀ ਆਬਾਦੀ ਵਾਲੇ ਮੁਲਕ ਵਿੱਚ ਜੋ 6 ਕਰੋੜ ਆਦਮੀ ਅਛੂਤ ਕਹਾਉਂਦੇ ਹਨ, ਉਨ੍ਹਾਂ ਨਾਲ ਛੂਹ ਲੈਣ ਨਾਲ ਧਰਮ ਭ੍ਰਿਸ਼ਟ ਤੇ ਨਾ ਹੋਵੇਗਾ? ਕੀ ਉਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੇਣ ਨਾਲ ਦੇਵਤੇ ਨਾਰਾਜ਼ ਤੇ ਨਾ ਹੋ ਜਾਣਗੇ? ਕੀ ਉਨ੍ਹਾਂ ਦੇ ਖੂਹ ਤੋਂ ਪਾਣੀ ਕੱਢ ਲੈਣ ਨਾਲ ਖੂਹ ਪਲੀਤ ਤੇ ਨਾ ਹੋ ਜਾਵੇਗਾ? ਇਹ ਸਵਾਲ ਵੀਹਵੀਂ ਸਦੀ ਵਿੱਚ ਕੀਤੇ ਜਾ ਰਹੇ ਹਨ ਜਿਨ੍ਹਾਂ ਨੂੰ ਕਿ ਸੁਣਦਿਆਂ ਹੀ ਸ਼ਰਮ ਆਉਂਦੀ ਹੈ। ... ਜ਼ਰਾ ਸੋਚੋ ਤਾਂ ਸਹੀ ਕਿੱਡੀ ਸ਼ਰਮ ਦੀ ਗੱਲ ਹੈ। ਕੁੱਤਾ ਸਾਡੀ ਗੋਦ ਵਿੱਚ ਬੈਠ ਸਕਦਾ ਹੈ, ਸਾਡੇ ਚੌਕੇ ਵਿੱਚ ਨਿਸ਼ੰਗ ਫਿਰਦਾ ਹੈ ਪਰ ਇਕ ਆਦਮੀ ਸਾਡੇ ਨਾਲ ਛੂਹ ਜਾਵੇ ਤਾਂ ਬੱਸ ਧਰਮ ਖਰਾਬ ਹੋ ਜਾਂਦਾ ਹੈ, ਫੇਰ ਤੇ ਪੰਡਿਤ ਮਾਲਵੀਆ ਜੀ ਜੈਸੇ ਬੜੇ ਸਮਾਜ ਸੁਧਾਰਕ, ਅਛੂਤਾਂ ਦੇ ਬੜੇ ਪ੍ਰੇਮੀ ਹੋਰ ਵੀ ਨਾ ਜਾਣੇ ਕੀ-ਕੀ ਪਹਿਲੋਂ ਇਕ ਚੂਹੜੇ ਦੇ ਹੱਥੋਂ ਹਾਰ ਪੁਆ ਲੈਂਦੇ ਹਨ, ਪਿਛੋਂ ਕੱਪੜਿਆਂ ਸਮੇਤ ਇਸ਼ਨਾਨ ਕੀਤਿਆਂ ਬਿਨਾਂ ਆਪਣੇ ਆਪ ਨੂੰ ਅਸ਼ੁੱਧ ਸਮਝਦੇ ਹਨ। ਕਿਆ ਖ਼ੂਬ ਇਹ ਚਾਲ ਹੈ। ਸਭ ਨੂੰ ਪਿਆਰ ਕਰਨ ਵਾਲਾ ਰੱਬ! ਉਸ ਦੀ ਪੂਜਾ ਕਰਨ ਵਾਸਤੇ ਜੋ ਮੰਦਰ ਬਣਿਆ ਹੈ, ਉਥੇ ਅਗਰ ਉਹ ਗ਼ਰੀਬ ਜਾ ਵੜੇ ਤਾਂ ਮੰਦਰ ਪਲੀਤ ਹੋ ਜਾਂਦਾ ਹੈ, ਰੱਬ ਨਾਰਾਜ਼ ਹੋ ਜਾਂਦਾ ਹੈ। ਘਰ ਦੀ ਇਹ ਹਾਲਤ ਹੋਵੇ ਤੇ ਬਾਹਰ ਅਸੀਂ ਥ਼ਰ਼ਚ.;ਜਵਖ ਜਾਂ ਬਰਾਬਰੀ ਦੇ ਨਾਮ ਤੇ ਝਗੜਦੇ ਚੰਗੇ ਲਗਦੇ ਹਾਂ? ਫੇਰ ਸਾਡੇ ਇਸ ਰਵੱਈਏ ਵਿੱਚ ਕ੍ਰਿਤ ਘਣਤਾ ਦੀ ਵੀ ਹੱਦ ਪਾਈ ਜਾਂਦੀ ਹੈ। ਜੋ ਸਾਡੇ ਵਾਸਤੇ ਨੀਚ ਤੋਂ ਨੀਚ ਕੰਮ ਕਰਕੇ ਸਾਡੇ ਸੁੱਖਾਂ ਵਿੱਚ ਵਾਧਾ ਕਰਦੇ ਹਨ, ਉਨ੍ਹਾਂ ਨੂੰ ਹੀ ਅਸੀਂ ਪਰ੍ਹੇ ਪਰ੍ਹੇ ਕਰਦੇ ਹਾਂ। ਜਾਨ-ਵਰਾਂ ਦੀ ਪੂਜਾ ਕਰ ਸਕਦੇ ਹਾਂ ਪਰ ਇਨਸਾਨ ਨੂੰ ਕੋਲ ਵੀ ਨਹੀਂ ਬਿਠਾ ਸਕਦੇ''?

ਜਦੋਂ ਮੁਸਲਿਮ, ਈਸਾਈ ਅਤੇ ਸਿੱਖ ਧਰਮ ਵੱਲ ਦਲਿਤ ਵਰਗ ਦੇ ਲੋਕ ਧਰਮ ਪਰਿਵਰਤਨ ਲਈ ਰੁੱਖ ਕਰਦੇ ਹਨ ਤਾਂ ਇਸ ਗਤੀਵਿਧੀ ਦਾ ਹਿੰਦੂਆਂ ਨੂੰ ਵੀ ਫਿਕਰ ਪੈਂਦਾ ਹੈ। ਉਨ੍ਹਾਂ ਨੂੰ ਦਲਿਤ ਦੇ ਹਿੰਦੂ ਧਰਮ ਨੂੰ ਛੱਡ ਦੇਣ ਦਾ ਜੋ ਨੁਕਸਾਨ ਲਗਦਾ ਹੈ ਉਹ ਜ਼ਿਆਦਾ ਤੌਰ ਤੇ ਰਾਜਨੀਤਿਕ ਪੱਧਰ ਤੇ ਹੈ ਕਿਉਂਕਿ ਜਦੋਂ ਹਿੰਦੂ ਧਰਮ ਵਿੱਚ ਅੰਕਿਤ ਕੀਤੇ ਜਾਣ ਵਾਲੇ ਦਲਿਤ ਲੋਕ ਆਪਣੇ-ਆਪ ਨੂੰ ਹਿੰਦੂ ਧਰਮ ਤੋਂ ਕਿਨਾਰਾ ਕਰਕੇ ਦੂਸਰਿਆਂ ਧਰਮਾਂ ਵਿੱਚ ਪ੍ਰਵੇਸ਼ ਕਰਨਗੇ ਤਾਂ ਇਸ ਨਾਲ ਜਿਸ ਧਰਮ ਵਿੱਚ ਉਹ ਪ੍ਰਵੇਸ਼ ਕਰਦੇ ਹਨ ਉਸ ਦੀ ਸੰਖਿਆ ਵਿੱਚ ਵਾਧਾ ਹੁੰਦਾ ਹੈ ਅਤੇ ਇਸ ਸਿੱਧਾ ਨੁਕਸਾਨ ਹਿੰਦੂ ਧਰਮ ਵਾਲਿਆਂ ਦੀ ਗਿਣਤੀ ਦੇ ਘਟਣ ਵਿੱਚ ਸਾਹਮਣੇ ਆਉਂਦਾ ਹੈ ਜਿਸ ਨੂੰ ਉਹ ਪਚਾ ਨਹੀਂ ਸਨ ਸਕਦੇ। ਦਲਿਤਾਂ ਵਲੋਂ ਹਿੰਦੂ ਧਰਮ ਨੂੰ ਛੱਡ ਜਾਣ ਦੇ ਮਸਲੇ ਤੇ ਵਿਚਾਰ ਕਰਦੇ ਹੋਏ ਭਗਤ ਸਿੰਘ 'ਅਛੂਤ ਦਾ ਸਵਾਲ' ਲੇਖ ਵਿੱਚ ਲਿਖਦੇ ਹਨ, ''ਠੀਕ ਇਸੇ ਗੱਲ ਦਾ ਫਿਕਰ ਹਿੰਦੂਆਂ ਨੂੰ ਵੀ ਪਿਆ। ਸਨਾਤਨੀ ਪੰਡਿਤ ਵੀ ਕੁਝ ਕੁ ਇਸ ਮਸਲੇ 'ਤੇ ਸੋਚਣ ਲੱਗੇ। ਵਿੱਚ ਵਿੱਚ ਬੜੇ ''ਯੁੱਗ ਪਲਟਾਊ'' ਕਹਾਉਣ ਵਾਲੇ ਵੀ ਸ਼ਾਮਲ ਹੋਏ। ਪਟਨਾ ਹਿੰਦੂ ਮਹਾਂਸਭਾ ਹੋਈ। ਲਾਲਾ ਲਾਜਪਤ ਰਾਏ, ਜਿਹੜੇ ਕਿ ਅਛੂਤਾਂ ਦੇ ਬੜੇ ਪੁਰਾਣੇ ਹਾਮੀ ਚਲੇ ਆਉਂਦੇ ਹਨ, ਪ੍ਰਧਾਨ ਸਨ। ਬੜੀ ਬਹਿਸ ਛਿੜੀ, ਗਰਮਾ-ਗਰਮ ਝੜਪਾਂ ਹੋਈਆਂ, ਮਾਮਲਾ ਇਹ ਦਰਪੇਸ਼ ਸੀ, ਕਿ ਕੀ ਅਛੂਤਾਂ ਨੂੰ ਯਗੋ-ਪਵੀਤ (ਜਨੇਊ) ਪਾਉਣ ਦਾ ਹੱਕ ਹੈ? ਤੇ ਕੀ ਉਨ੍ਹਾਂ ਨੂੰ ਵੇਦ ਸਾਸ਼ਤਰ ਪੜ੍ਹਨ ਦਾ ਹੱਕ ਹੈ? ਬੜੇ ਬੜੇ ਵਕਰਿਗਠਕਗ (ਸਮਾਜ ਸੁਧਾਰਕ) ਗਰਮ ਹੋ ਪਏ, ਪਰ ਲਾਲਾ ਜੀ ਨੇ ਸਭ ਨੂੰ ਸਮਝਾ ਲਿਆ, ਤੇ ਇਹ ਦੋਵੇਂ ਗੱਲਾਂ ਮਨਜ਼ੂਰ ਕਰ ਕੇ ਹਿੰਦੂ ਧਰਮ ਦੀ ਲਾਜ ਰੱਖ ਲਈ''।

ਰਾਜਨੀਤਿਕ ਪੈਂਤੜੇ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਦਲਿਤ ਵਸੋਂ ਦੀ ਆਪਣੇ-ਆਪਣੇ ਵੱਲ ਖਿੱਚੋ-ਤਾਣੀ ਨੇ ਦਲਿਤ ਲੋਕਾਂ ਦੇ ਮਨਾਂ ਅੰਦਰ ਵੀ ਉਨ੍ਹਾਂ ਦੀ ਚੋਖੀ ਸੰਖਿਆ ਦੀ ਰਾਜਨੀਤਿਕ ਸ਼ਕਤੀ ਵਜੋਂ ਹੈਸੀਅਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਸ਼ਹੀਦ ਭਗਤ ਸਿੰਘ ਦੇ ਸ਼ਬਦਾਂ ਵਿੱਚ, ''ਇਧਰ ਜਦੋਂ ਅਛੂਤਾਂ ਦੇਖਿਆ ਕਿ ਸਾਡੀ ਖਾਤਰ ਇਹਨਾਂ ਵਿੱਚ ਫਸਾਦ ਹੋ ਰਿਹਾ ਹੈ ਅਤੇ ਸਾਨੂੰ ਹਰ ਕੋਈ ਆਪਣੀ ਆਪਣੀ ਖੁਰਾਕ ਸਮਝ ਰਿਹਾ ਹੈ ਤਾਂ ਅਸੀਂ ਜੁਦੇ ਹੀ ਕਿਉਂ ਨਾ ਸੰਗਠਤ ਹੋਈਏ। ਇਸ ਖ਼ਿਆਲ ਨੂੰ ਸ਼ੁਰੂ ਕਰਨ ਵਿੱਚ ਸਰਕਾਰ ਅੰਗਰੇਜ਼ੀ ਦਾ ਕੋਈ ਹੱਥ ਹੋਵੇ ਜਾਂ ਨਾ ਹੋਵੇ, ਇੰਨਾ ਜ਼ਰੂਰ ਹੈ ਕਿ ਉਸ ਦੇ ਪ੍ਰਚਾਰ ਵਿੱਚ ਸਰਕਾਰੀ ਆਦਮੀਆਂ ਦਾ ਵੀ ਕਾਫ਼ੀ ਹੱਥ ਹੈ ਸੀ। ਆਦਿ ਧਰਮ ਮੰਡਲ ਆਦਿਕਾ ਉਸੇ ਵਿਚਾਰ ਦੇ ਪ੍ਰਚਾਰ ਦਾ ਨਤੀਜਾ ਹਨ''। ਭਗਤ ਸਿੰਘ ਦਾ ਆਪਣੇ ਇਸ ਇਤਿਹਾਸਕ ਲੇਖ ਵਿੱਚ ਆਦਿ ਧਰਮ ਮੰਡਲ ਦਾ ਜ਼ਿਕਰ ਕਰਨਾ ਉਨ੍ਹਾਂ ਦੀ ਤਤਕ-ਾਲੀਨ ਭਖਵੇਂ ਮੁੱਦਿਆਂ ਤੇ ਡੂੰਘੀ ਪਕੜ ਦੀ ਨਿਸ਼ਾਨਦੇਹੀ ਕਰਦਾ ਹੈ। ਆਦਿ ਧਰਮ ਮੰਡਲ ਲਹਿਰ ਉਸ ਵੇਲੇ ਦੇ ਵਿਸ਼ਾਲ ਪੰਜਾਬ ਅੰਦਰ ਮਘ ਰਹੀ ਫਿਰਕੇਵਾਰਾਨਾ ਸਿਆਸਤ ਤੋਂ ਸੁਚੇਤ ਅਤੇ ਦਲਿਤ ਵਰਗ ਦੀ ਇਕ ਵੱਖਰੀ ਪਛਾਣ ਨੂੰ ਲੈ ਕੇ ਸਿਆਸੀ ਪਿੜ ਵਿੱਚ ਉਤਰੀ ਸੀ। ਇਹ ਲਹਿਰ, ਜਿਵੇਂ ਕਿ ਇਸ ਪੁਸਤਕ ਵਿੱਚ ਪਹਿਲਾਂ ਵੀ ਵਰਣਨ ਕੀਤਾ ਗਿਆ ਹੈ, ਵੱਖ-ਵੱਖ ਦਲਿਤ ਉਪ-ਜਾਤਾਂ ਨੂੰ ਇੱਕਠਾ ਕਰਕੇ ਅਤੇ ਇਕ ਵੱਖਰੇ ਧਰਮ ਦੇ ਤੌਰ ਤੇ ਸੰਗਠਿਤ ਕਰਕੇ ਉਨ੍ਹਾਂ ਦੀ ਇਸ ਖਿੱਤੇ ਵਿੱਚ ਮੂਲ ਨਿਵਾਸੀਆਂ ਦੇ ਤੌਰ ਤੇ ਪਛਾਣ ਬਣ-ਾਉਣ ਨੂੰ ਤਰਜੀਹ ਦਿੰਦੀ ਸੀ। ਇਸ ਲਹਿਰ ਵਲੋਂ ਦਲਿਤ ਵਰਗ ਨੂੰ ਇਕ ਵੱਖਰੇ ਧਰਮ ਦੇ ਤੌਰ ਤੇ ਉਭਾਰਨਾ ਅੰਗਰੇਜ਼ ਸਰਕਾਰ ਦੀ ਪਹਿਲਾਂ ਤੋਂ ਕਾਰਗਰ 'ਪਾੜੋ ਅਤੇ ਰਾਜ ਕਰੋ' ਦੀ ਚਾਲ ਨਾਲ ਮੇਲ ਖਾਂਦਾ ਸੀ। ਇਸ ਲਈ ਭਗਤ ਸਿੰਘ ਨੇ ਇਸ ਲਹਿਰ ਦੇ ਕਾਰਕੁੰਨਾਂ ਨੂੰ ਅੰਗਰੇਜ਼ ਦੀ ਇਸ ਕੋਹਝੀ ਚਾਲ ਤੋਂ ਬਚਣ ਲਈ ਆਪਣੀ ਰਾਏ ਪੇਸ਼ ਕੀਤੀ। ਉਹ ਸਹੀ ਮਾਅਨਿਆਂ ਵਿੱਚ ਦਲਿਤ ਵਰਗ ਦੇ ਹਿਤੈਸ਼ੀ ਸਨ ਅਤੇ ਉਹ ਚਾਹੁੰਦੇ ਸਨ ਕਿ ਸਦੀਆਂ ਤੋਂ ਲਤਾੜੇ ਹੋਏ ਇਨ੍ਹਾਂ ਦਲਿਤ ਲੋਕਾਂ ਦੀ ਹਾਲਤ ਵਿੱਚ ਸਾਰਥਕ ਤਬਦੀਲੀ ਜ਼ਰੂਰ ਆਵੇ ਅਤੇ ਉਹ ਕਿਰਤੀਆਂ, ਕੰਮੀ-ਕਮੀਣਾਂ ਅਤੇ ਕਿਰਸਾਨਾਂ ਦੇ ਆਰਥਿਕ ਅਤੇ ਸਮਾਜਿਕ ਮਸਲਿਆਂ ਦਾ ਸਮਾਧਾਨ ਵੀ ਰਾਜਨੀਤਕ ਆਜ਼ਾਦੀ ਦੇ ਵੱਡੇ ਮਸਲੇ ਦੇ ਨਾਲ-ਨਾਲ ਹੀ ਚਾਹੁੰਦੇ ਸਨ। ਉਨ੍ਹਾਂ ਦੀ ਅਜਿਹੀ ਸੋਚ ਹੀ ਉਨ੍ਹਾਂ ਨੂੰ ਉਸ ਵੇਲੇ ਦੀ ਕਾਂਗਰਸ ਦੇ ਆਜ਼ਾਦੀ ਅੰਦੋਲਨ ਤੋਂ ਅਲੱਗ ਪੇਸ਼ ਕਰਦੀ ਹੈ। ਉਨ੍ਹਾਂ ਦਾ ਆਜ਼ਾਦੀ ਤੋਂ ਭਾਵ ਗੋਰਿਆਂ ਤੋਂ ਛੁਟਕਾਰਾ ਪਾ ਕੇ ਭੂਰਿਆਂ ਦੇ ਵੱਸ ਪੈਣ ਤੋਂ ਕਤੱਈ ਨਹੀਂ ਸੀ। ਉਹ ਕਾਂਗਰਸ ਵਾਂਗ ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਗੱਲ ਨਹੀਂ ਸਨ ਕਰਦੇ ਸਗੋਂ ਆਰਥਿਕ ਅਤੇ ਸਮਾਜਿਕ ਅਜ਼ਾਦੀ ਤੇ ਵੀ ਪਹਿਰਾ ਦਿੰਦੇ ਸਨ। ਉਹ ਸਮਾਜਿਕ ਆਜ਼ਾਦੀ ਦੇ ਮੈਦਾਨ ਵਿੱਚ ਕੇਵਲ ਫੋਕੀਆਂ ਦਲੀਲਾਂ ਨਾਲ ਹੀ ਬ੍ਰਾਹਮਣਵਾਦ ਦੇ ਚਤੁਰਵਾਦੀ ਸਿਧਾਂਤ ਨੂੰ ਚਿੱਤ ਕਰਨਾ ਨਹੀਂ ਸਨ ਚਾਹੁੰਦੇ ਬਲਕਿ ਉਸ ਨਾਲ ਧਰਾਤਲ ਦੇ ਆਧਾਰ ਤੇ ਲੋਹਾ ਲੈਣ ਲੂੰ ਵੀ ਤਿਆਰ-ਬਰ-ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਦੇ ਸੰਘਰਸ਼ ਵਿੱਚ ਇਸ ਮੁੱਦੇ ਨੂੰ ਵੀ ਸ਼ਾਮਲ ਕੀਤਾ ਹੋਇਆ ਸੀ। ਉਹ ਇਸ ਗੱਲ ਨੂੰ ਜ਼ੋਰ ਦੇ ਕੇ ਕਿਹਾ ਕਰਦੇ ਸਨ ਕਿ ਸਾਨੂੰ ਇਨ੍ਹਾਂ ਲੋਕਾਂ ਨੂੰ ਨਾ ਤਾਂ ਅਛੂਤ ਕਹਿਣਾ ਚਾਹੀਦਾ ਅਤੇ ਨਾ ਹੀ ਸਮਝਣਾ ਚਾਹੀਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, "ਨੌਜਵਾਨ ਭਾਰਤ ਸਭਾ ਅਤੇ ਨੌਜਵਾਨ ਕਾਨਫਰੰਸ ਨੇ ਜੋ ਤਰੀਕਾ ਅਖ਼ਤਿਆਰ ਕੀਤਾ ਹੈ, ਉਹ ਡਾਢਾ ਸੁੰਦਰ ਹੈ। ਜਿਨ੍ਹਾਂ ਭਰਾਵਾਂ ਨੂੰ ਅੱਜ ਤੀਕ ਅਛੂਤ ਅਛੂਤ ਕਿਹਾ ਕਰਦੇ ਸਾਂ ਉਨ੍ਹਾਂ ਕੋਲੋਂ ਆਪਣੇ ਇਸ ਪਾਪ ਵਾਸਤੇ ਖ਼ਿਮਾ ਮੰਗਣੀ ਅਤੇ ਉਨ੍ਹਾਂ ਨੂੰ ਆਪਣੇ ਵਰਗਾ ਆਦਮੀ ਸਮਝਣਾ, ਬਿਨਾਂ ਅੰਮ੍ਰਿਤ ਛਕਾਇਆਂ, ਕਲਮਾ ਪੜ੍ਹਾਇਆਂ ਜਾਂ ਸ਼ੁੱਧ ਕੀਤਿਆਂ ਹੀ ਉਸ ਨੂੰ ਆਪਣੇ ਵਿੱਚ ਰਲਾ ਲੈਣਾ, ਉਸ ਦੇ ਹੱਥ ਦਾ ਪਾਣੀ ਪੀਣਾ ਇਹੋ ਠੀਕ ਤਰੀਕਾ ਹੈ ਤੇ ਆਪੋ ਵਿੱਚ ਖਿੱਚਾ ਧੂਹੀ ਕਰਨੀ ਤੇ ਅਮਲ ਵਿੱਚ ਕੋਈ ਵੀ ਹੱਕ ਨਾ ਦੇਣਾ ਕੋਈ ਠੀਕ ਗੱਲ ਨਹੀਂ ਹੈ''। ਸ਼ਹੀਦ ਭਗਤ ਸਿੰਘ ਦੇ ਇਹ ਵਿਚਾਰ ਉਸ ਵੇਲੇ ਦੀਆਂ ਰਾਜਨੀਤਿਕ ਸਰਗਰਮੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਿਥੇ ਇਕ ਪਾਸੇ ਬਹੁਤ ਇਨਕਲਾਬੀ ਹਨ ਉਥੇ ਦੂਸਰੇ ਪਾਸੇ ਇਹ ਉਨ੍ਹਾਂ ਦੇ ਦਲਿਤ ਲੋਕਾਂ ਨਾਲ ਡੂੰਘੀ ਹਮਦਰਦੀ ਦਾ ਵੀ ਪ੍ਰਗਟਾਵਾ ਕਰਦੇ ਹਨ। ਸ਼ਹੀਦ ਭਗਤ ਸਿੰਘ ਦੀ ਅਛੂਤ ਸਵਾਲ ਦੇ ਪ੍ਰਤੀ ਇਨਕਲਾਬੀ ਸੋਚ ਅਤੇ ਡੂੰਘੀ ਹਮਦਰਦੀ ਉਨ੍ਹਾਂ ਵੱਲੋਂ ਦੂਜੇ ਲਾਹੌਰ ਸਾਜ਼ਸ਼ ਕੇਸ ਅਧੀਨ ਸੈਂਟਰਲ ਜੇਲ੍ਹ ਲਾਹੌਰ ਅੰਦਰ ਬੋਘੇ ਭੰਗੀ ਨਾਲ ਨੇੜਤਾ ਤੋਂ ਸਾਫ-ਸਾਫ ਜ਼ਾਹਰ ਹੁੰਦੀ ਹੈ। ਉਹ ਬੋਘੇ ਨੂੰ ਉਸ ਦੇ ਦਿਲੋਂ-ਦਿਮਾਗ ਤੇ ਛਾਏ ਨੀਵੀਂ ਜਾਤ ਦਾ ਹੋਣ ਦੇ ਹੀਣ ਭਾਵ ਨੂੰ ਤੋੜਨ ਲਈ ਅਕਸਰ ਹੀ ਉਸ ਨੂੰ ਬੇਬੇ ਕਹਿ ਕੇ ਸੰਬੋਧਿਤ ਕਰਦੇ ਸਨ। ਇਸ ਘਟਨਾ ਦੀ ਦਵਿੰਦਰ ਦਮਨ ਨੇ ਆਪਣੇ ਨਾਟਕ ਛਿਪਣ ਤੋਂ ਪਹਿਲਾਂ ਵਿੱਚ ਬਹੁਤ ਖ਼ੂਬਸੂਰਤ ਢੰਗ ਨਾਲ ਪੇਸ਼ਕਾਰੀ ਕੀਤੀ ਹੈ।

ਜਿਸ ਤਰ੍ਹਾਂ ਕਿ ਉਸ ਸਮੇਂ ਇਹ ਆਮ ਹੀ ਦੇਖਣ ਵਿੱਚ ਆਉਂਦਾ ਸੀ ਕਿ ਵੱਖ-ਵੱਖ ਧਰਮਾਂ ਦੇ ਠੇਕੇਦਾਰ ਆਪਣੇ-ਆਪਣੇ ਰਹਿਤ ਮਰਿਆਦਾ ਦੇ ਅਨੁਸਾਰ ਅਛੂਤ ਲੋਕਾਂ ਨੂੰ ਆਪਣੇ-ਆਪਣੇ ਘੇਰੇ ਵਿੱਚ ਜਮ੍ਹਾਂ ਕਰਨ ਉਤੇ ਲੱਗੇ ਹੋਏ ਸਨ ਅਤੇ ਜਿਸ ਦਾ ਦਲਿਤ ਮੁਕਤੀ ਅਤੇ ਸ਼ਕਤੀਕਰਨ ਨਾਲ ਕੋਈ ਦੂਰ ਦਾ ਵੀ ਨਾਤਾ ਨਹੀਂ ਸੀ ਉਸ ਵੇਲੇ ਸ਼ਹੀਦ ਭਗਤ ਸਿੰਘ ਵਲੋਂ ਅਛੂਤ ਲੋਕਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਮਾਣ-ਇੱਜ਼ਤ ਦੇਣ ਦੀ ਗੱਲ ਕਰਨਾ ਇਕ ਇਨਕਲਾਬੀ ਕਦਮ ਸੀ। ਜਿਥੋਂ ਤਕ ਪੰਜਾਬੀ ਸਮਾਜ ਦੀ ਦਰਜਾਬੰਦੀ ਦਾ

(ਬਾਕੀ ਅਗਲੇ ਸਫੇ ਤੇ)

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਅਛੂਤ ਦਾ ਸਵਾਲ

ਸਵਾਲ ਹੈ ਸ਼ਹੀਦ ਭਗਤ ਸਿੰਘ ਸਚਾਈ ਬਹੁਤ ਕਰੀਬ ਖਲੋਤੇ ਨਜ਼ਰ ਆਉਂਦੇ ਹਨ। ਪੰਜਾਬ ਵਿਚਲੀ ਸਮਾਜਿਕ ਦਰਜਾਬੰਦੀ ਤੋਂ ਪੂਰੀ ਤਰ੍ਹਾਂ ਜਾਣੂ ਸ਼ਹੀਦ ਭਗਤ ਸਿੰਘ ਜੱਟ ਭਾਈਚਾਰੇ ਨੂੰ, ਜਿਸ ਨੂੰ ਤਤਕਾਲੀ ਸਰਕਾਰੀ ਮੁਲਾਜ਼ਮ ਇਹ ਕਹਿ ਕੇ ਭੜਕਾ ਰਹੇ ਸਨ ''ਕਿ ਦੇਖੋ ਇਹ ਚੂਹੜਿਆਂ ਚੱ-ਪੜਿਆਂ ਨੂੰ ਸਿਰ ਤੇ ਚੜ੍ਹਾ ਰਹੇ ਹਨ ਅਤੇ ਤੁਹਾਡਾ ਕੰਮ ਬੰਦ ਕਰਾਊ ਹਨ'', ਮੁਖ਼ਾਤਿਬ ਹੁੰਦੇ ਲਿਖਦੇ ਹਨ, ''ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹਨਾਂ ਦੀ ਹਾਲਤ ਉਨਾ ਚਿਰ ਨਹੀਂ ਸੁਧਰ ਸਕਦੀ ਜਿੰਨਾ ਚਿਰ ਕਿ ਉਹ ਇਹਨਾਂ ਗ਼ਰੀਬਾਂ ਨੂੰ ਕਮੀਨ ਅਤੇ ਨੀਚ ਕਹਿ ਕੇ ਆਪਣੇ ਪੈਰਾਂ ਹੇਠ ਦੱਬੀ ਰੱਖਣਾ ਚਾਹੁੰਦੇ ਹਨ''। ਭਗਤ ਸਿੰਘ ਕਿਰਤੀਆਂ ਅਤੇ ਕਿਰਸਾਨਾਂ ਦੀ ਸਮਾਜਿਕ ਬਰਾਬਰੀ ਵਿੱਚ ਹੀ ਇਨ੍ਹਾਂ ਦੋਨਾਂ ਧਿਰਾਂ ਦੀ ਉਨਤੀ ਦੀ ਤਸਵੀਰ ਉਸਰਦੀ ਦੇਖਦੇ ਹਨ ਜਿਸ ਦੀ ਅੱਜ ਕੱਲ੍ਹ ਦੇ ਪੰਜਾਬੀ ਸਮਾਜ ਵਿੱਚ ਬਹੁਤ ਲੋੜ ਹੈ। ਅੱਜ ਦੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਸੰਦਰਭਾਂ ਵਿੱਚ ਉਨ੍ਹਾਂ ਦੀ ਅਜਿਹੀ ਸੋਚ ਜਿਥੇ ਬਹੁਤ ਮਹੱਤਵਪੂਰਨ ਜਾਪਦੀ ਹੈ ਉਥੇ ਉਹ ਦੂਰਦਰਸ਼ੀ ਵੀ ਸਿੱਧ ਹੁੰਦੀ ਹੈ ਜਿਥੇ ਕਿ ਹਰ ਆਏ ਦਿਨ ਪਿੰਡਾਂ ਵਿੱਚ ਦਲਿਤਾਂ ਦੇ ਸਮਾਜਿਕ ਬਾਈਕਾਟਾ ਦੀ ਘੋਸ਼ਣਾ ਅਤੇ ਫਿਰ ਉਸ ਵਿੱਚੋਂ ਉਤਪੰਨ ਹੋਏ ਸਮਾਜਿਕ ਫਸਾਦਾਂ ਜਿਹੇ ਕੋਹੜ ਦਾ ਸੰਤਾਪ ਇਕ ਰੁਝਾਨ ਹੀ ਬਣ ਗਿਆ ਹੈ।

ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਦੇ ਪ੍ਰਤੀ ਘਿਰਣਾ ਦਾ ਖੰਡਨ ਕਰਦੇ ਹੋਏ ਇਸ ਦਲੀਲ ਦਾ ਇਹ ਕਹਿ ਕੇ ਪਰਦਾਫਾਸ਼ ਕਰਦੇ ਹਨ ਕਿ ਜੇ ਉਹ ਸਾਫ ਨਹੀਂ ਰਹਿੰਦੇ ਤਾਂ ਇਸ ਦਾ ਕਾਰਨ ਉਨ੍ਹਾਂ ਦੀ ਗ਼ਰੀਬੀ ਹੈ ਅਤੇ ਗ਼ਰੀਬੀ ਦਾ ਹੱਲ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਘਿਰਣਾ ਦੇ ਪਾਤਰ ਗਰਦਾਨਿਆ ਜਾਣਾ ਚਾਹੀਦਾ ਹੈ। ਉਹ ਆਪਣੀ ਦਲੀਦ ਨੂੰ ਤਰਕਮਈ ਢੰਗ ਨਾਲ ਪੇਸ਼ ਕਰਦੇ ਹੋਏ ਅੱਗੇ ਲਿਖਦੇ ਹਨ, ''ਉਚੀਆਂ-ਉਚੀਆਂ ਕੁਲਾਂ ਦੇ ਗ਼ਰੀਬ ਲੋਕੀ ਕੋਈ ਘੱਟ ਗੰਦੇ ਨਹੀਂ ਹੁੰਦੇ। ਗੰਦਾ ਕੰਮ ਕਰਨ ਦਾ ਬਹਾਨਾ ਵੀ ਨਹੀਂ ਲੱਗ ਸਕਦਾ। ਮਾਵਾਂ ਬੱਚਿਆਂ ਦਾ ਗੰਦ ਸਾਫ ਕਰਨ ਨਾਲ ਚੂਹੜੀਆਂ ਤੇ ਅਛੂਤ ਨਹੀਂ ਹੋ ਜਾਂਦੀਆਂ''। ਸ਼ਹੀਦ ਭਗਤ ਸਿੰਘ ਅਨੁਸਾਰ ਦਲਿਤ ਸਵਾਲ ਦਾ ਹੱਲ ਕਿਸੇ ਹੋਰ ਨੇ ਨਹੀਂ ਕਰਨਾ। ਇਸ ਮਸਲੇ ਦਾ ਹੱਲ ਤਾਂ ਦਲਿਤ ਲੋਕਾਂ ਨੇ ਖੁਦ ਆਪ ਹੀ ਕੱਢਣਾ ਹੈ। ਉਨ੍ਹਾਂ ਦੇ ਸ਼ਬਦਾਂ ਵਿੱਚ, ''ਪਰ ਇਹ ਕੰਮ ਉਨਾ ਚਿਰ ਨਹੀਂ ਹੋ ਸਕਦਾ, ਜਿੰਨਾ ਚਿਰ ਕਿ ਅਛੂਤ ਕੌਮਾਂ ਆਪਣੇ ਆਪ ਨੂੰ ਸੰਗਠਤ ਨਾ ਕਰ ਲੈਣ। ਅਸੀਂ ਤਾਂ ਸਮਝਦੇ ਹਾਂ ਕਿ ਉਨ੍ਹਾਂ ਦਾ ਆਪਣੇ ਆਪ ਨੂੰ ਵੱਖਰਾ ਜੱਥੇਬੰਦ ਕਰਨਾ ਤੇ ਮੁਸਲਮਾਨਾਂ ਦੇ ਬਰਾਬਰ ਗਿਣਤੀ ਵਿੱਚ ਹੋਣ ਕਰਕੇ ਉਨ੍ਹਾਂ ਦੇ ਬਰਾਬਰ ਹੱਕ ਮੰਗਣਾ ਬੜੀ ਆਸਾਜਨਕ ਤਹਿਰੀਕ ਹੈ। ਜਾਂ ਤੇ ਫਿਰਕਾਵਾਰਾਨਾ ਨਿਆਬੁਤ ਦਾ ਟੰਟਾ ਹੀ ਮੁਕਾਓ ਨਹੀਂ ਤੇ ਉਨ੍ਹਾਂ ਦੇ ਵੱਖਰੇ ਹਕੂਕ ਉਨ੍ਹਾਂ ਨੂੰ ਦੇਵੋ''। ਸ਼ਹੀਦ ਭਗਤ ਸਿੰਘ ਦੇ ਅਜਿਹੇ ਵਿਚਾਰ ਉਨ੍ਹਾਂ ਨੂੰ ਡਾ. ਅੰਬੇਡਕਰ ਦੀ ਦਲਿਤ ਮੁਕਤੀ ਦੇ ਸਵਾਲ ਸੰਬੰਧੀ ਹੱਲ ਦੀ ਸੋਚ ਨਾਲ ਮੇਲ ਖਾਂਦੇ ਪੇਸ਼ ਕਰਦੇ ਹਨ। ਦਰਅਸਲ ਸ਼ਹੀਦ ਭਗਤ ਸਿੰਘ ਨੇ ਅਜਿਹੇ ਵਿਚਾਰ ਅੰਬੇਡਕਰ ਵਲੋਂ ਗੋਲਮੇਜ਼ ਕਾਨਫਰੰਸਾਂ ਵਿੱਚ ਅਛੂਤਾਂ ਵਾਸਤੇ ਵੱਖਰੇ ਚੋਣ ਖੇਤਰਾਂ ਦੀ ਵਕਾਲਤ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਪੇਸ਼ ਕਰ ਦਿੱਤੇ ਸਨ ਜੋ ਕਿ ਉਨ੍ਹਾਂ ਦੀ ਇਸ ਮੁੱਦੇ ਪ੍ਰਤੀ ਇਨਕਲਾਬੀ ਸੋਚ ਦੀ ਤਿੱਖੀ ਨਿਸ਼ਾਨਦੇਹੀ ਕਰਦੇ ਹਨ। ਉਨ੍ਹਾਂ ਅਨੁਸਾਰ, ''ਕੌਂਸਲਾਂ ਤੇ ਅਸੈਂਬਲੀਆਂ ਦਾ ਫਰਜ਼ ਹੈ ਕਿ ਸਕੂਲ, ਕਾਲਜ, ਖੂਹ ਤੇ ਸੜਕਾਂ ਦੇ ਇਸਤੇਮਾਲ ਦੀ ਪੂਰੀ ਆਜ਼ਾਦੀ ਇਨ੍ਹਾਂ ਨੂੰ ਦੁਆਉਣ। ਜ਼ਬਾਨੀ ਹੀ ਨਹੀਂ, ਬਲਕਿ ਨਾਲ ਲੈ ਜਾ ਕੇ ਉਨ੍ਹਾਂ ਨੂੰ ਖੂਹਾਂ ਤੇ ਚੜ੍ਹਾਉਣ, ਨਾਲ ਲੈ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਮਦਰਸਿਆਂ ਵਿੱਚ ਭਰਤੀ ਕਰਾਉਣ। ਪਰ ਜਿਸ ਲੈਜਿਸ-ਲੇਟਿਵ ਵਿੱਚ ਛੋਟੀ ਉਮਰ ਦੇ ਵਿਆਹ ਦੇ ਵਿਰੁੱਧ ਪੇਸ਼ ਕੀਤੇ ਗਏ ਬਿੱਲ ਤੇ ਮਜ਼੍ਹਬ ਦੇ ਬਹਾਨੇ ਲੈ ਕੇ ਤੋਬਾ ਮਚਾ ਦਿੱਤੀ ਜਾਂਦੀ ਹੈ, ਉੱਥੇ ਅਛੂਤਾਂ ਨੂੰ ਨਾਲ ਰਲਾਉਣ ਦੀ ਹਿੰਮਤ ਉਹ ਕਿਸ ਤਰ੍ਹਾਂ ਕਰ ਸਕਦੇ ਹਨ''।

'ਅਛੂਤ ਦਾ ਸਵਾਲ' ਲੇਖ ਲਿਖਣ ਤੋਂ ਦੋ ਸਾਲ ਬਾਅਦ 5-6 ਅਕਤੂਬਰ 1930 ਸ਼ਹੀਦ ਭਗਤ ਸਿੰਘ ਵਲੋਂ ਲਿਖਿਆ ਇਕ ਹੋਰ ਲੇਖ 'ਮੈਂ ਨਾਸਤਕ ਕਿਉਂ ਹਾਂ?' ਅਛੂਤ ਸਮੱਸਿਆ ਤੇ ਉਨ੍ਹਾਂ ਦੀ ਡੂੰਘੀ ਪਕੜ ਨੂੰ ਦਰਸਾਉਂਦਾ ਹੈ। ਉਹ ਇਸ ਲੇਖ ਵਿੱਚ ਉਸ ਨੂੰ ਨਾਸਤਕ ਕਹਿਣ ਵਾਲਿਆਂ ਨਾਲ ਸੰਵਾਦ ਦੇ ਰੂਪ ਵਿੱਚ ਰੱਬ ਦੀ ਅਣਹੋਂਦ ਬਾਰੇ ਤਰਕ ਸੰਗਤ ਅਛੂਤ ਬੰਦੇ ਦੀ ਤਰਾਸਦੀ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ, ''ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਿਵਾਰ ਵਿੱਚ ਜੰਮੇ ਬੰਦੇ ਦੀ ਕੀ ਹੋਣੀ ਹੋਵੇਗੀ? ਉਹ ਗ਼ਰੀਬ ਹੈ। ਇਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਸ ਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜਾਤ ਵਿੱਚ ਪੈਦਾ ਹੋਏ ਸਨ। ਉਸ ਦੀ ਅਗਿਆਨਤਾ ਉਸ ਦੀ ਗ਼ਰੀਬੀ ਤੇ ਜਿਹੜਾ ਸਲੂਕ ਉਸ ਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਨ ਸਮਾਜ ਤਾਈਂ ਉਸ ਦਾ ਦਿਲ ਸਖ਼ਤ ਹੋ ਜਾਏਗਾ। ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ, ਤਾਂ ਉਸ ਦਾ ਖਾਮਿਆਜ਼ਾ ਕੌਣ ਭੁਗਤੇਗਾ? ਰੱਬ ਜਾਂ ਪਾਪ ਕਰਨਾ ਵਾਲ ਜਾਂ ਸਮਾਜ ਦੇ ਗੁਣੀ ਗਿਆਨੀ ਬੰਦੇ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ ਜਿਨ੍ਹਾਂ ਨੂੰ ਹਿਰਸੀ ਤੇ ਹੰਕਾਰੀ ਬ੍ਰਾਹਮਣਾਂ ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗ਼ਾਰਾਂ ਵਿੱਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਸੀ, ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਸ ਦਾ ਜ਼ਿੰਮੇਵਾਰ ਕੌਣ ਸੀ ਤੇ ਬਿਪਤਾ ਕਿਸ ਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ, ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ''।

ਸ਼ਹੀਦ ਭਗਤ ਸਿੰਘ ਆਪਣੀ ਇਨਕਲਾਬੀ ਸੋਚ ਅਤੇ ਤੀਖਣ ਬੁੱਧੀ ਸਦਕਾ ਇਹ ਭਲੀਭਾਂਤ ਜਾਣ ਚੁੱਕੇ ਸਨ ਕਿ ਅਛੂਤਾਂ ਦੇ ਸੁਧਾਰ ਵਾਸਤੇ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੇ ਅਸਲ ਵਿੱਚ ਉਨ੍ਹਾਂ ਨੂੰ ਰਾਜਨੀਤਿਕ ਪੱਤੇ ਦੇ ਤੌਰ ਤੇ ਹੀ ਵਰਤਣਾ ਚਾਹੁੰਦੇ ਹਨ। ਉਹ ਅਸਲ ਵਿੱਚ ਉਨ੍ਹਾਂ ਦੇ ਜੀਵਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇਖਣੀ ਨਹੀਂ ਚਾਹੁੰਦੇ। ਲੈਜਿਸਲੇਟਿਵ ਅਸੈਂਬਲੀਆਂ ਵਿੱਚ ਵੀ ਤਕਰੀਰਾਂ ਤਾਂ ਜ਼ਰੂਰ ਹੁੰਦੀਆਂ ਹਨ ਕਿ ਅਛੂਤਾਂ ਦਾ ਸੁਧਾਰ ਹੋਣਾ ਚਾਹੀਦਾ ਹੈ ਪਰ ਅੰਤ ਨੂੰ ਇਨ੍ਹਾਂ ਅਖੌਤੀ ਅਛੂਤਾਂ ਦੇ ਪੱਲੇ ਕੁਝ ਨਹੀਂ ਪੈਂਦਾ। ਸੁਧਾਰ ਤਾਂ ਇਕ ਪਾਸੇ ਰਿਹਾ ਸਗੋਂ ਇੰਤਕਾਲੇ ਅਰਾਜ਼ੀ ਐਕਟ ਵਰਗੇ ਕਾਨੂੰਨੀ ਪ੍ਰਬੰਧਾਂ ਰਾਹੀਂ ਇਨ੍ਹਾਂ ਮਜ਼ਲੂਮਾਂ ਤੇ ਸਗੋਂ ਹੋਰ ਜ਼ੁਲਮ ਢਾਹਿਆ ਜਾਂਦਾ ਹੈ। ਸ਼ਹੀਦ ਭਗਤ ਸਿੰਘ ਇਨ੍ਹਾਂ ਅਛੂਤਾਂ ਨੂੰ ਨੌਕਰਸ਼ਾਹੀ ਤੋਂ ਵੀ ਬਚਣ ਦੀ ਤਾਕੀਦ ਕਰਦਾ ਹੈ। ਉਹ ਸਰਮਾਏਦਾਰੀ ਨਿਜ਼ਾਮ ਅਤੇ ਨੌਕਰਸ਼ਾਹੀ ਦੇ ਮਿਲਗੋਭੇ ਨੂੰ ਅਛੂਤਾਂ ਦੀ ਗ਼ੁਲਾਮੀ ਅਤੇ ਗ਼ਰੀਬੀ ਦਾ ਮੁੱਖ ਕਾਰਨ ਮੰਨਦਾ ਹੈ। ਉਹ ਇਨ੍ਹਾਂ ਨੂੰ ਸਰਮ-ਾਏਦਾਰੀ ਅਤੇ ਨੌਕਰਸ਼ਾਹੀ ਦੀਆਂ ਕੋਝੀਆਂ ਚਾਲਾਂ ਤੋਂ ਬਚਣ ਦੀ ਗੱਲ ਕਰਦਾ ਹੈ ਅਤੇ ਇਸ ਬਚਾਅ ਵਿੱਚ ਹੀ ਉਨ੍ਹਾਂ ਦੀ ਮੁਕਤੀ ਨੂੰ ਦੇਖਦਾ ਹੈ। ਇਨ੍ਹਾਂ ਵਿਚਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਵਲੋਂ ਆਪਣੇ ਵੱਖਰੇ ਨੁਮਾਇੰਦੇ ਚੁਣੇ ਜਾਣ ਦੀ ਪੁਰਜ਼ੋਰ ਵਕਾਲਤ ਕਰਦੇ ਹਨ। ਉਨ੍ਹਾਂ ਅਨੁਸਾਰ, ''ਉਹ ਆਪਣੀ ਵੱਖਰੀ ਤਾਦਾਦ ਕਿਉਂ ਨਾ ਮੰਗਣ? ਅਸੀਂ ਤਾਂ ਸਾਫ ਕਹਿੰਦੇ ਹਾਂ ਕਿ ਉੱਠੋ! ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ ਉੱਠੋ! ਆਪਣਾ ਇਤਿਹਾਸ ਦੇਖੋ! ਗੁਰੂ ਗੋਬਿੰਦ ਸਿੰਘ ਦੀ ਫ਼ੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ ਜਿਸ ਨਾਲ ਕਿ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿੱਚ ਲਿਖੀਆਂ ਹੋਈਆਂ ਹਨ। ਤੁਸੀਂ ਜੋ ਨਿੱਤ ਸੇਵਾ ਕਰਕੇ ਕੌਮ ਦੇ ਸੁੱਖ ਵਿੱਚ ਵਾਧਾ ਕਰਕੇ ਅਤੇ ਜ਼ਿੰਦਗੀ ਮੁਮਕਿਨ ਬਣਾ ਕੇ ਇਕ ਬੜਾ ਭਾਰੀ ਅਹਿਸਾਨ ਕਰ ਰਹੇ ਹੋ, ਉਸ ਨੂੰ ਅਸੀਂ ਲੋਕੀ ਨਹੀਂ ਸਮਝਦੇ''।

ਕਿਸੇ ਵੀ ਗ਼ੈਰ-ਦਲਿਤ ਧਿਰ ਤੋਂ ਆਸ ਦੀ ਅਣਹੋਂਦ ਵਿੱਚ ਸ਼ਹੀਦ ਭਗਤ ਸਿੰਘ ਅਛੂਤ ਲੋਕਾਂ ਨੂੰ ਵੰਗਾਰਦੇ ਹੋਏ ਲਿਖਦੇ ਹਨ, ''ਉਠੋ! ਆਪਣੀ ਤਾਕਤ ਪਛਾਣੋ। ਜੱਥੇਬੰਦ ਹੋ ਜਾਓ। ਅਸਲ ਵਿੱਚ ਤੇ ਤੁਹਾਡੇ ਆਪਣੇ ਯਤਨ ਕੀਤਿਆਂ ਬਿਨਾਂ ਤੁਹਾਨੂੰ ਕੁਝ ਵੀ ਨਹੀਂ ਮਿਲ ਸਕੇਗਾ। (ਠੀਰਤਕ ਮੀਰ ਮਰਚ;ਦ ਲਕ ਗਿਕਕ ਠਚਤਵ ਵੀਕ-ਠਤਕ;ਡਕਤ ਤਵਗਜਾਕ ਵੀਕ ਲ;ਰਮ) ਆਜ਼ਾਦੀ ਦੀ ਖਾਤਰ ਆਜ਼ਾਦੀ ਚਾਹੁਣ ਵਾਲਿਆਂ ਨੂੰ ਯਤਨ ਕਰਨਾ ਚਾਹੀਦਾ ਹੈ। ਮਨੁੱਖ ਦੀ ਹੌਲੀ-ਹੌਲੀ ਕੁਝ ਇਹੋ ਜਿਹੀ ਆਦਤ ਹੋ ਗਈ ਹੈ ਕਿ ਆਪਣੇ ਵਾਸਤੇ ਤੇ ਉਹ ਹੱਕ ਮੰਗਣਾ ਚਾਹੁੰਦਾ ਹੈ ਪਰ ਜਿਨ੍ਹਾਂ ਤੇ ਉਸ ਦਾ ਦਬਦਬਾ ਹੋਵੇ, ਉਨ੍ਹਾਂ ਨੂੰ ਉਹ ਪੈਰਾਂ ਥੱਲੇ ਹੀ ਰੱਖਣਾ ਚਾਹੁੰਦਾ ਹੈ। ਇਸ ਕਰਕੇ ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਿਆ ਕਰਦੇ। ਜਥੇਬੰਦ ਹੋ ਕੇ ਆਪਣੇ ਪੈਰਾਂ 'ਤੇ ਖਲੋ ਕੇ ਸਾਰੇ ਸਮਾਜ ਨੂੰ ਚੈਲੰਜ ਕਰ ਦਿਓ। ਦੇਖੋ ਤਾਂ ਫੇਰ ਕੌਣ ਤੁਹਾਡੇ ਹੱਕ ਦੇਣ ਤੋਂ ਇਨਕਾਰ ਕਰਨ ਦੀ ਜੁਰਅਤ ਕਰ ਸਕੇਗਾ। ਤੁਸੀਂ ਲੋਕਾਂ ਦੀ ਖੁਰਾਕ ਨਾ ਬਣੋ। ਦੂਜਿਆਂ ਦੇ ਮੂੰਹ ਵੱਲ ਨਾ ਤੱਕੋ''।

ਦਲਿਤ ਮੁਕਤੀ ਅਤੇ ਸ਼ਕਤੀਕਰਨ ਦੇ ਸਵਾਲ ਤੇ ਸ਼ਹੀਦ ਭਗਤ ਸਿੰਘ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਵਿੱਚ ਬਹੁਤ ਸਮਾਨਤਾ ਹੈ। ਜਿਥੋਂ ਤੱਕ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਸੰਬੰਧ ਹੈ ਉਨ੍ਹਾਂ ਨੇ ਦਲਿਤ ਮੁਕਤੀ ਵਾਸਤੇ ਸਮਾਜਿਕ ਸੁਧਾਰਾਂ, ਖਾਸ ਕਰਕੇ ਹਿੰਦੂ ਸਮਾਜ ਦੇ ਅੰਦਰ ਸੁਧਾਰਾਂ ਲਈ ਸੰਘਰਸ਼, ਦਾ ਰਸਤਾ 13 ਅਕਤੂਬਰ 1935 ਨੂੰ ਯਿਓਲਾ ਵਿਖੇ ਕਾਨਫਰੰਸ ਦੌਰਾਨ ਹਮੇਸ਼ਾ-ਹਮੇਸ਼ਾ ਲਈ ਤਿਆਗ ਦਿੱਤਾ ਸੀ ਅਤੇ ਜਿਹੜਾ ਨਵਾਂ ਰਸਤਾ ਅਪਣਾਇਆ ਸੀ ਉਹ ਸੀ ਧਰਮ ਪਰਿਵਰਤਨ ਕਰਕੇ ਦਲਿਤ ਸਮਾਜ ਨੂੰ ਇਕ ਵੱਖਰੀ ਇਕਾਈ ਦੇ ਤੌਰ ਸੰਗਠਿਤ ਕਰਕੇ ਲੋਕਤਾਂਤਰਿਕ ਅਤੇ ਸੰਵਿਧਾਨਕ ਤਰੀਕੇ ਰਾਹੀਂ ਦਲਿਤ ਮੁਕਤੀ ਅਤੇ ਸ਼ਕਤੀਕਰਨ ਨੂੰ ਪ੍ਰਾਪਤ ਹੋਣਾ। ਪਰ ਸ਼ਹੀਦ ਭਗਤ ਸਿੰਘ ਦਾ ਤਾਂ ਇਹ ਸ਼ੁਰੂ ਤੋਂ ਹੀ ਮੰਨਣਾ ਸੀ ਕਿ ਅਛੂਤ ਲੋਕਾਂ ਨੂੰ ਖੁਦ ਆਪਣੇ ਸੰਗਠਨ ਬਣਾ ਕੇ ਆਪਣੀ ਮੁਕਤੀ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਹ ਆਪਣੇ 'ਅਛੂਤ ਦਾ ਸਵਾਲ' ਲੇਖ ਨੂੰ ਸਮੇਟਦੇ ਹੋਏ ਲਿਖਦੇ ਹਨ, ''ਤੁਸੀਂ ਅਸਲੀ ਕਿਰਤੀ ਹੋ। ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉਠੋ ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗਾਵਤ ਖੜ੍ਹੀ ਕਰ ਦਿਓ। ਹੌਲੀ-ਹੌਲੀ ਸੁਧਾਰ ਤੇ ਰੀਫਾਰਮਾਂ ਨਾਲ ਕੁਝ ਨਹੀਂ ਬਣ ਸਕਦਾ। ਸਮਾਜਿਕ (ਛਰਫਜ.;) ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ। ਤੁਸੀਂ ਹੀ ਤੇ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ! ਸੁੱਤੇ ਹੋਏ ਸ਼ੇਰੋ ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ''।

ਸ਼ਹੀਦ ਭਗਤ ਸਿੰਘ ਦੇ ਸਮਾਜਿਕ ਇਨਕਲਾਬ ਦੀ ਧਾਰਨਾ ਦੀ ਅਹਿਮੀਅਤ ਦਾ ਦਲਿਤ ਮੁਕਤੀ ਅੰਦੋਲਨ ਵਾਸਤੇ ਮਹੱਤਵ ਹੋਰ ਵੀ ਪ੍ਰਸੰਗਕ ਹੋ ਜਾਂਦਾ ਹੈ ਜਦੋਂ ਡਾ. ਅੰਬੇਡਕਰ ਆਪਣੀ 25 ਨਵੰਬਰ 1949 ਵਾਲੀ ਸੰਵਿਧਾਨ ਨਾਲ ਸੰਬੰਧਤ ਤਕਰੀਰ ਵਿੱਚ ਸਮਾਜਿਕ ਲੋਕਤੰਤਰ ਦੀ ਅਹਿਮੀਅਤ ਦੀ ਗੱਲ ਕਰਦੇ ਹੋਏ ਰਾਜਨੀਤਕ ਲੋਕਤੰਤਰ ਨੂੰ ਇਸ ਦੀਆਂ ਨੀਹਾਂ ਤੇ ਉਸਾਰਨ ਦੀ ਗੱਲ ਕਰਦੇ ਹਨ। ਉਹ ਭਾਰਤ ਵਾਸੀਆਂ ਨੂੰ ਪੁਰਜ਼ੋਰ ਸ਼ਬਦਾਂ ਵਿੱਚ ਸੁਚੇਤ ਕਰਦਿਆਂ ਕਹਿੰਦੇ ਹਨ, ''26 ਜਨਵਰੀ, 1950 ਨੂੰ ਅਸੀਂ ਰਾਜਸੀ ਤੌਰ ਤੇ ਬਰਾਬਰ ਅਤੇ ਆਰਥਿਕ ਤੌਰ 'ਤੇ ਨਾ ਬਰਾਬਰ ਹੋਵਾਂਗੇ। ਜਿੰਨੀ ਛੇਤੀ ਹੋ ਸਕੇ ਸਾਨੂੰ ਇਹ ਭਿੰਨ-ਭੇਦ ਅਤੇ ਵਿਤਕਰਾ ਦੂਰ ਕਰਨਾ ਚਾਹੀਦਾ ਹੈ।

ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਲੋਕ ਜੋ ਇਸ ਵਿਤਕਰੇ ਦਾ ਸ਼ਿਕਾਰ ਹਨ ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂੰ-ਖੇਰੂੰ ਕਰ ਦੇਣਗੇ ਜੋ ਇਸ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ''।

ਜੋ ਵਿਚਾਰ ਡਾ. ਅੰਬੇਡਕਰ ਨਵੰਬਰ 1949 ਦੌਰਾਨ ਪੇਸ਼ ਕਰਦੇ ਹਨ ਸ਼ਹੀਦ ਭਗਤ ਸਿੰਘ ਕਈ ਸਾਲ ਪਹਿਲਾਂ ਅਛੂਤ ਲੋਕਾਂ ਨੂੰ (ਜੂਨ 1928) ਇੱਕਠੇ ਹੋ ਕੇ ਮੌ-ਜੂਦਾ ਨਿਜ਼ਾਮ ਦੇ ਵਿਰੁੱਧ ਸਮਾਜਿਕ ਇਨਕਲਾਬ ਪੈਦਾ ਕਰ ਦੇਣ ਦੇ ਲਈ ਉਤਸ਼ਾਹਿਤ ਕਰਦਾ ਹੈ ਜਿਸ ਦੀ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੇ ਜਟਿਲ ਮੁੱਦਿਆਂ ਨੂੰ ਸਮਝਣ ਅਤੇ ਹੱਲ ਕਰਨ ਵਿੱਚ ਹਮੇਸ਼ਾ ਸਾਰਥਕ ਭੂਮਿਕਾ ਰਹੇਗੀ।

## DR. BHIMRAO RAMJI AMBEDKAR JI BIRTH ANNIVERSARY



The United Awareness Committee of USA & Shri Guru Ravidass Sabha Sacramento (California) will celebrate 124th birth anniversary of Bharat Rattan Baba Sahib Dr. Bhimrao Ramji Ambedkar on Sunday, April 19, 2015 at Shri guru Ravidass temple Rio Linda (Sacramento). For more information, please contact at Gurughar phone number 916-992-1710 or Hans Raj Kajla 916-479-0421

## SAHIB SHRI KANSHI RAM JI BIRTH ANNIVERSARY

Shri Guru Ravidass Sabha of New York will celebrate birth anniversary of Sahib Shri Kanshi Ram Ji (Founder of BAMCEF, DS4, BSP) on Sunday, April 5, 2015 at Shri Guru Ravidass Temple New York. For more information, please contact at Gurughar phone number 718-898-8150




***SAHIB SHRI KANSHI RAM JI BIRTH ANNIVERSARY***

Shri Guru Ravidass Sabha Fresno (California) will celebrate birth anniversary of Sahib Shri Kanshi Ram Ji (Founder of BAMCEF, DS4, BSP) on Sunday, April 5, 2015 at Shri guru Ravidass Temple Fresno (California). For more information, please contact at Gurughar phone number 559-486-3091

# ਕੰਗਨਾ ਸਮੇਤ ਬਾਲੀਵੁੱਡ ਸਟਾਰਾਂ ਦੀਆਂ ਭੈਣਾਂ- ਜੋ ਰਹਿੰਦੀਆਂ ਹਨ ਲਾਈਮ ਲਾਈਟ ਤੋਂ ਦੂਰ




ਬਾਲੀਵੁੱਡ ਅਭਿਨੇਤਰੀ ਕੰਗਨਾ ਰਨਾਉਤ ਦੀ ਭੈਣ ਰੰਗੋਲੀ ਰਨਾਉਤ ਪ੍ਰੋਡਿਊਸਰ ਬਣ ਗਈ ਹੈ। ਹਾਲ ਹੀ ਵਿਚ ਉਹਨਾਂ ਨੇ ਆਪਣਾ 28ਵਾਂ ਜਨਮ ਦਿਨ ਵੀ ਭੈਣ ਰੰਗੋਲੀ ਦੇ ਨਾਲ ਹੀ ਸੈਲੀਬ੍ਰੇਟ ਕੀਤਾ ਸੀ। ਵਰਣਨਯੋਗ ਹੈ ਕਿ ਕੰਗਨਾ ਦੇ ਦੋ ਭਰਾ ਭੈਣ ਹਨ। ਰੰਗੋਲੀ ਉਹਨਾਂ ਦੀ ਵੱਡੀ ਭੈਣ ਹੈ, ਜਿਹਨਾਂ ਦਾ ਵਿਆਹ ਅਜੈ ਚੰਦੇਲ ਨਾਲ ਹੋਇਆ ਹੈ। ਕੰਗਨਾ ਦੇ ਭਰਾ ਦਾ ਨਾਂ ਅਕਸ਼ਿਤ ਰਨਾਉਤ ਹੈ। ਵਰਣਨਯੋਗ ਹੈ ਕਿ ਭਰਾ ਦੇ ਨਾਲ ਨਾਲ ਪ੍ਰੋਡਿਊਸਰ ਬਣੀ ਕੰਗਨਾ ਦੀ ਭੈਣ ਰੰਗੋਲੀ ਅਕਸਰ ਲਾਈਮ ਲਾਈਟ ਤੋਂ ਦੂਰ ਰਹਿੰਦੀ ਹੈ। ਵੈਸੇ ਅਜਿਹਾ ਕੰਗਨਾ ਦੇ ਨਾਲ ਹੀ ਨਹੀਂ ਹੈ, ਬਾਲੀਵੁੱਡ ਵਿਚ ਕਈ ਸਟਾਰ ਅਜਿਹੇ ਹਨ, ਜਿਹਨਾਂ ਦੀਆਂ ਭੈਣਾਂ ਦਾ ਫਿਲਮ ਇੰਡਸਟਰੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਅਜਿਹੇ ਵਿਚ ਇਹਨਾਂ ਨੂੰ ਜਾਨਣ ਦਾ ਮੌਕਾ ਬਹੁਤ ਘੱਟ ਮਿਲਦਾ ਹੈ। ਖਾਸ ਗੱਲ ਇਹ ਹੈ ਕਿ ਕੋਈ ਸਟਾਰ ਪਬਲੀਕਲੀ ਆਉਣ ਤੋਂ ਪਹਿਲਾਂ ਕਈ ਵਾਰ ਸੋਚਦਾ ਹੈ, ਪਰ ਇਹਨਾਂ ਦੇ ਭਰਾ-ਭੈਣਾਂ ਨੂੰ ਜਾਨਣ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ ਅਤੇ ਇਸ ਕਰਕੇ ਇਹ ਬਿੰਦਾਸ ਘੁੰਮਦੇ-ਫਿਰਦੇ ਹਨ।



**ਸ਼ਾਹਰੁਖ ਦੀ ਭੈਣ ਸ਼ਹਿਨਾਜ ਲਾਲਾਰੁਖ**

ਸ਼ਾਹਰੁਖ ਦੀ ਵੱਡੀ ਭੈਣ ਹੈ ਸ਼ਹਿਨਾਜ ਲਾਲਾਰੁਖ। ਸ਼ਹਿਨਾਜ ਨੇ ਸ਼ਾਹਾਰੁਖ ਦਾ ਚੰਗੇ ਅਤੇ ਮਾੜੇ ਵਕਤ ਵਿਚ ਪੂਰਾ ਸਾਥ ਦਿੱਤਾ ਹੈ।

ਮਾਤਾ-ਪਿਤਾ ਦੇ ਦੇਹਾਂਤ ਤੋਂ ਬਾਅਦ ਸ਼ਹਿਨਾਜ ਡਿਪ੍ਰੈਸ਼ਨ ਵਿਚ ਚਲੀ ਗਈ ਸੀ। ਉਸ ਵਕਤ ਸ਼ਾਹਰੁਖ ਨੇ ਆਪਣੀ ਭੈਣ ਦੀ ਪੂਰੀ ਜ਼ਿੰਮੇਵਾਰੀ ਲਈ। ਹਾਲਾਂਕਿ ਸ਼ਾਹਰੁਖ ਦੇ ਉਲਟ ਸ਼ਹਿਨਾਜ ਨੂੰ ਕੈਮਰੇ ਦੇ ਸਾਹਮਣੇ ਆਉਣਾ ਬਿਲਕੁਲ ਪਸੰਦ ਨਹੀਂ ਹੈ। ਉਹ ਕਿਸੇ ਪਾਰਟੀ ਵਿਚ ਜਾਂ ਪਬਲੀਕਲੀ ਬਹੁਤ ਘੱਟ ਦਿਖਾਈ ਦਿੰਦੀ ਹੈ। ਉਹਨਾਂ ਦੇ ਕਰੀਬੀ ਇਸ ਗੱਲ ਦੇ ਲਈ ਉਹਨਾਂ ਨੂੰ ਪਸੰਦ ਕਰਦੇ ਹਨ ਕਿ ਉਹ ਸ਼ਾਹਰੁਖ ਦੀ ਭੈਣ ਹੋਣ ਦੇ ਬਾਅਦ ਵੀ ਇੰਨੇ ਸਧਾਰਨ ਤਰੀਕੇ ਨਾਲ ਰਹਿੰਦੀ ਹੈ।



**ਰਣਬੀਰ ਕਪੂਰ ਅਤੇ ਰਿਦਿਮਾ ਕਪੂਰ**

ਰਿਦਿਮਾ ਰਣਬੀਰ ਦੀ ਵੱਡੀ ਭੈਣ ਹੈ। ਰਿਦਿਮਾ ਦਾ ਵਿਆਹ ਦਿੱਲੀ ਦੇ ਬਿਜਨਸਮੈਨ ਭਰਤ ਸਾਹਨੀ ਨਾਲ ਹੋਇਆ ਹੈ। ਉਹ ਇੰਟੀਰੀਅਰ ਅਤੇ ਫੈਸ਼ਨ ਡਿਜ਼ਾਇਨਰ ਹੈ। ਕਈ ਮੌਕਿਆਂ ਤੇ ਉਹ ਪਰਿਵਾਰ ਦੇ ਨਾਲ ਕੈਮਰੇ ਵਿਚ ਕੈਦ ਹੋਈ ਹੈ। ਰਿਦਿਮਾ ਕਈ ਵਾਰ ਮਾਂ ਨੀਤੂ ਕਪੂਰ ਦੇ ਨਾਲ ਫੋਟੋਸ਼ੂਟ ਵੀ ਕਰਵਾ ਚੱਕੀ ਹੈ।



**ਦੀਪਿਕਾ ਪਾਦੂਕੋਨ ਅਤੇ ਅਨੀਸ਼ਾ ਪਾਦੂਕੋਨ**

ਦੀਪਿਕਾ ਦੀ ਛੋਟੀ ਭੈਣ ਦਾ ਨਾਂ ਅਨੀਸ਼ਾ ਹੈ। ਉਹ ਗੌਲਫ ਪਲੇਅਰ ਹੈ। ਉਸਨੂੰ ਸਪੋਰਟਸ ਨਾਲ ਬਹੁਤ ਲਗਾਅ ਹੈ। ਭੈਣ ਦੀਪਿਕਾ ਵਾਂਗ ਬਾਲੀਵੁੱਡ ਵਿਚ ਕੰਮ ਕਰਨ ਵਿਚ ਉਸਦੀ ਕੋਈ ਦਿਲਚਸਪੀ ਨਹੀਂ ਹੈ। ਅਨੀਸ਼ਾ ਕੁਝ ਐਵਾਰਡ ਫੰਕਸ਼ਨਾਂ ਵਿਚ ਦੀਪਿਕਾ ਦੇ ਨਾਲ ਦਿਖਾਈ ਦਿੰਦੀ ਹੈ।




**ਸਲਮਾਨ ਖਾਨ ਦੀ ਭੈਣ**

ਸਲਮਾਨ ਖਾਨ ਦੀ ਇਕ ਹੋਰ ਭੈਣ ਹੈ ਅਲਵੀਰਾ ਖਾਨ, ਜਿਹਨਾਂ ਨੇ ਬਾਲੀਵੁੱਡ ਐਕਟਰ- ਡਾਇਰੈਕਟਰ ਅਤੁਲ ਅਗਨੀਹੋਤਰੀ ਨਾਲ ਵਿਆਹ ਕੀਤਾ ਹੈ। ਅਲਵੀਰਾ ਤਿੰਨੇ ਭਰਾਵਾਂ ਦੀ ਸਭ ਤੋਂ ਛੋਟੀ ਭੈਣ ਹੈ। ਅਲਵੀਰਾ ਦੇ ਦੋ ਬੱਚੇ ਅਯਾਨ ਅਤੇ ਅਲਿਜਾ ਹਨ।



**ਅਰਜੁਨ ਕਪੂਰ ਦੀ ਭੈਣ ਅੰਸ਼ੁਲਾ**

ਅਰਜੁਨ ਕਪੂਰ ਦੀ ਭੈਣ ਦਾ ਨਾਂ ਅੰਸ਼ੁਲਾ ਹੈ। ਉਹਨਾਂ ਕੋਲੰਬੀਆ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੈ, ਪਰ ਉਹਨਾਂ ਦੀ ਬਾਲੀਵੁੱਡ ਵਿਚ ਕੋਈ ਦਿਲਚਸਪੀ ਨਹੀਂ ਹੈ। ਅੰਸ਼ੁਲਾ ਅਤੇ ਅਰਜੁਨ ਬੋਨੀ ਕਪੂਰ ਦੀ ਪਹਿਲੀ ਪਤਨੀ ਮੋਨਾ ਕਪੂਰ ਦੇ ਬੱਚੇ ਹਨ।



**ਆਲੀਆ ਭੱਟ ਦੀ ਭੈਣ ਸ਼ਾਹੀਨ**

ਆਲੀਆ ਭੱਟ ਦੀ ਭੈਣ ਸ਼ਾਹੀਨ ਫਿਲਮ ਇੰਡਸਟਰੀ ਨਾਲ ਜੁੜੀ ਹੋਈ ਹੈ। ਉਹ ਬਤੌਰ ਸਹਾਇਕ ਡਾਇਰੈਕਟਰ ਫਿਲਮਾਂ ਵਿਚ ਕੰਮ ਕਰ ਚੁੱਕੀ ਹੈ, ਪਰ ਇਸ ਤੋਂ ਬਅਦ ਵੀ ਉਹਨਾਂ ਦੇ ਚਿਹਰੇ ਨੂੰ ਘੱਟ ਲੋਕ ਪਹਿਚਾਣਦੇ ਹਨ। ਸ਼ਾਹੀਨ ਨੇ ਫਿਲਮ 'ਰਾਜ 3' ਵਿਚ ਬਤੌਰ ਸਹਾਇਕ ਡਾਇਰੈਕਟਰ ਆਪਣੇ ਕੈਰੀਅਰ ਦਾ ਆਗਾਜ਼ ਕੀਤਾ ਸੀ।



**ਸੰਜੇ ਦੱਤ ਅਤੇ ਪ੍ਰਿਆ ਦੱਤ**

ਸੁਨੀਲ ਦੱਤ ਅਤੇ ਨਰਗਿਸ ਦੀ ਬੇਟੀ ਅਤੇ ਸੰਜੇ ਦੱਤ ਦੀ ਭੈਣ ਪ੍ਰਿਆ ਦੱਤ। ਪ੍ਰਿਆ ਅੱਜਕਲ੍ਹ ਰਾਜਨੀਤੀ ਵਿਚ ਸਰਗਰਮ ਹੈ। ਉਹ ਸ਼ੁਰੂਆਤ ਤੋਂ ਹੀ ਸਮਾਜ ਸੇਵਾ ਵਿਚ ਸਰਗਰਮ ਰਹੀ ਹੈ। ਬਿਜਨਸਮੈਨ ਓਵਨ ਰੈਨਕਨ ਨਾਲ ਵਿਆ ਕੀਤਾ, ਜੋ ਇਕ ਮਿਊਜ਼ਿਕ ਪ੍ਰਮੋਸ਼ਨ ਕੰਪਨੀ ਵਿਚ ਪਾਰਟਨਰ ਹਨ। ਸੰਜੇ ਦੇ ਨਾਲ ਅਕਸਰ ਹੀ ਪ੍ਰਿਆ ਨਜ਼ਰ ਆਉਂਦੀ ਹੈ।



**ਅਕਸ਼ੈ ਕੁਮਾਰ ਦੀ ਭੈਣ**

ਅਕਸ਼ੈ ਕੁਮਾਰ ਦੀ ਭੈਣ ਅਲਕਾ ਦੇ ਬਾਰੇ ਬਹੁਤ ਹੀ ਘੱਟ ਲੋਕ ਜਾਣਦੇ ਹਨ। ਉਹ ਇਕ ਵਾਰ ਉਦੋਂ ਚਰਚਾ ਵਿਚ ਆਈ ਸੀ, ਜਦੋਂ ਬਿਲਡਰ ਸੁਰਿੰਦਰ ਭਾਟੀਆ ਨਾਲ ਉਹਨਾਂ ਦਾ ਵਿਆਹ ਹੋਇਆ ਸੀ। ਸੁਰਿੰਦਰ ਅਤੇ ਅਲਕਾ, ਦੋਵਾਂ ਦਾ ਇਹ ਦੂਜਾ ਵਿਆਹ ਸੀ। ਸਾਲ 2011 ਵਿਚ 57 ਸਾਲ ਦੇ ਸੁਰਿੰਦਰ ਨੇ ਆਪਣੀ ਪਹਿਲੀ ਪਤਨੀ ਪ੍ਰੀਤੀ ਨੂੰ ਤਲਾਕ ਦੇ ਦਿੱਤਾ ਸੀ। ਹਾਲਾਂਕਿ ਅਲਕਾ ਦੇ ਪਿਤਾ ਇਸ ਵਿਆਹ ਦੇ ਖਿਲਾਫ ਸਨ ਪਰ ਅਕਸ਼ੈ ਅਤੇ ਟਵਿੰਕਲ ਨੇ ਪੂਰੇ ਮਾਮਲੇ ਦਾ ਹੱਲ ਕੱਢਿਆ ਅਤੇ ਧੂੰਮ ਧਾਮ ਨਾਲ ਅਲਕਾ ਦਾ ਦੂਜਾ ਵਿਆਹ ਕੀਤਾ।



**ਅਭਿਸ਼ੇਕ ਬਚਨ ਅਤੇ ਸ਼ਵੇਤਾ ਬਚਨ ਨੰਦਾ**

ਅਮਿਤਾਬ ਅਤੇ ਜਯਾ ਬਚਨ ਦੀ ਲੜਕੀ ਅਤੇ ਅਭਿਸ਼ੇਕ ਦੀ ਭੈਣ ਸ਼ਵੇਤਾ ਬਚਨ ਨੰਦਾ। ਫਿਲਮਾਂ ਤੋਂ ਹਮੇਸ਼ਾ ਦੂਰ ਰਹੀ ਅਤੇ ਘਰ ਸੰਭਾਲਿਆ। ਬਿਜਨਸਮੈਨ ਨਿਖਿਲ ਨੰਦਾ ਨਾਲ ਵਿਆਹ ਕਰਵਾਇਆ। ਨਿਖਿਲ ਰਾਜ ਕਪੂਰ ਦੀ ਲੜਕੀ ਸ਼ਰੁਤਾ ਨੰਦਾ ਦੇ ਬੇਟੇ ਹਨ।



**ਰਿਤਿਕ ਦੀ ਭੈਣ ਸੁਨੈਨਾ**

ਰਿਤਿਕ ਦੀ ਵੱਡੀ ਭੈਣ ਦਾ ਨਾਂ ਸੁਨੈਨਾ ਰੋਸ਼ਨ ਹੈ। ਸੁਨੈਨਾ ਆਪਣੇ ਪਤੀ ਤੋਂ ਅਲੱਗ ਹੋ ਚੁੱਕੀ ਹੈ। ਉਹਨਾਂ ਨੂੰ ਪੰਜ ਸਾਲ ਤੋਂ ਕੈਂਸਰ ਸੀ ਪਰ ਕੀਮੋਥਰੈਪੀ ਕਰਾਉਣ ਤੋਂ ਬਾਅਦ ਹੁਣ ਉਹ ਕੈਂਸਰ ਤੋਂ ਮੁਕਤ ਹੋ ਚੁੱਕੀ ਹੈ। ਸੁਨੈਨਾ ਦਾ ਨਾਂ ਉਹਨਾਂ ਲੋਕਾਂ ਵਿਚ ਸ਼ਾਮਲ ਹੈ, ਜਿਹਨਾਂ ਨੇ ਕੈਂਸਰ ਤੋਂ ਹਾਰ ਨਹੀਂ ਮੰਨੀ। ਸੁਨੈਨਾ ਫਿਲਮ 'ਕਾਈਟਸ' ਅਤੇ 'ਕ੍ਰੇਜ਼ੀ 4' ਵਿਚ ਕੋ-ਪ੍ਰੋਡਿਊਸਰ ਦਾ ਕੰਮ ਕਰ ਚੁੱਕੀ ਹੈ।



**ਬਿਪਾਸ਼ਾ ਬਸੂ ਦੀ ਭੈਣ ਬਿਜਾਯਤਾ ਅਤੇ ਬਿਦਿਸ਼ਾ**

ਬਿਪਾਸ਼ਾ ਬਸੂ ਫਿਲਮ ਅਤੇ ਉਸ ਨਾਲ ਜੁੜੇ ਕੰਮਾਂ ਦੇ ਸਿਲਸਿਲੇ ਵਿਚ ਜਦੋਂ ਵੀ ਬਿਜ਼ੀ ਹੁੰਦੀ ਹੈ ਤਾਂ ਉਹਨਾਂ ਦੀ ਭੈਣ ਵਿਜਯਤਾ ਅਤੇ ਬਿਦਿਸ਼ਾ ਉਹਨਾਂ ਨੂੰ ਕੰਪਨੀ ਦਿੰਦੀਆਂ ਹਨ। ਬਿਪਾਸ਼ਾ ਆਪਣੀਆ ਦੋਵੇਂ ਭੈਣਾਂ ਦੇ ਨੇੜੇ ਹਨ ਅਤੇ ਵ੍ਹ ਉਹਨਾਂ ਦੀਆਂ ਇੱਛਾਵਾਂ ਦਾ ਪੂਰਾ ਖਿਆਲ ਵੀ ਰੱਖਦੀ ਹੈ। ਇਹਨਾਂ ਤਿੰਨੇ ਭੈਣਾਂ ਨੂੰ ਕਈ ਮੌਕਿਆਂ ਤੇ ਇਕੱਠਿਆਂ ਦੇਖਿਆ ਗਿਆ ਹੈ, ਫਿਰ ਕਿਸੇ ਹੋਟਲ ਵਿਚ ਡਿਨਰ ਦੀ ਗੱਲ ਹੋਵੇ ਜਾਂ ਕਿਸੇ ਸਿਨੇਪਲੈਕਸ ਵਿਚ ਫਿਲਮ ਦੇਖਣ ਦੀ।

## ਬਾਲੀਵੁੱਡ ਦੀਆਂ ਇਨ੍ਹਾਂ ਲੜਕੀਆਂ ਨੇ ਬਣਾਈ ਪੂਰੀ ਦੁਨੀਆ 'ਚ ਪਛਾਣ

ਗਲੈਮਰ ਵਰਲਡ ਦੀ ਗੱਲ ਕਰੀਏ ਤਾਂ ਬਾਲੀਵੁੱਡ ਦੀਆਂ ਹਸੀਨਾਵਾਂ ਸਭ ਤੋਂ ਅੱਗੇ ਹਨ। ਭਾਰਤ 'ਚ ਹੀ ਨਹੀਂ ਸਗੋਂ ਬਾਲੀਵੁੱਡ ਦੀਆਂ ਕੁਝ ਹਸੀਨਾਵਾਂ ਨੇ ਪੂਰੀ ਦੁਨੀਆ 'ਚ ਆਪਣੀ ਪਛਾਣ ਬਣਾਈ ਹੈ। ਐਸ਼ਵਰਿਆ ਰਾਏ ਬੱਚਨ ਨੇ ਬਾਲੀਵੁੱਡ 'ਚ ਅਦਾਕਾਰਾ ਦੇ ਤੌਰ 'ਤੇ ਆਪਣੀ ਵੱਖ ਪਛਾਣ ਬਣਾਈ ਹੈ। 1994 'ਚ ਐਸ਼ ਦੇ ਸਿਰ 'ਤੇ ਮਿਸ ਵਰਲਡ ਦਾ ਤਾਜ ਸਜਿਆ ਜਿਸ ਨਾਲ ਪੂਰੀ ਦੁਨੀਆ ਦੀਆਂ ਖੂਬਸੂਰਤ ਔਰਤਾਂ ਦੀ ਸੂਚੀ 'ਚ ਉਨ੍ਹਾਂ ਦਾ ਨਾਮ ਸ਼ਾਮਲ ਹੋਇਆ। ਐਸ਼ਵਰਿਆ ਰਾਏ ਨੇ ਹਿੰਦੀ ਦੇ ਇਲਾਵਾ ਤੇਲਗੂ, ਤਾਮਿਲ, ਬੰਗਾਲੀ ਅਤੇ ਅੰਗਰੇਜ਼ੀ ਫਿਲਮਾਂ 'ਚ ਵੀ ਕੰਮ ਕੀਤਾ ਹੈ।



ਕੈਟਰੀਨਾ ਕੈਫ- ਕੈਟਰੀਨਾ ਕੈਫ ਇਕ ਬਿਰਤਾਨੀ ਭਾਰਤੀ ਅਦਾਕਾਰਾ ਅਤੇ ਮਾਡਲ ਹੈ ਜੋ ਮੁੱਖ ਰੂਪ ਨਾਲ ਹਿੰਦੀ ਫਿਲਮ ਜਗਤ 'ਚ ਕੰਮ ਕਰਦੀ ਹੈ, ਹਾਲਾਂਕਿ ਉਨ੍ਹਾਂ ਨੇ ਕੁਝ ਤੇਲਗੂ ਅਤੇ ਮਲਲਾਇਮ ਫਿਲਮਾਂ 'ਚ ਵੀ ਕੰਮ ਕੀਤਾ ਹੈ। ਹਿੰਦੀ 'ਚ ਇਹ ਕੰਮਜ਼ੋਰ ਹਨ ਪਰ ਆਪਣੀ ਪ੍ਰਤੀਭਾ ਦੇ ਬੱਲ 'ਤੇ ਇਹ ਹਿੰਦੀ ਫਿਲਨ ਪ੍ਰੇਮੀਆਂ ਦੇ ਦਿਲ 'ਤੇ ਰਾਜ ਕਰ ਰਹੀ ਹੈ।

ਪ੍ਰਿਯੰਕਾ ਚੋਪੜਾ- ਪ੍ਰਿਯੰਕਾ ਚੋਪੜਾ ਇਕ ਭਾਰਤੀ ਫਿਲਮ ਅਦਾਕਾਰਾ, ਗਾਇਕਾ ਅਤੇ 2000 ਦੀ ਮਿਸ ਵਰਲਡ ਜੇਤੂ ਹਨ। ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਦੁਨੀਆ ਦੀ ਸਭ ਤੋਂ ਸੈਕਸੀ ਏਸ਼ੀਅਨ ਔਰਤ ਦਾ ਖਿਤਾਬ ਹਾਸਲ ਕੀਤਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਐਕਟਿੰਗ ਤੋਂ ਲੈ ਕੇ ਆਵਾਜ਼ ਤਕ ਲੋਕਾਂ ਨੂੰ ਦੀਵਾਨਾ ਬਣਾ ਚੁੱਕੀ ਹਨ।



ਅਨੁਸ਼ਕਾ ਸ਼ਰਮਾ- ਅਨੁਸ਼ਕਾ ਸ਼ਰਮਾ ਇਕ ਮਾਡਲ ਅਤੇ ਬਾਲੀਵੁੱਡ ਅਦਾਕਾਰਾ ਹਨ। ਇਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2008 'ਚ ਪ੍ਰਦਰਿਸ਼ਤ ਹਿੰਦੀ ਫਿਲਮ ਰਬ ਨੇ ਬਣਾ ਦੀ ਜੋੜੀ ਦੇ ਨਾਲ ਸ਼ੁਰੂ ਕੀਤਾ ਸੀ। ਹੁਣ ਪਹਿਲੀ ਹੋਮ ਪ੍ਰੋਡਕਸ਼ਨ ਫਿਲਮ 'ਐਨ.ਐਚ. 10' ਨਾਲ ਇਹ ਪ੍ਰੋਡਿਊਸਰ ਬਣ ਗਈ। ਇਰੋਸ ਇੰਟਰਨੈਸ਼ਨਲ ਅਤੇ ਫੈਂਟਮ ਫਿਲਮ ਦੇ ਨਾਲ ਮਿਲ ਕੇ ਪਹਿਲੀ ਹੋਮ ਪ੍ਰੋਡਕਸ਼ਨ ਫਿਲਮ 'ਐਨ.ਐਚ. 10' ਪ੍ਰੋਡਿਊਸ ਕਰ ਰਹੀ ਹੈ। ਦੀਪਿਕਾ ਪਾਦੁਕੋਣ ਇਕ ਭਾਰਤੀ ਸੁਪਰਮਾਡਲ ਹੈ, ਬਾਲੀਵੁੱਡ ਸਿਨੇਮਾ 'ਚ ਇਕ ਨਾਇਕਾ ਦੇ ਰੂਪ 'ਚ ਉਭਰੀ। ਬੀਤੇ ਦੋ ਸਾਲਾਂ 'ਚ ਰਿਲੀਜ਼ ਦੀਪਿਕਾ ਦੀਆਂ ਸਾਰੀਆਂ 5 ਹਿੰਦੀ ਫਿਲਮਾਂ ਇਸ ਕਲੱਬ 'ਚ ਸ਼ਾਮਲ ਹੋ ਚੁੱਕੀਆਂ ਹਨ।

## ਗੀਤ

ਗੁਰਦਿਆਲ ਸਿੰਘ 'ਨੂਰਪੁਰੀ'
408-449-2446

ਟਰਾਲੀਆਂ ਦੇ ਵਿਚ ਰੁਲ ਰਹੀਆਂ
ਮੁਟਿਆਰਾਂ ਨੂੰ ਵੇਖੋ।
ਮਹਿਲਾਂ ਵਿਚ ਧਮਾਲਾਂ ਪਾ ਰਹੀਆਂ
ਉਹਨਾਂ ਨ੍ਹਾਰਾਂ ਨੂੰ ਵੇਖੋ।

(1) ਸਿਆਲ ਮਹੀਨਾ ਸਰਦ ਹਵਾਵਾਂ
ਸੀਨਾ ਚੀਰਦੀਆਂ।
ਟਰਾਲੀਆਂ ਦੇ ਵਿਚ ਲਮਕਦੀਆਂ
ਖੋਟੀ ਤਕਦੀਰਾਂ ਦੀਆਂ।
ਸੋਫਿਆਂ ਉਤੇ ਲਿਟ ਰਹੀਆਂ
ਉਹਨਾਂ ਨ੍ਹਾਰਾਂ ਨੂੰ ਵੇਖੋ।
ਟਰਾਲੀਆਂ ਦੇ ਵਿਚ ਰੁਲ੍ਹ ਰਹੀਆਂ....

(2) ਬਾਹਾਂ ਦੇ ਵਿਚ ਚੂੜੇ
ਸੁਫਨੇ ਸੱਜ ਵਿਆਹੀਆਂ ਦੇ।
ਹੱਸਣ ਖੇਡਣ ਦੇ ਦਿਨ
ਪੈ ਗਏ ਫਿੱਕਰ ਕਮਾਈਆਂ ਦੇ।
ਕਾਰਾਂ ਦੇ ਵਿਚ ਘੁੰਮ ਰਹੀਆਂ
ਸਰਕਾਰਾਂ ਨੂੰ ਵੇਖੋ
ਟਰਾਲੀਆਂ ਦੇ ਵਿਚ ਰੁਲ ਰਹੀਆਂ.....

(3) ਪੈਰਾਂ ਦੇ ਵਿਚ ਕੈਂਚੀ ਚੱਪਲਾਂ
ਠੁਰ ਠੁਰ ਕਰਦੀਆਂ
ਦੋ ਵੇਲੇ ਦੀ ਰੋਟੀ ਖਾਤਰ
ਟੁੱਟ ਟੁੱਟ ਮਰਦੀਆਂ
''ਨੂਰਪੁਰੀ'' ਜਿਹੇ ਵਿਹਲੜ
ਟਰਾਲੀਆਂ ਦੇ ਵਿਚ ਰੁਲ ਰਹੀਆਂ
ਮੁਟਿਆਰਾਂ ਨੂੰ ਵੇਖੋ
ਮਹਿਲਾਂ ਵਿਚ ਧਮਾਲਾਂ ਪਾ ਰਹੀਆਂ
ਉਹਨਾਂ ਨ੍ਹਾਰਾਂ ਨੂੰ ਵੇਖੋ...

## ਆਈਂ ਭਾਈ ਡਾਂਗ ਵਾਲਿਆ!



ਗੁੱਡੀ ਚੜ੍ਹੀ ਅਸਮਾਨ ਵਿਚ ਭਾਗੋਆਂ ਦੀ
ਕਿਰਤੀ ਹਉਕੇ ਤੇ ਹਉਕਾ ਹੀ ਭਰੀ ਜਾਂਦੇ।
ਕਈ ਬੁਰਕੀਆਂ ਖਾਣ ਵਿਚ ਮਸਤ ਹੋਏ
ਤੇ ਕਈ ਘੁਰਕੀਆਂ ਦੇਖ ਕੇ ਡਰੀ ਜਾਂਦੇ।
ਰਾਹ ਨਾਬਰੀ ਵਾਲੇ 'ਤੇ ਤੁਰਨ ਕਿੱਦਾਂ
ਮੌਤ ਆਉਣ ਤੋਂ ਪਹਿਲਾਂ ਜੋ ਮਰੀ ਜਾਂਦੇ।
ਲੋਕੀ ਦੇਖ ਕੇ ਬਹੁਤ ਹੈਰਾਨ ਹੁੰਦੇ
ਪੱਥਰ ਪਾਪ ਦੇ ਕਿਸ ਤਰ੍ਹਾਂ ਤਰੀ ਜਾਂਦੇ
'ਕੌੜਾ ਘੁੱਟ' ਭਰ ਲਿਆ ਪੰਜਾਬੀਆਂ ਨੇ
'ਕਿਸਮਤ' ਸਮਝ ਕੇ ਸਾਰਾ ਕੁਝ ਜਰੀ ਜਾਂਦੇ
ਮੋਢੇ ਡਾਂਗ ਉਲਾਰਦਾ ਦਿਸੇ ਕੋਈ ਨਾ
ਬੋਕ ਬੱਕਰੇ ਬੋਹਲ ਨੂੰ ਚਰੀ ਜਾਂਦੇ।

– ਤਰਲੋਚਨ ਸਿੰਘ 'ਦੁਪਾਲ ਪੁਰ'
001- 408-915-1268

## ਸਨਮਾਨ ਗੱਦਾਰਾਂ ਦੇ!

ਲਓ ਦੇਖ ਇਤਿਹਾਸ ਦੇ ਫੋਲ ਵਰਕੇ
ਪਹਿਲੋਂ ਜਿਹੇ ਵਰਤਾਰੇ ਹੀ ਅੱਜ ਦੇ ਨੇ
ਸ਼ਿਸਤਾਂ ਬੱਝਦੀਆਂ ਹੁੰਦੀਆਂ ਹੋਰ ਪਾਸੇ
ਤੀਰ ਹੋਰ ਈ ਕਿੱਧਰੇ ਵੱਜਦੇ ਨੇ।
ਹੱਡ-ਭੰਨ ਮੁਸ਼ੱਕਤਾਂ ਕਰਨ ਵਾਲੇ
ਭੁੱਖੇ ਰਹਿਣ ਤੇ ਵਿਹਲੜ ਹੀ ਰੱਜਦੇ ਨੇ
ਮੀਂਹ ਸੁਣੀਂ ਦਾ ਕਿੱਧਰੇ ਹੋਰ ਵਰ੍ਹਦਾ
'ਬੱਦਲ' ਹੋਰ ਹੀ ਗੁੱਠ ਵਿਚ ਗੱਜਦੇ ਨੇ
ਕਾਰੇ ਦੇਖ ਕੇ ਰੋਜ ਸਿਆਸਤਾਂ ਦੇ
ਨਿਰੇ ਜਾਪਦੇ ਖੇਲ੍ਹ ਮਦਾਰੀਆਂ ਦੇ।
ਹੱਥ ਮਾਰਦੇ ਮੱਥੇ 'ਤੇ ਲੋਕ ਸਾਰੇ
ਮਿਲਦੇ ਦੇਖ ਇਨਾਮ ਗੱਦਾਰੀਆਂ ਦੇ!

# ਸਰਕਾਰਾਂ ਅਤੇ ਰਾਜਨੀਤੀਵਾਨਾਂ ਦੀ ਲਾਪਰਵਾਹੀ ਦਾ ਸ਼ਿਕਾਰ ਹੋ ਰਹੇ ਹਨ ਦੇਸ ਵਿੱਚ ਸਿਕਲੀਗੀਰ

ਬਣਾ ਕੇ ਵੇਚਦੇ ਹਨ। ਇਹ ਲੋਕ ਗਲੀਆਂ ਮੁਹੱਲਿਆਂ ਵਿੱਚ ਚਾਕੂ ਛੁਰੀਆਂ ਅਤੇ ਕੈਂਚੀਆਂ ਤੇਜ਼ ਕਰਨ ਦਾ ਕੰਮ ਕਰਦੇ ਹਨ ਅਤੇ ਤਾਲਿਆਂ ਨੂੰ ਠੀਕ ਕਰਦੇ ਹਨ ਅਤੇ ਉਹਨਾਂ ਦੀਆਂ ਚਾਬੀਆਂ ਵੀ ਬਣਾ ਦਿੰਦੇ ਹਨ। ਇਨ੍ਹਾਂ ਦੀ ਖਸਤਾ ਆਰਥਿਕ ਹਾਲਤ ਹੋਣ ਕਾਰਨ ਇਹ ਗਰੀਬੀ ਵਿੱਚ ਜਿੰਦਗੀ ਵਸਰ ਕਰ ਰਹੇ ਹਨ। ਇਹਨਾਂ ਦਾ ਕੋਈ ਪੱਕਾ ਥਾਂ ਘਰ ਠਿਕਾਣਾ ਨਹੀਂ ਹੈ ਅਤੇ ਨਾ ਹੀ ਇਹਨਾਂ ਦੇ ਬੱਚਿਆਂ



ਦੀ ਪੜ੍ਹਾਈ ਲਈ ਕੋਈ ਪੱਕਾ ਬੰਦੋਬਸਤ ਹੈ। ਇਹਨਾਂ ਦੇ ਜ਼ਿਆਦਾਤਰ ਬੱਚੇ ਅਨਪੜ੍ਹ ਹੀ ਰਹਿੰਦੇ ਹਨ ਅਤੇ ਪਿਤਾ ਪੁਰਖੀ ਕਿੱਤਾ ਅਪਣਾ ਕੇ ਆਪਣੀ ਰੋਜ਼ੀ-ਰੋਟੀ ਚਲਾਉਂਦੇ ਹਨ। ਇੱਕ ਸਿਗਲੀਕਰ ਸਿੱਖ ਜਿਸਦਾ ਨਾਮ ਬਲਵੀਰ ਸਿੰਘ ਉਮਰ 52 ਸਾਲ ਹੈ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸਦਾ ਪਰਿਵਾਰ ਖਰੜ ਨੇੜੇ ਪਿੰਡ ਖਾਨਪੁਰ ਵਿੱਚ ਰਹਿੰਦਾ ਹੈ ਜਿੱਥੇ ਕਿ ਸਿਗਲੀਗਰ ਸਿੱਖਾਂ ਦੇ 14-15 ਘਰ ਹਨ। ਉਸਨੇ ਦੱਸਿਆ ਕਿ ਉਸਦੇ ਪਿਤਾ ਮੇਲਾ ਸਿੰਘ ਵੀ ਕੈ'ਚੀਆਂ ਛੁਰੀਆਂ ਤਿੱਖੀਆਂ ਕਰਨ ਦਾ ਕੰਮ ਕਰਦਾ ਸੀ, ਤਾਇਆ ਬੰਤਾ ਸਿੰਘ ਉਮਰ 95 ਸਾਲ ਅਤੇ ਦਾਦਾ ਅਰਜੁਨ ਸਿੰਘ ਉਮਰ 90 ਸਾਲ ਵੀ ਇਹੀ ਕੰਮ ਕਰਦੇ ਰਹੇ ਹਨ। ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿੰਦੇ ਹੋਏ ਬਲਵੀਰ ਸਿੰਘ ਨੇ ਦੱਸਿਆ ਕਿ ਉਸਦੇ 5 ਬੱਚੇ ਰਿੰਕੂ ਬੇਟਾ ਉਮਰ 19 ਸਾਲ, ਕਾਜਲ ਬੇਟੀ ਉਮਰ 15 ਸਾਲ, ਆਂਚਲ ਬੇਟੀ ਉਮਰ 11 ਸਾਲ, ਮਨਪ੍ਰੀਤ ਬੇਟਾ ਉਮਰ 8 ਸਾਲ ਅਤੇ ਚਰਨਜੀਤ ਉਮਰ 5 ਸਾਲ ਹਨ। ਉਸਨੇ ਦੱਸਿਆ ਕਿ ਉਹ ਹਿਮਾਚਲ ਪ੍ਰਦੇਸ਼ ਦੇ ਕੁੱਲੂ ਮਨਾਲੀ, ਜੰਮੂ, ਧਰਮਸ਼ਾਲਾ, ਹਰਿਆਣਾ ਅਤੇ ਦਿੱਲੀ ਆਦਿ ਸਮੇਤ ਪੰਜਾਬ ਦੇ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ, ਲੁਧਿਆਦਾ, ਰੋਪੜ੍ਹ, ਪਟਿਆਲਾ ਆਦਿ ਇਲਾਕਿਆਂ ਵਿੱਚ ਜਾਕੇ ਕੈਂਚੀਆਂ, ਛੁਰੀਆਂ, ਚਾਕੂ ਤੇਜ਼ ਕਰਨ ਅਤੇ ਤਾਲੇ ਠੀਕ ਕਰਨ ਦਾ ਕੰਮ ਕਰਦਾ ਹੈ।

ਉਸਨੇ ਦੁਖੀ ਮਨ ਨਾਲ ਦੱਸਿਆ ਕਿ ਕਿਸੇ ਵੇਲੇ ਕਪੜੇ ਸਿਉਣ, ਵਾਲ ਕੱਟਣ ਦਾ ਕੰਮ ਕਰਨ ਵਾਲੇ ਲੋਕ ਅਤੇ ਹੋਟਲਾਂ-ਢਾਬਿਆਂ ਵਾਲੇ ਉਨ੍ਹਾਂ ਦਾ ਅਕਸਰ ਇੰਤਜਾਰ ਕਰਦੇ ਸਨ ਪਰੰਤੂ ਹੁਣ ਹੋਲੀ ਹੋਲੀ ਉਨ੍ਹਾਂ ਦਾ ਕੰਮ ਘਟਦਾ ਜਾ ਰਿਹਾ ਹੈ। ਉਸਨੇ ਦੱਸਿਆ ਕਿ ਕਿਸੇ ਵੀ ਸਰਕਾਰ ਅਤੇ ਰਾਜਨੀਤਿਕ ਪਾਰਟੀ ਨੇ ਉਨ੍ਹਾਂ ਦੀ ਭਲਾਈ ਲਈ ਠੋਸ ਕਦਮ ਨਹੀਂ ਚੁੱਕੇ ਹਨ।

ਉਸਨੇ ਦੱਸਿਆ ਕਿ ਸਰਕਾਰ ਵਲੋਂ ਬੇਸ਼ੱਕ ਉਨ੍ਹਾਂ ਨੂੰ ਅਨੁਸੂਚਿਤ ਜਾਤ ਨਾਲ ਸਬੰਧਿਤ ਘੋਸ਼ਿਤ ਕੀਤਾ ਗਿਆ ਹੈ ਪਰੰਤੂ ਹੁਣ ਤੱਕ ਉਨ੍ਹਾਂ ਦੀ ਕਿਸੇ ਨੇ ਸਾਰ ਨਹੀਂ ਲਈ ਹੈ। ਉਸਨੇ ਦੱਸਿਆ ਕਿ ਉਹ ਬਾਕੀ ਪਰਿਵਾਰ ਦੇ ਨਾਲ ਕਿਸੇ ਜਿਮੀਂਦਾਰ ਦੀ ਜਗ੍ਹਾ ਤੇ ਰਹਿ ਰਿਹਾ ਹੈ ਜਿੱਥੇ ਕਿ ਉਸ ਦੇ ਵੱਡੇ ਵਡੇਰੇ ਲੱਗਭੱਗ 100 ਸਾਲ ਪਹਿਲਾਂ ਆਕੇ ਰਹਿਣ ਲੱਗ ਪਏ ਸਨ। ਉਸਨੇ ਦੱਸਿਆ ਕਿ ਸਰਕਾਰ ਵਲੋਂ ਅਨੁਸੂਚਿਤ ਜਾਤਾਂ ਲਈ ਬਣਾਈਆਂ ਗਈਆਂ ਭਲਾਈ ਸਕੀਮਾਂ ਬਾਰੇ ਹੁਣ ਤੱਕ ਉਨ੍ਹਾਂ ਨੂੰ ਕੁੱਝ ਵੀ ਪਤਾ ਨਹੀਂ ਹੈ ਅਤੇ ਨਾਂ ਹੀ ਕਿਸੇ ਤਰਾਂ ਦਾ ਕੋਈ ਲਾਭ ਮਿਲਿਆ ਹੈ।

ਸਰਕਾਰ, ਧਾਰਮਿਕ ਆਗੂਆਂ ਅਤੇ ਰਾਜਨੀਤੀਵਾਨਾਂ ਨੂੰ ਸਾਡੇ ਸਮਾਜ ਦਾ ਗੋਰਵ ਰਹੇ ਇਨ੍ਹਾਂ ਲੋਕਾਂ ਦੀ ਭਲਾਈ ਲਈ ਠੋਸ ਯੋਜਨਾਵਾਂ ਬਣਾਉਣੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ।

# ਗੁਰਦੁਆਰਾ ਸਾਹਿਬ ਲਵਿੰਗਸਟਨ ਵਿਖੇ ਹੋਲੇ ਮਹੱਲੇ ਦਾ ਮਹਾਨ ਪੁਰਬ ਅਤੇ 17ਵਾਂ ਸਾਲਾਨਾ ਨਗਰ ਕੀਰਤਨ ਸ਼ਰਧਾ ਪੂਰਵਕ ਮਨਾਇਆ

*(ਪਹਿਲੇ ਸਫੇ ਦੀ ਬਾਕੀ)*

ਇਸ ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਨੇ ਅਰਦਾਸ ਕੀਤੀ ਤੇ ਮਹਾਨ ਨਗਰ ਕੀਰਤਨ ਸ਼ੁਰੂ ਹੋਇਆ। ਮੇਨ ਫਲੋਟ ਜਿਸ ਉਪਰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੀ, ਤੇ ਰਾਗੀ ਜਥਾ ਸ਼ਬਦ ਗਾਇਨ ਕਰ ਰਿਹਾ ਸੀ। ਸਭ ਤੋਂ ਅੱਗੇ ਪੰਜ ਪਿਆਰੇ ਚੱਲ ਰਹੇ ਸਨ। ਮੇਨ ਫਲੋਟ ਦੇ ਪਿੱਛੇ ਹੋਰ ਫਲੋਟ ਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦਾ ਹੋਇਆ ਅਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਹੋਏ ਸ਼ਾਂਤਮਈ ਤਰੀਕੇ ਨਾਲ ਨਗਰ ਵੱਲ ਵੱਧ ਰਹੇ ਸਨ। ਇਕ ਪਾਸੇ ਤਾਂ ਭਾਈ ਹਰਬੰਸ ਸਿੰਘ ਜੀ ਬਿਲਗੇ ਵਾਲਿਆਂ ਦਾ ਢਾਡੀ ਜਥਾ ਧਾਰਮਿਕ ਸਿੱਖੀ ਵਾਂਰਾਂ ਗਾ ਰਹੇ ਸਨ ਤੇ ਦੂਸਰੇ ਪਾਸੇ ਭਾਈ ਹਰਪ੍ਰੀਤ ਸਿੰਘ ਜੀ (ਵੈਸਟ ਸੈਕਰਾਮੈਂਟੋ ਵਾਲੇ) ਸ਼ਬਦ ਗਾਇਨ ਕਰ ਰਹੇ ਸਨ। ਗੁਰੂ ਘਰ ਦੇ ਹੈਡ ਗ੍ਰੰਥੀ ਗੁਰੂ ਜੀ ਦੀ ਸਵਾਰੀ ਤੇ ਚੌਰ ਸਾਹਿਬ ਕਰ ਰਹੇ ਸਨ ਤੇ ਸਤਿਨਾਮ- ਵਾਹਿਗੂਰੂ ਦਾ ਨਾਮ ਜਪਾ ਰਹੇ ਸਨ।

ਗੁਰਦੁਆਰਾ ਸਾਹਿਬ ਦੀ ਚਾਰ-ਦੀਵਾਰੀ ਦੇ ਅੰਦਰ ਗੁਰਸਿੱਖ ਪਰਿਵਾਰਾਂ ਵੱਲੋਂ ਅਲੱਗ ਅਲੱਗ ਕਿਸਮ ਦੇ ਲੰਗਰ ਸਟਾਲ ਲਗਾਏ ਗਏ ਸਨ, ਜਿਹਨਾਂ ਵਿਚ ਕੁਲਵੰਤ ਸਿੰਘ ਸੰਧੂ ਤੇ ਉਹਨਾਂ ਦੇ ਸਾਥੀਆਂ ਨੇ ਬਾਬਾ ਦੀਪ ਸਿੰਘ ਵੈਲਫੇਅਰ ਸੁਸ-ਾਇਟੀ ਯੂ. ਐਸ. ਏ. ਵੱਲੋਂ ਇਕ ਬਹੁਤ ਵੱਡਾ ਲੰਗਰ ਦਾ ਸਟਾਲ ਜਿਸ ਵਿਚ ਵਿਸ਼ੇਸ਼ ਤੌਰ ਤੇ ਸਰ੍ਹੋਂ ਦਾ ਸਾਗ ਤੇ ਮੱਕੀ ਦੀਆਂ ਗਰਮਾ-ਗਰਮ ਰੋਟੀਆਂ, ਮੱਖਣ, ਦੇਸੀ ਘਿਓ ਨਾਲ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਸੀ। ਇਹਨਾਂ ਦੇ ਨਾਲ ਲੱਸੀ/ ਚਾਹ ਦਾ ਵੀ ਵਿਸ਼ੇਸ਼ ਲੰਗਰ ਸੀ। ਹੋਰਨਾਂ ਸਟਾਲਾਂ ਤੇ ਵੀ ਗਰਮਾ-ਗਰਮ ਛੋਲੇ-ਭਟੂਰੇ, ਪਕੌੜੇ,ਚਾਹ, ਠੰਢੇ, ਆਈਸ ਕਰੀਮ ਆਦਿ ਅਨੇਕਾਂ ਤਰ੍ਹਾਂ ਦੇ ਲੰਗਰ ਲਗਾਏ ਸਨ। ਇਸ ਦੇ ਨਾਲ ਨਾਲ ਦੂਸਰੀ ਤਰਫ ਕੁਝ ਵਪਾਰਕ ਸਟਾਲ ਵੀ ਲਗਾਏ ਗਏ, ਜਿਹਨਾਂ ਵਿਚ ਘੱਟ ਲਾਗਤ ਨਾਲ ਸਮਾਨ ਵੇਚਿਆ ਜਾ ਰਿਹਾ ਸੀ। ਸਿੱਖੀ ਲਿਟਰੇਚਰ ਨਾਲ ਸਬੰਧਤ ਕਿਤਾਬਾਂ ਤੇ ਸੀਡੀ ਵੀਡੀਓ ਦੇ ਵੀ ਸਟਾਲ ਨਜ਼ਰ ਆ ਰਹੇ ਸਨ। ਇਸ ਸ਼ੁਭ ਦਿਹਾੜੇ ਮੌਕੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਸ: ਕੁਲਦੀਪ ਸਿੰਘ ਅਟਵਾਲ ਤੇ ਉਹਨਾਂ ਦੇ ਸਾਥੀਆਂ ਨੇ ਵੀ ਗੁਰੂ ਘਰ ਤੇ ਨਗਰ ਕੀਰਤਨ 'ਚ ਹਾਜ਼ਰੀ ਲਗਵਾਈ। ਹੋਰ ਬਹੁਤ ਸਾਰੇ ਨਾਮੀ ਵਿਅਕਤੀ ਤੇ ਸੰਸਥਾਵਾਂ, ਜਿਹਨਾਂ ਦੇ ਨਾਂ ਵਾਹਿਗੂਰੂ ਜਾਣਦਾ ਹੈ ਤੋਂ ਇਲਾਵਾ ਇਸ ਪ੍ਰਕਾਰ ਮਹਾਨ ਨਗਰ ਕੀਰਤਨ ਸ਼ਹਿਰ ਵਿਚੋਂ ਹੁੰਦਾ ਹੋਇਆ ਗੁਰੂ ਘਰ ਪੀਚ ਐਵੇਨਿਊ 6765 ਪਹੁੰਚਿਆ। ਇਕ ਵਾਰ ਫਿਰ ਸਾਰੇ ਸਮਾਗਮ ਤੇ ਨਗਰ ਕੀਰਤਨ ਮੁਕੰਮਲ ਹੋਣ ਤੇ ਵਾਹਿਗੂਰੂ ਦਾ ਸ਼ੁਕਰਾਨਾ ਅਰਦਾਸ ਕੀਤੀ ਗਈ। ਗੁਰਦ-ਆਰਾ ਸਾਹਿਬ ਦੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦਾ ਰਾਗੀ, ਢਾਡੀ, ਕਥਾਵਾਚਕ ਅਤੇ ਸਾਰੇ ਸੇਵਾਦਾਰਾਂ, ਹੋਰ ਜਿਹਨਾਂ ਗੁਰਸਿੱਖ ਪਰਿਵਾਰਾਂ ਨੇ ਲੰਗਰ ਦੀ ਤੇ ਹੋਰ ਸਟਾਲ ਲਗਾਏ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਗਿਆ।

# 'ਨਾਨਕ ਸ਼ਾਹ ਫਕੀਰ' ਸਿੱਖੀ ਦੇ ਬੁਨਿਆਦੀ ਸਿਧਾਂਤ ਦੇ ਉਲਟ

**ਜਲੰਧਰ-** ਦਲ ਖਾਲਸਾ ਨੇ ਕਿਹਾ ਹੈ ਕਿ ਫਿਲਮ 'ਨਾਨਕ ਸ਼ਾਹ ਫਕੀਰ' ਵਿਚ ਸਿੱਖੀ ਦੇ ਬੁਨਿਆਦੀ ਸਿਧਾਂਤ ਨੂੰ ਚੁਣੌਤੀ ਦੇਣ ਅਤੇ ਤਹਿਸ-ਨਹਿਸ ਕਰਨ ਦੇ ਖਤਰਨਾਕ ਬੀਜ ਮੌਜੂਦ ਹਨ, ਇਸ ਲਈ ਇਹ ਫਿਲਮ ਰਿਲੀਜ਼ ਨਹੀਂ ਹੋਣੀ ਚਾਹੀਦੀ। ਫਿਲਮ ਦੇ ਨਿਰਮਾਤਾ ਹਜਰੰਦਰ ਸਿੰਘ ਸਿੱਕਾ ਨੂੰ ਲਿਖੇ ਖਤ ਵਿਚ ਜਥੇਬੰਦੀ ਨੇ ਸਖਤ ਸ਼ਬਦਾਂ ਵਿਚ ਕਿਹਾ ਹੈ ਕਿ ਉਨ੍ਹਾਂ ਵਲੋਂ ਬਣਾਈ ਫਿਲਮ ਰਾਹੀਂ ਉਹ ਨਾ ਸਿਰਫ ਆਪ ਖੁਦਕੁਸ਼ੀ ਕਰਨ ਜਾ ਰਹੇ ਹਨ ਸਗੋਂ ਸਿੱਖ ਕੌਮ ਨੂੰ ਵੀ ਉਸੇ ਰਾਹ ਵੱਲ ਧੱਕ ਰਹੇ ਹਨ । ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖੀ, ਇਕ ਅਕਾਲ ਪੁਰਖ ਜੋ ਸਰਬ-ਵਿਆਪੀ, ਸਰਬ-ਸ਼ਕਤੀਮਾਨ ਅਤੇ ਨਿਰਾਕਾਰ ਹੈ ਅਤੇ ਸ਼ਬਦ-ਗੁਰੂ ਦੇ ਸਿਧਾਂਤ 'ਤੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੂੰ ਮਨੁੱਖੀ ਜਾਮੇ ਵਿਚ ਦਿਖਾ ਕੇ ਕੰਪਿਊਟਰ ਤਕਨੀਕ ਰਾਹੀਂ ਉਨ੍ਹਾਂ ਦੀ ਦੇਹ ਘਾੜਤ ਕਰਕੇ ਜਾਂ ਚਿਹਰਾ ਧੁੰਦਲਾ ਕਰਕੇ, ਸ੍ਰੀ ਸਿੱਕਾ ਨੇ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਦੀਆਂ ਜੜ੍ਹਾਂ ਉਤੇ ਵਾਰ ਕੀਤਾ ਹੈ, ਜੋ ਕਿਸੇ ਵੀ ਸੱਚੇ ਸਿੱਖ ਨੂੰ ਬਰਦਾਸ਼ਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਕਈ ਹੋਰਨਾਂ ਨੂੰ ਵਧੇਰੇ ਘਾਤਕ ਰਾਹ ਦਿਖਾਏਗੀ।



ਉਨ੍ਹਾਂ ਨਿਰਮਾਤਾ ਨੂੰ ਫਿਲਮ ਵਾਪਸ ਲੈਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਇਸ ਫਿਲਮ ਨੂੰ ਵਾਪਸ ਨਾ ਲਿਆ ਗਿਆ ਤਾਂ ਇਸ ਤੋਂ ਬਾਅਦ ਨਿਕਲਣ ਵਾਲੇ ਨਤੀਜਿਆਂ ਲਈ ਉਹ ਆਪ ਜ਼ਿੰਮੇਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸਿੱਖ ਪੰਥ, ਪ੍ਰਚਾਰ-ਪ੍ਰਸਾਰ ਜਾਂ ਬੋਲਣ ਦੀ ਆਜ਼ਾਦੀ ਦੇ ਬੁਰਕੇ ਹੇਠ ਸਿੱਖੀ ਸਿਧਾਂਤਾਂ ਅਤੇ ਪ੍ਰੰਪਰਾਵਾਂ ਨੂੰ ਤੋੜਨ-ਮਰੋੜਨ ਜਾਂ ਉਸ ਨਾਲ ਖਿਲਵਾੜ ਕਰਨ ਦੀ ਇਜ਼ਾਜਤ ਨਹੀਂ ਦੇ ਸਕਦੇ। ਉਨ੍ਹਾਂ ਮੰਨਿਆ ਕਿ ਸਿੱਖ ਗੁਰੂ ਸਾਹਿਬਾਨਾਂ ਦੇ ਕਾਲਪਨਿਕ ਚਿੱਤਰ, ਤਸਵੀਰ ਰੂਪ ਵਿਚ ਚਿਰਾਂ ਤੋਂ ਪ੍ਰਚੱਲਿਤ ਹਨ।

ਉਨ੍ਹਾਂ ਕਿਹਾ ਕਿ ਇਹ ਵੀ ਸੱਚ ਹੈ ਕਿ ਇਹ ਪ੍ਰਚੱਲਿਤ ਰੁਝਾਨ ਸਰਾਸਰ ਗਲਤ ਹੈ, ਮਰਿਆਦਾ ਦੀ ਉਲੰਘਣਾ ਹੈ ਅਤੇ ਕੌਮ ਦਾ ਇਸ ਨੂੰ ਸਮੇਂ ਸਿਰ ਨਾ ਰੋਕ ਪਾਉਣਾ, ਸਿੱਖਾਂ ਅੰਦਰ ਆ ਚੁੱਕੀ ਕਮਜ਼ੋਰੀ ਅਤੇ ਅਣਗਹਿਲੀ ਦੀ ਨਿਸ਼ਾਨੀ ਹੈ।

# ਮਨਮੋਹਨ ਸਿੰਘ ਨੂੰ ਸੁਪਰੀਮ ਕੋਰਟ ਵੱਲੋਂ ਰਾਹਤ ਮਿਲੀ

**ਨਵੀਂ ਦਿੱਲੀ-** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਰਾਹਤ ਦਿੰਦਿਆਂ, ਸੁਪਰੀਮ ਕੋਰਟ ਨੇ ਹਿੰਦਾਲੋਕ ਨੂੰ ਤਾਲਾਬੀਰਾ-2 ਕੋਇਲਾ ਬਲਾਕ ਅਲਾਟ ਕਰਨ ਵਿੱਚ ਬੇਨੇਮੀਆਂ ਦੇ ਕੇਸ ਵਿੱਚ 8 ਅਪਰੈਲ ਨੂੰ ਟ੍ਰਾਇਲ ਕੋਰਟ ਦੇ ਸਾਹਮਣੇ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਜਾਰੀ ਕੀਤੇ ਸੰਮਨਾਂ 'ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਵੀ ਗੋਪਾਲ ਗੌੜਾ ਅਤੇ ਸੀ. ਨਗੱਪਨ ਦੇ ਬੈਂਚ ਨੇ ਇਸ ਕੇਸ ਵਿੱਚ ਟ੍ਰਾਇਲ ਕੋਰਟ ਦੀ ਕਾਰਵਾਈ 'ਤੇ ਵੀ ਰੋਕ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਬੈਂਚ ਨੇ ਟ੍ਰ-ਾਇਲ ਕੋਰਟ ਦੇ ਜੱਜ ਭਰਤ ਪ੍ਰਾਸ਼ਰ ਵੱਲੋਂ ਸੰਮਨ ਕੀਤੇ ਪੰਜ ਹੋਰਨਾਂ ਨੂੰ ਵੀ ਰਾਹਤ ਦੇ ਦਿੱਤੀ ਹੈ। ਇਨ੍ਹਾਂ ਵਿੱਚ ਆਦਿੱਤਿਆ ਬਿਰਲਾ ਗਰੁੱਪ ਦੇ ਚੇਅਰਮੈਨ ਕੁਮਾਰ ਮੰਗਲਮ ਬਿਰਲਾ, ਉਸ ਵੇਲੇ ਦੇ ਕੋਇਲਾ ਸਕੱਤਰ ਪੀ ਸੀ ਪਾਰੇਖ, ਹਿੰਦਾਲਕੋ ਦੇ ਪ੍ਰਬੰਧਕੀ ਨਿਰਦੇਸ਼ਕ ਡੀ ਭੱਟਾਚਾਰੀਆ ਅਤੇ ਬਿਰਲਾ ਗਰੁੱਪ ਦੀ ਇਕ ਹੋਰ ਸਹਾਇਕ ਕੰਪਨੀ ਏਬੀਐਮਪੀ ਸੀਐਲ ਦੇ ਕਾਰਜਕਾਰੀ ਮੁਖੀ ਸ਼ੁਬੇਂਦੂ ਅਮਿਤਾਭ ਸ਼ਾਮਲ ਹਨ।

ਸੁਪਰੀਮ ਕੋਰਟ ਨੇ ਸੰਮਨ ਮਨਸੂਖ ਕਰਨ ਲਈ ਪਾਈ ਗਈ ਮਨਮੋਹਨ ਸਿੰਘ ਦੀ ਅਪੀਲ 'ਤੇ ਸੀਬੀਆਈ ਤੋਂ ਜਵਾਬ ਮੰਗਿਆ ਹੈ। ਇਸ ਤੋਂ ਪਹਿਲਾਂ ਅਪੀਲਕਰਤਾ ਦੇ ਵਕੀਲ ਕਪਿਲ ਸਿੱਬਲ ਨੇ ਕਿਹਾ ਸੀ ਕਿ ਟ੍ਰਾਇਲ ਕੋਰਟ ਵੱਲੋਂ ਇਹ ਸਿੱਟਾ ਕੱਢ ਲੈਣਾ ਗਲਤ ਹੈ ਕਿ ਕੋਇਲਾ ਬਲਾਕ ਦੀ ਅਲਾਟਮੈਂਟ ਵਿੱਚ ਪਹਿਲੀ ਨਜ਼ਰੇ ਕੋਈ ਗੜਬੜ ਹੋਈ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਕੋਇਲਾ ਮੰਤਰੀ ਹੁੰਦਿਆਂ ਮਨਮੋਹਨ ਸਿੰਘ ਨੂੰ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਅਤੇ ਸਕਰੀਨਿੰਗ ਕਮੇਟੀ ਦੇ ਅਧਿਕਾਰੀਆਂ ਵਿੱਚੋਂ ਕਿਸੇ ਇਕ ਧਿਰ ਦੀਆਂ ਸਿਫਾਰਸ਼ਾਂ ਦੀ ਚੋਣ ਕਰਨੀ ਪੈਣੀ ਸੀ।

ਲੋਕਰਾਜੀ ਤੇ ਸੰਘੀ ਢਾਂਚੇ ਵਿੱਚੋਂ ਪ੍ਰਧਾਨ ਮੰਤਰੀ ਆਪਣੇ ਅਫਸਰਾਂ ਨਾਲੋਂ ਮੁੱਖ ਮੰਤਰੀ ਦੇ ਵਿਚਾਰਾਂ ਨੂੰ ਵੱਧ ਵਜ਼ਨ ਦਿੰਦੇ ਹਨ, ਜਿਸ ਕਰਕੇ ਉਨ੍ਹਾਂ ਹਿੰਦਾਲਕੋ ਲਈ ਦੋ ਕੋਇਲਾ ਬਲਾਕ ਰਾਖਵੇਂ ਲਈ ਦੋ ਕੋਇਲਾ ਬਲਾਕ ਰਾਖਵੇਂ ਕੀਤੇ ਸਨ। ਸ੍ਰੀ ਸਿੱਬਲ ਨੇ ਕਿਹਾ ਕਿ ਸਕਰੀਨਿੰਗ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਅਣਡਿੱਠ ਕਰਨਾ ਕੋਈ ਅਪਰਾਧ ਨਹੀਂ ਹੈ। ਲੰਘੀ 11 ਮਾਰਚ ਨੂੰ ਟ੍ਰਾਇਲ ਕੋਰਟ ਨੇ ਆਪਣੇ ਹੁਕਮ ਵਿੱਚ ਆਖਿਆ ਸੀ ਕਿ ਕੋਇਲਾ ਬਲਾਕ ਦੀ ਅਲਾਟਮੈਂਟ ਸਬੰਧੀ ਕਥਿਤ ਸਾਜ਼ਿਸ਼ ਤੇ ਬੇਨੇਮੀ ਵਿੱਚ ਮਨਮੋਹਨ ਸਿੰਘ ਦੀ ਪਹਿਲੀ ਨਜ਼ਰੇ ਭੂਮਿਕਾ ਦੇ ਸਬੂਤ ਮਿਲਦੇ ਹਨ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਟਰਲਕ ਵਿਖੇ ਧਾਰਮਿਕ ਕਵੀ ਦਰਬਾਰ 5 ਅਪ੍ਰੈਲ ਨੂੰ

**ਟਰਲਕ (ਪ੍ਰਮਿੰਦਰ ਸਿੰਘ ਪ੍ਰਵਾਨਾ)-** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਇਕ ਧਾਰਮਿਕ ਕਵੀ ਦਰਬਾ ਜੋ ਵਿਸਾਖੀ ਪੁਰਬ ਨੂੰ ਸਮਰਪਿਤ ਹੋਵੇਗਾ, 5 ਅਪ੍ਰੈਲ 2015 ਦਿਨ ਐਤਵਾਰ ਨੂੰ ਦੁਪਹਿਰੇ 12.15 ਤੇ ਗੁਰਦੁਆਰਾ ਗੁਰੂ ਨਾਨਕ ਸਾਹਿਬ ਟਰਲਕ ਵਿਖੇ ਸਜਾਇਆ ਜਾਵੇਗਾ। ਇਸ ਕਵੀ ਦਰਬਾਰ ਵਿਚ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਰਾਜਵਿੰਦਰ ਕੌਰ, ਮਹਿੰਦਰਪਾਲ ਸਿੰਘ, ਰਣਜੀਤ ਸਿੰਘ ਅਤੇ ਹੋਰ ਕਵੀ ਸ਼ਾਮਲ ਹੋਣਗੇ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"

ਦਾ ਜਵਾਬ ਨਾ ਦਿੱਤਾ ਤੇ ਦੂਸਰੇ ਬੱਚਿਆਂ ਨਾਲ ਆਪੂੰ ਖਾਲੀ ਹੱਥ ਜਮਾਤ ਵੱਲ ਮੁੜ ਆਇਆ। ਮਾਸਟਰ ਨੇ ਸਾਰਿਆਂ ਬੱਚਿਆਂ ਦੇ ਹੱਥ ਗੰਨੇ ਦੇਖੇ ਪਰ ਇਕ ਲੜਕਾ ਬਿਲਕੁਲ ਖਾਲੀ ਹੱਥ ਸੀ। ਮਾਸਟਰ ਨੇ ਪੁੱਛਿਆ, "ਕਿਉਂ ਬਈ...? ਤੇਰੇ ਕੋਲੋਂ ਨਹੀਂ ਗੰਨਾ ਟੁੱਟਾ।'' "ਮਾਸਟਰ ਜੀ! ਕੀ ਗੱਲਾਂ ਪਏ ਕਰਦੇ ਹੋ। ਤੁਸੀਂ ਤਾਂ ਸਾਨੂੰ ਕਈ ਵਾਰੀ ਸਿੱਖਿਆ ਦਿੱਤੀ ਆ, ਅਖੇ ਚੋਰੀ ਨਹੀਂ ਕਰਨੀ, ਝੂਠ ਨਹੀਂ ਬੋਲਣਾ। ਕਿਉਂਕਿ ਪ੍ਰਮਾਤਮਾ ਹਰ ਜਗ੍ਹਾ ਹੈ। ਉਹ ਹਰ ਜਗ੍ਹਾ ਸਾਡੇ ਤੇ ਨਜ਼ਰ ਰੱਖਦਾ। ਫਿਰ ਮੈਂ ਚੋਰੀ ਗੰਨਾ ਕਿਉਂ ਭੰਨਦਾ...।'' ਮਾਸਟਰ ਨੇ ਜਦੋਂ ਉਸ ਲੜਕੇ ਦੇ ਮੂੰਹੋਂ ਇਹ ਸਾਰਾ ਕੁਝ ਸੁਣਿਆ ਤਾਂ ਉਸਨੂੰ ਗਲ਼ ਨਾਲ ਲਾ ਲਿਆ ਅਤੇ ਕਿਹਾ, "ਸ਼ਾਬਾਸ਼ ਪੁੱਤਰ...। ਤੂੰ ਪ੍ਰੀਖਿਆ ਵਿਚੋਂ ਪਾਸ ਹੋ ਗਿਆ ਹੈ। ਮੈਂ ਤਾਂ ਬਸ, ਇਕ ਪ੍ਰੀਖਿਆ ਲਈ ਸੀ। ਭਾਵੇਂ ਤੂੰ ਇਕੋ ਪਾਸ ਹੋਇਆਂ। ਚਲੋ ਇਸ ਹਨ੍ਹੇਰੇ ਵਿਚ ਆਸ ਦੀ ਕਿਰਨ ਤਾਂ ਜਾਗੀ।''

ਮਾਸਟਰ ਦੇ ਪਿਆਰ ਦੁਲਾਰ ਨਾਲ ਉਸ ਲੜਕੇ ਦਾ ਚਿਹਰਾ ਦਗਣ ਲਗ ਪਿਆ। ਹੁਣ ਬਾਕੀ ਦੇ ਬੱਚਿਆਂ ਨੂੰ ਆਪਣੇ ਹੱਥਾਂ ਵਿਚ ਫੜੇ ਹੋਏ ਮਿੱਠੇ ਗੰਨੇ ਵੀ ਕੌੜੇ ਲੱਗ ਰਹੇ ਸੀ।

# Raja SWEETS & CATERING
AUTHORIZED CATERER FOR MAJOR 5-STAR HOTELS



Raja Items Serving
- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

Raja Catering Service
- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

Raja Additional Service
- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us
Raja Sweets & Catering
Work (510)489-9100 • Cell (510)715-1619
msbains@rajasweets.com • www.rajasweets.com
www.facebook.com/rajasweetsandcatering
www.twitter.com/RAJASWEETS



# INDIA MARKET
SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



The Threading queen
threading & HEENA TATTOOS
We accept EBT cards
Call for appointment
(916) 297-0150, (916) 316-8199

Eyebrow Threading & Henna Tattoo (each hand)
Only for $ 5.00
(Regular $ 8.00)
Walk In Welcome
Mon-Sat 10am to 7 pm

1265 Pleasant Grove Blvd. # 100 Roseville, CA 95747 916-786-7666
5203 Elkhorn Blvd.Sacramento, CA 95842 916-338-5511



# INDIA BAZAAR



Jai Ram Gaught
Harjit Gaught (Happy)

**Indian, Pakistani & Fijjian Groceries**

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
1304-E HAMMER LANE, Suite 12, STOCKTON CA, 95210



# Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜ੍ਹੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਢੁੱਗਾ ਅਤੇ ਗੁਰਜੀਤ ਕੌਰ ਢੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138

# PCS SACRAMENTO

Non Profit **Presents** Since 1990 (USA)

## 26ਵਾਂ ਵਿਸਾਖੀ ਮੇਲਾ

# Visakhi Mela





**Featuring : Songs, Gidha & Bhangra, Dances, Skits and Much More**

**Celebration On Saturday 18th April 2015 at 3:00 P.M.**

## S.E.S. Hall

**10427 E. STOCKTON BLVD. ELK GROVE, CA 95624**

Spcl. Appearance
**Bhangra & Gidda**



ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜੇਬ ਕਾਹਲੋਂ, ਰਸ਼ਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੋਹਲ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਭੰਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੰਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਦਲਜੀਤ ਸਿੰਘ ਲੋਪੋਂ, ਭੋਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਜਤਿੰਦਰ ਸਿੰਘ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਇੰਦਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ ਫਲੋਰੀਨ), ਬੱਗਾ ਪੈਲੇਸ, ਇੰਡੀਆ ਹਾਉਸ ਆਫ਼ ਗਰੋਸਰੀ, ਦੇਸੀ ਬਾਜ਼ਾਰ, ਇੰਡੀਆ ਸਪਾਈਸਜ਼ ਐਂਡ ਮਿਊਜ਼ਿਕ ਇਨ ਐਲਕਗ੍ਰੋਵ, ਰਾਜਿੰਦਰ ਸਿੰਘ, ਗੁਰਨੇਕ ਸਿੰਘ, ਜਸਵਿੰਦਰ ਸੰਧੂ, ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਢਿਲੋਂ (ਮੋਡੈਸਟੋ), ਮਨਪ੍ਰੀਤ ਸਿੰਘ, ਪਰਮਿੰਦਰਜੀਤ ਸਿੰਘ, ਜਸਵੰਤ ਸਿੰਘ, ਗੁਰਚੇਤਨ ਸਿੰਘ, ਮਨਜੀਤ ਸਿੰਘ, ਕੁਲਵਿੰਦਰ ਬੈਂਬੀ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਜਸਵੀਰ ਬਾਂਦੀ (World Financial Group), ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਅਟਵਾਲ ਬ੍ਰਦਰਜ਼ (ਮਰਸਿੱਦ) Shaheed Baba Deep Singh Ji Sports Club ਸੁਖਚੈਨ ਸਿੰਘ ਅਤੇ ਕਿਰਨਜੀਤ ਢੱਡਾ।

For More Information Please Contact : *Participation:* **Rashpal Pharwala (916) 880-0531**, *Stalls:* **Tirath Sahota (916) 271-8382, Amrik Parhar (916) 502-0064**, *Host by:* **Jaswant S. Shad (209) 992-7185**

**ADMISSION FREE** Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

**Website : www.sacpcs.com**

Printer : Barapind Printing Press (E-mail: barapindpress@gmail.com)